

# ਮੁੰਨਾ ਕੋਹ ਲਹੌਰ

## ਅਫ਼ਜ਼ਲ ਅਹਿਸਨ ਰੰਧਾਵਾ



ਪਹਿਲੀ ਸਤੰਬਰ 1937 ਨੂੰ ਅੰਮ੍ਰਿਤਸਰ ਵਿਚ ਪੈਦਾ ਹੋਏ ਸਾਂਝੇ ਪੰਜਾਬ ਦੇ ਵਾਰਸ ਤੇ ਸ਼੍ਰੋਮਣੀ ਪੰਜਾ ਸਾਹਿਤਕਾਰ ਅਫ਼ਜ਼ਲ ਅਹਿਸਨ ਰੰਧਾਵਾ ਕੋਲ ਮੁੱਢ-ਕਦੀਮੀ ਪੰਜਾਬ ਦੀ ਵਿਸ਼ਾਲਤਾ ਜਿੱਡਾ ਅਮੀ ਵਿਰਸਾ ਤੇ ਵਸੀਹ ਤਜਰਬਾ ਹੈ। ਵਿਰਸੇ ਦੇ ਖ਼ਮੀਰ ਤੇ ਜ਼ਮੀਰ ਦੀ ਸੱਦ ਵਿੱਚੋਂ ਕਮਾਏ ਅਨੁਭਵ ਨੂੰ ਉਸ ਪੂਰੀ ਸ਼ਿੱਦਤ ਨਾਲ ਆਪਣੀਆਂ ਰਚਨਾਵਾਂ ਵਿਚ ਉਭਾਰਿਆ ਹੈ। ਉਸਦੀ ਹਰ ਰਚਨਾ ਮੱਕਾਰ ਜੀਵ ਦੀਆਂ ਅਨੇਕ ਪਰਤਾਂ ਉਘੇੜਦੀ, ਬੰਦੇ ਨੂੰ ਆਪਣੇ ਅੰਤਰੀਵ ਸੱਚ ਦੇ ਨੇੜੇ ਲੈ ਜਾਂਦੀ ਹੈ।

—ਜਤਿੰਦਰਪਾਲ ਸਿੰਘ ਜੌਲੀ


ISBN 81-7205-069-0

9 788172 050696


ਮੁੰਨਾ ਕੋਹ ਲਹੌਰ

ਅਫ਼ਜ਼ਲ ਅਹਿਸਨ ਰੰਧਾਵਾ


Academy of the Punjab in North America: http://www.apnaorg.com

**ਲਿਖਾਰੀ ਦੀਆਂ ਹੋਰ ਕਿਤਾਬਾਂ :**

| | | |
|---|---|---|
| ਨਾਵਲ | : | *ਦੀਵਾ ਤੇ ਦਰਿਆ* (1961), *ਦੁਆਬਾ* (1981), *ਸੂਰਜ ਗ੍ਰਹਿਣ* (1984), *ਪੰਧ* (2001) |
| ਕਹਾਣੀਆਂ | : | *ਰੰਨ ਤਲਵਾਰ ਤੇ ਘੋੜਾ* (1973, 1982) |
| ਸ਼ਾਇਰੀ | : | *ਸ਼ੀਸ਼ਾ ਇਕ ਲਿਸ਼ਕਾਰੇ ਦੋ* (1965), *ਰੱਤ ਦੇ ਚਾਰ ਸਫ਼ਰ* (1975), *ਪੰਜਾਬ ਦੀ ਵਾਰ* (1979), *ਮਿੱਟੀ ਦੀ ਮਹਿਕ* (1983), *ਪਿਆਲੀ ਵਿਚ ਅਸਮਾਨ* (1983), *ਛੇਵਾਂ ਦਰਿਆ* (1997) |
| ਡਰਾਮਾ | : | *ਸੱਪ, ਸ਼ੀਂਹ ਤੇ ਫ਼ਕੀਰ* (ਟੈਲੀਵੀਜ਼ਨ ਦੇ ਡਰਾਮੇ) (1998) |
| ਤਰਜਮੇਂ | : | *ਤਾਰੀਖ਼ ਨਾਲ ਇੰਟਰਵਿਊ* (1986), *ਟੁੱਟ ਭੱਜ—ਅਫ਼ਰੀਕੀ ਨਾਵਲ* (1986), *ਕਾਲਾ ਪੈਂਡਾ—ਕੌਤਰ ਸੈ ਅਫ਼ਰੀਕੀ ਨਜ਼ਮਾਂ* (1988) *ਪਹਿਲੋਂ ਦੱਸ ਦਿੱਤੀ ਮੌਤ ਦਾ ਰੋਜ਼ਨਾਮਚਾ* (ਹਿਸਪਾਨਵੀ ਨਾਵਲ) (1992) |
| ਉਰਦੂ ਸ਼ਾਇਰੀ | : | *ਏਕ ਸੂਰਜ ਮੇਰਾ ਭੀ—ਗ਼ਜ਼ਲੇਂ* (1985) |

**ਲਿਖਾਰੀ ਦੀਆਂ ਛਪਣ ਵਾਲੀਆਂ ਕਿਤਾਬਾਂ :**

| | | |
|---|---|---|
| ਨਾਵਲ | : | *ਸ਼ੀਹਾਂ ਤਾਂ ਪੱਤਣ ਮੱਲੇ, ਸਾਉ* |
| ਕਹਾਣੀਆਂ | : | *ਉੱਧਲ ਗਈਆਂ ਦੇ ਚੋਰ* |
| ਸ਼ਾਇਰੀ | : | *ਤੇਰੀ ਰੱਤੀ ਏ ਵੇ ਢੋਲ ਮੇਰਿਆ ਚੁੰਨੀ* (ਪੰਜਾਬ ਬਾਰੇ ਨਜ਼ਮਾਂ) |

# ਮੁੰਨਾ ਕੋਹ ਲਹੌਰ

# مُنّا کوہ لہور


**ਅਫ਼ਜ਼ਲ ਅਹਿਸਨ ਰੰਧਾਵਾ**

افضل احسن رندھاوا

*ਲਿਪੀਅੰਤਰ-ਸੰਪਾਦਨ*

**ਜਤਿੰਦਰਪਾਲ ਸਿੰਘ ਜੌਲੀ—ਨਰਿੰਦਰ ਕੌਰ**

جتندرپال سنگھ جولی۔ نرندر کور



**ਸਿੰਘ ਬ੍ਰਦਰਜ਼**

**ਅੰਮ੍ਰਿਤਸਰ**



Academy of the Punjab in North America: http://www.apnaorg.com

MUNNA KOH LAHORE
A Collection of Punjabi Short Strories by
AFZAL AHSAN RANDHAWA
*Advocate*
Civil Courts, Faislabad, Pakistan
Phone 0092-41-601666

Transcribed & Edited by
JATINDERPAL SINGH JOLLY—NARINDER KAUR
421-East Mohan Nagar, Amritsar-143 006 [India]
Phone 0091-183-258 2512 e-mail : jpsjolly@yahoo.com

ISBN 81-7205-069-0
ਪਹਿਲੀ ਵਾਰ ਜੁਲਾਈ 1992
ਦੂਜੀ ਵਾਰ ਫ਼ਰਵਰੀ 2007
**ਮੁੱਲ : 90-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਭੇਂਟ

ਆਪਣੇ ਜਿਗਰੀ ਯਾਰ
ਬਿੰਦ ਬਾਦਸ਼ਾਹ
ਨੂੰ

Academy of the Punjab in North America: http://www.apnaorg.com

ਬੰਨ੍ਹੇ ਭਾਰ ਮੁਸਾਫ਼ਰਾਂ
ਤੇ ਮੁੰਨਾ ਕੋਹ ਲਹੌਰ

(ਇਕ ਬੋਲੀ)

## ਵੇਰਵਾ


*ਕੁਝ ਸਵਾਲ : ਰੰਧਾਵਾ ਨੂੰ* 10

ਉੱਧਲ ਗਈਆਂ ਦੇ ਚੋਰ 13

ਦਰਦ ਦਾ ਮਿੱਟੀ ਰੰਗ 27

ਮਾਰਚਾ 35

ਗੋਖੜੂ 43

ਖੁਰਾ 53

ਬੰਨੇ ਚੰਨੇ ਦੇ ਭਰਾ 60

ਸੁਰਨੀ 67

ਪੁੱਠਿਆਂ ਪੈਰਾਂ ਵਾਲੀ 75

ਮੁੰਨਾ ਕੋਹ ਲਹੌਰ 81

ਵੱਡਾ ਆਦਮੀ 87

ਗੁਆਚੀ ਹੋਈ ਖ਼ੁਸ਼ਬੂ 93

ਮੁੜ ਗੁਆਚੀ ਖ਼ੁਸ਼ਬੂ/ਜੌਲੀ 98


Academy of the Punjab in North America: http://www.apnaorg.com

ਰੰਧਾਵਾ ਜੰਗਲੀ ਤਹਿਜ਼ੀਬ ਦਾ ਖ਼ਾਲਕ ਏ। ਉਹਦਾ ਘੜਿਆ ਹਰ ਬੰਦਾ ਕੰਡਿਆਲਾ ਰੁੱਖ ਏ ਪਰ ਬੜੀ ਸੰਘਣੀ ਛਾਂ ਵਾਲਾ। ਉਸ ਤੋਂ ਡਰ ਲਗਦਾ ਏ ਪਰ ਉਹਦੀ ਕਰਨੀ ਤੇ ਕਹਿਣੀ ਦੋਹਾਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਉਹਦੀ ਅੱਥਰੀ ਅਮੋੜ ਤਾਕਤ ਹੀ ਉਹਦੀ ਕਮਜ਼ੋਰੀ ਏ। ਇੱਕੋ ਵੇਲੇ ਮੁਜਰਮ ਤੇ ਮਾਸੂਮ। ਸ਼ਹਿਰੀ ਨਫ਼ਾਸਤ ਨੇ ਉਹਦਾ ਮੁਹਾਂਦਰਾ ਅਜੇ ਸੁਆਰਿਆ ਨਹੀਂ, ਵਿਗਾੜਿਆ ਵੀ ਨਹੀਂ। ਮੁੱਢ ਕਦੀਮੀ ਮਿੱਟੀ ਨਾਲ ਬਣੇ ਇਸ ਮਨੁੱਖ ਨੂੰ ਮੇਰਾ ਸਲਾਮ! ਇਹ ਮੇਰਾ ਆਪਣਾ ਏ, ਭਾਵੇਂ ਮੈਂ ਇਸ ਤੋਂ ਬਹੁਤ ਦੂਰ ਚਲਾ ਆਇਆ ਹਾਂ.....

—ਡਾ. ਹਰਿਭਜਨ ਸਿੰਘ

ਅਫ਼ਜ਼ਲ ਅਹਿਸਨ ਦੀਆਂ ਕਹਾਣੀਆਂ ਨੂੰ ਜੇ ਭਾਰਤੀ ਪੰਜਾਬ ਵਿਚ ਬੜੇ ਸ਼ੌਕ ਨਾਲ ਪੜ੍ਹਿਆ ਜਾਂਦਾ ਏ ਤਾਂ ਇਸਦੇ ਕਈ ਕਾਰਨ ਹਨ। ਪਹਿਲਾ ਤਾਂ ਇਹ ਕਿ ਅਫ਼ਜ਼ਲ ਧਰਤੀ ਦੇ ਬੜਾ ਨੇੜੇ ਏ ਤੇ ਉਸਦੀਆਂ ਘਟਨਾਵਾਂ ਤੇ ਪਾਤਰਾਂ ਨੂੰ ਪੰਜਾਬੀ ਲੋਕਾਂ ਦੇ ਦੁੱਖਾਂ, ਦਰਦਾਂ ਦੀ ਡੂੰਘੀ ਸਮਝ ਏ। ਦੂਜੀ ਗੱਲ ਇਹ ਏ ਕਿ ਅਫ਼ਜ਼ਲ ਦੀਆਂ ਕਹਾਣੀਆਂ ਵਿਚ ਪੰਜਾਬੀਅਤ ਦਾ ਰੰਗ ਇਕ ਵੱਖਰੀ ਤਰਜ਼ੇ-ਜ਼ਿੰਦਗੀ ਦੀ ਸ਼ਕਲ ਵਿਚ ਉੱਘੜਦਾ ਏ। ਪੰਜਾਬੀਆਂ ਦੀ ਅਣਖ, ਦਲੇਰੀ, ਉੱਚੇ ਹੌਸਲੇ ਤੇ ਜ਼ਿੰਦਗੀ ਨੂੰ ਜੀਣ-ਮਾਨਣ ਦੇ ਸ਼ੌਕ ਤੇ ਹੱਥੀਂ ਮਿਹਨਤ-ਮੁਸ਼ੱਕਤ ਕਰਨ ਦਾ ਮਾਣ, ਇਹ ਸਾਰੇ ਅਜਿਹੇ ਗੁਣ ਹਨ, ਜਿਨ੍ਹਾਂ ਨੇ ਪੰਜਾਬੀ ਲੋਕਾਂ ਨੂੰ ਘਰ-ਬਾਹਰ ਉਜਾਗਰ ਕੀਤਾ ਏ। ਅਫ਼ਜ਼ਲ ਇਨ੍ਹਾਂ ਸਾਰੇ ਗੁਣਾਂ ਦੇ ਹਕੀਕੀ ਇਜ਼ਹਾਰ ਨੂੰ ਆਪਣੀ ਤਾਕਤ ਬਣਾ ਕੇ ਵਰਤਦਾ ਏ।

—ਡਾ. ਅਤਰ ਸਿੰਘ

ਰੰਧਾਵੇ ਦੀਆਂ ਲਿਖਤਾਂ ਹਿੰਦ-ਪਾਕ ਦੋਹਾਂ ਮੁਲਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਤੇ ਸਮਝਣ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ। ਇਨ੍ਹਾਂ ਨੂੰ ਇਤਿਹਾਸਕ ਪੱਖ ਤੋਂ ਵੱਡਮੁੱਲੀਆਂ ਦਸਤਾਵੇਜ਼ਾਂ ਮੰਨਿਆ ਜਾ ਸਕਦਾ ਹੈ। ਰੰਧਾਵਾ ਉਸਾਰੂ ਸੋਚ ਵਾਲਾ ਸੁਲਝਿਆ ਹੋਇਆ ਅਦੀਬ ਹੈ, ਜਿਸਦੀ ਹਰ ਲਿਖਤ ਨਫ਼ਰਤ ਦੀ ਥਾਂ ਪਿਆਰ ਤੇ ਮੁਹੱਬਤ ਦਾ ਪੈਗ਼ਾਮ ਦੇਂਦੀ ਹੈ। ਨਵੀਂ ਨਸਲ ਲਈ ਇਨ੍ਹਾਂ ਲਿਖਤਾਂ ਦਾ ਮਹੱਤਵ ਹੋਰ ਵੀ ਵਧੇਰੇ ਹੈ।

—ਡਾ. ਕਰਨੈਲ ਸਿੰਘ ਥਿੰਦ

ਅਫ਼ਜ਼ਲ ਅਹਿਸਨ ਰੰਧਾਵਾ ਦੀ ਸ਼ਖ਼ਸੀਅਤ ਵਿਚ ਪੰਜਾਬ ਦੇ ਸਰਬੁਲੰਦ ਕਿਸਾਨ ਦਾ ਫ਼ਖ਼ਰ ਵੀ ਨੁਮਾਇਆਂ ਏ ਤੇ ਇਕ ਦਰਦਮੰਦ ਇਨਸਾਨ ਦੀ ਹਲੀਮੀ ਵੀ। ਨਜ਼ਰਿਆਤੀ ਤੌਰ ਉੱਤੇ ਉਹ ਹਰ ਮਜ਼ਲੂਮ ਦਾ ਹਾਮੀ ਏ ਤੇ ਹਰ ਜ਼ਾਲਮ ਦਾ ਹਰੀਫ਼ (ਦੋਖੀ)।

—ਫ਼ੈਜ਼ ਅਹਿਮਦ ਫ਼ੈਜ਼

ਅਫ਼ਜ਼ਲ ਅਹਿਸਨ ਦੀਆਂ ਇਨ੍ਹਾਂ ਕਹਾਣੀਆਂ ਦਾ ਅਸਲ ਮੌਜ਼ੂਅ ਪੰਜਾਬੀਆਂ ਦੀ ਬਹਾਦਰੀ ਤੇ ਗ਼ੈਰਤ ਅਤੇ ਸਦੀਆਂ ਦੇ ਮੰਨੇ ਹੋਏ ਅਸੂਲਾਂ ਦੀ ਪਾਬੰਦੀ ਏ।..... ਇਹ ਕਹਾਣੀਆਂ ਪੰਜਾਬ ਵਿਚ ਰਹਿਣ ਵਾਲਿਆਂ ਦੇ ਅੰਦਰ ਬਾਹਰ ਦੀ ਤਵਾਰੀਖ਼ ਨੇਂ।

—ਅਹਿਮਦ ਨਦੀਮ ਕਾਸਮੀ

ਅਫ਼ਜ਼ਲ ਅਹਿਸਨ ਰੰਧਾਵਾ ਦੀ ਲਿਖਤ ਸਿਆਸੀ ਪਸ-ਮੰਜ਼ਰ ਵਿਚ ਵੇਖੀਏ ਤੇ ਇਹ ਅੰਗਰੇਜ਼ਾਂ ਦੇ ਰਾਜ ਤੋਂ ਸ਼ੁਰੂ ਹੋ ਕੇ ਪਾਕਿਸਤਾਨ ਬਨਣ ਤੇ ਮਾਰਸ਼ਲ ਲਾਅ ਦੀ ਹਕੂਮਤ ਤੋਂ ਬਾਅਦ ਦੇ ਦੌਰ ਦੀ ਇਕ ਅਜਿਹੀ ਦਸਤਾਵੇਜ਼ ਲਗਦੀ ਏ, ਜਿਸਦੇ ਵਿਚ ਅਫ਼ਜ਼ਲ ਨੇ ਉਨ੍ਹਾਂ ਜ਼ਮਾਨਿਆਂ ਦੇ ਮੁੱਢਲੇ ਤੇ ਬੁਨਿਆਦੀ ਮਸਲੇ ਅਤੇ ਉਨ੍ਹਾਂ ਵਿਚ ਫਸੇ ਹੋਏ ਆਦਮਜ਼ਾਦਾਂ ਦੇ ਰੂਪ ਬਿਆਨ ਕੀਤੇ ਨੇਂ।

—ਮੁਨੀਰ ਨਿਆਜ਼ੀ

ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਇਹ ਕਹਾਣੀਆਂ ਉਸ ਪੀੜ ਵਿੱਚੋਂ ਨਿਕਲੀਆਂ ਨੇਂ, ਜਿਹੜੀ ਜੇ ਖ਼ੁਦਾ ਤੇ ਲਿਖਾਰੀ ਦੀ ਸਾਂਝ ਬਣ ਵੰਞੇ ਤਾਂ ਧਰਤੀ ਦੀ ਕੁੱਖ ਸਾਵੀ ਥੀ ਵੈਂਦੀ ਏ ਤੇ ਉਹਦਾ ਮੂੰਹ ਸੂਰਜ ਹਾਰ ਕਿਸੇ ਤਲਾਅ ਵਿੱਚੋਂ ਉੱਗਦਾ, ਜਿਥੇ ਕਲ੍ਹ ਨਮਾਸ਼ੀ ਸੂਰਜ ਆਪਣੀ ਰੱਤ ਵੀਟੀ ਹਾਈ।

—ਅਹਿਮਦ ਸਲੀਮ

Academy of the Punjab in North America: http://www.apnaorg.com

# ਕੁਝ ਸਵਾਲ : ਅਫ਼ਜ਼ਲ ਅਹਿਸਨ ਰੰਧਾਵਾ ਨੂੰ

*—ਸਵਾਲ ਕਰਤਾ : ਜਤਿੰਦਰਪਾਲ ਸਿੰਘ ਜੌਲੀ*

? ਤੁਹਾਨੂੰ ਕਿਸ ਹਾਲਤ ਵਿਚ ਸੰਪੂਰਨ ਖ਼ੁਸ਼ੀ ਮਿਲ ਸਕਦੀ ਹੈ ?

— ਦੁਨੀਆ ਖ਼ੁਸ਼ੀ ਵੱਸੇ, ਫੇਰ ਫ਼ਕੀਰਾਂ ਦੀ ਝੋਕ ਵੀ ਸੁਖੀ ਵੱਸੇ ਤੇ ਸਾਡਾ ਪੰਜਾਬ ਵੀ ਖ਼ੁਸ਼ੀ ਵੱਸੇ।

? ਕਿਹੜੀ ਹਾਲਤ ਤੁਹਾਡੇ ਲਈ ਸਭ ਤੋਂ ਵੱਧ ਡਰਾਉਣੀ ਹੈ ?

— ਜਬਰ ਤੇ ਬੇ-ਇਨਸਾਫ਼ੀ ਦੀ ਕੈਫ਼ੀਅਤ। ਇਨਸਾਨ ਦੀ ਇਨਸਾਨ ਹੱਥੋਂ ਇਸਤਹਸਾਲ—ਲੁੱਟ-ਖਸੁੱਟ (exploitation) ਦੀ ਕੈਫ਼ੀਅਤ। ਝੂਠ ਦੀ, ਸਿਆਹੀ ਦੀ ਕੈਫ਼ੀਅਤ। ਐਸੀ ਕੈਫ਼ੀਅਤ ਜਿਹੜੀ ਇਨਸਾਨ ਨੂੰ ਪਿਛਾਂਹ ਖਿੱਚਦੀ, ਧਰੋਹ ਕਰਦੀ ਹੋਵੇ। ਨਾ ਝੱਲਣੀ ਚਾਹੀਦੀ ਏ ਨਾ ਝੱਲੀ ਜਾਂਦੀ ਏ।

? ਤੁਹਾਡਾ ਸਭ ਤੋਂ ਵੱਧ ਮਨਪਸੰਦ ਕਿਹੜਾ ਲਫ਼ਜ਼ ਹੈ ?

— ਆਜ਼ਾਦੀ—ਸਮਾਜੀ ਇਨਸਾਫ਼।

? ਕਿਹੜਾ ਜੀਊਂਦਾ ਵਿਅਕਤੀ ਤੁਹਾਨੂੰ ਸਭ ਤੋਂ ਵੱਧ ਚੰਗਾ ਲੱਗਦਾ ਹੈ ?

— ਜਿਹੜਾ ਆਜ਼ਾਦ ਹੈ—ਤੇ ਜਿਹੜਾ ਤਸ਼ੱਦਦ ਸਹਿ ਰਿਹੈ—ਜਿਸ ਜਿਸ ਤੇ ਜ਼ੁਲਮ ਹੋ ਰਿਹੈ।

? ਤੁਸੀਂ ਕਿਹੜੀ ਸ਼ੈਅ ਤੇ ਪੈਸੇ ਰੋੜ੍ਹਦੇ ਹੋ—ਸ਼ਾਹ ਖ਼ਰਚੀ ਕਰਦੇ ਹੋ ?

— ਸਿਗਰਟ ਪੀਣ ਤੇ—(ਹੱਸ ਕੇ) ਮੇਰੇ ਕੋਲ ਪੈਸਾ ਹੈ ਈ ਨਹੀਂ ਮੈਂ ਰੋੜ੍ਹਨਾ ਕੀ ਏ। ਅਸੀਂ ਤੇ ਆਪਣਾ ਆਪ ਈ ਰੋੜ੍ਹਦੇ ਆਂ ਭ਼ਾਅ—ਸ਼ਾਹ ਖ਼ਰਚੀ ਤੇ ਬਾਦਸ਼ਾਹ ਕਰਦੇ ਨੇ। ਫ਼ਕੀਰ ਦੇ ਕੁਰਤੇ ਨੂੰ ਤੇ ਬੋਝਾ ਈ ਹੈ ਨਹੀਂ—ਉਸ ਖ਼ਰਚਣਾ ਕੀ ਏ ?

? ਤੁਹਾਨੂੰ ਆਪਣੀ ਕਿਹੜੀ ਆਦਤ ਸਭ ਤੋਂ ਭੈੜੀ ਲੱਗਦੀ ਹੈ ?

— ਸੱਚ ਬੋਲਣਾ—ਭੈੜੀ ਤੇ ਨਹੀਂ ਨੁਕਸਾਨ-ਦੇਹ ਹੈ।

*ਇਕ ਇਕ ਨਜ਼ਮ ਤੇ ਇਕ ਇਕ ਪਰਚਾ ਤੇਰੀ 'ਕੱਲੀ ਜਾਨ,*
*ਅਫ਼ਜ਼ਲ ਅਹਿਸਨ ਬੰਦ ਕਰ ਛੱਡ ਖਾਂ ਸ਼ਾਇਰੀ ਵਾਲਾ ਹੱਟ।*

? ਤੁਹਾਨੂੰ ਹੋਰਨਾਂ ਲੋਕਾਂ ਦੀ ਕਿਹੜੀ ਆਦਤ ਸਭ ਤੋਂ ਵੱਧ ਭੈੜੀ ਲੱਗਦੀ ਹੈ ?

— ਮਨਾਫ਼ਕਤ—ਬਨਾਵਟੀਪਨ (Hypocrisy)



? ਤੁਹਾਡਾ ਕਿਹੜੀ ਗੱਲੋਂ ਮਨ ਬਹੁਤ ਖ਼ਰਾਬ ਹੁੰਦਾ ਹੈ ?

— ਯਾਰ ਦੇ ਵਿਛੜਨ ਤੇ।

? ਤੁਹਾਨੂੰ ਆਪਣੀ ਨੁਹਾਰ ਦਾ ਕਿਹੜਾ ਪੱਖ ਚੰਗਾ ਨਹੀਂ ਲੱਗਦਾ ?

— ਮੇਰਾ 6 ਫ਼ੁੱਟ 2 ਇੰਚ ਕੱਦ ਹੋਣਾ ਕਿਉਂਕਿ ਜਿਨ੍ਹਾਂ ਦਾ ਕੱਦ ਛੋਟਾ ਹੁੰਦੈ ਉਹ ਮੇਰੇ ਨਾਲ ਦੁਸ਼ਮਣੀ ਕਰਦੇ ਨੇ। (ਲਾਗਿਓਂ ਹੱਸ ਕੇ ਇਲਿਆਸ ਘੁੰਮਣ ਨੇ ਕਿਹਾ—ਇਹ ਕੱਦ ਕਈ ਮਾਅਨਿਆਂ ਵਿਚ ਹੈ।)

? ਤੁਹਾਡੇ ਮਨ ਪਸੰਦ ਲੇਖਕ ਕਿਹੜੇ ਨੇ ?

— ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਬਾਬਾ ਨਾਨਕ, ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ (ਜ਼ਫ਼ਰਨਾਮਾ ਲਿਖਣ ਵਾਲਾ)।

? ਤੁਸੀਂ ਐਸ ਵੇਲੇ ਕਿਹੜੀ ਕਿਤਾਬ ਪੜ੍ਹ ਰਹੇ ਹੋ ?

— ਮੈਂ ਹਫ਼ਤੇ 'ਚ ਕੋਈ ਸੱਤ ਅੱਠ ਕਿਤਾਬਾਂ ਪੜ੍ਹ ਜਾਨਾਂ—ਹੁਣ ਤੇਰੀ ਵਜ੍ਹਾ ਤੋਂ ਸਫ਼ਰ 'ਚ ਹਾਂ।

? ਤੁਹਾਡੇ ਮਨਪਸੰਦ ਚਿਤ੍ਰਕਾਰ ਕੌਣ ਹਨ ?

— ਪ੍ਰੇਮ ਸਿੰਘ—(ਉਹਦੇ ਪੈਂਸਿਲ ਸਕੈੱਚ ਵੇਖੇ ਨੇ) ਜਿਹੜਾ ਪੰਜਾਬ ਦੇ ਸੜਨ ਤੇ ਰੋਇਐ। ਮੁਗ਼ਲਾਂ ਦੇ ਜ਼ਮਾਨੇ ਦੇ ਚਿੱਤਰ ਹੀ ਬਣਾਈ ਜਾਣਾ ਕੋਈ ਗੱਲ ਨਹੀਂ—ਜਾਂ ਮੈਂ ਹੋਰ ਵੇਖਿਆ ਨਹੀਂ।

? ਤੁਹਾਡੇ ਮਨਪਸੰਦ ਸੰਗੀਤਕਾਰ ਕੌਣ ਨੇ ?

— ਆਪਣਾ ਫੋਕਲੋਰ—ਜਿਹਦੀ ਟਿਊਨ ਵੱਜਦੀ ਹੋਵੇ ਤੇ ਲੂੰ-ਕੰਡੇ ਖੜੇ ਹੋ ਜਾਂਦੇ ਨੇ।

? ਤੁਹਾਡੀ ਮਨਪਸੰਦ ਇਮਾਰਤ ਕਿਹੜੀ ਹੈ ?

— ਮੇਰੇ ਦਾਦੇ ਦੇ ਘਰ ਦਾ ਕੱਚਾ ਹਿੱਸਾ—ਜਿਹੜਾ ਅਸੀਂ ਹਾਲੇ ਵੀ ਸਾਂਭਿਐ।

? ਤੁਹਾਡਾ ਮਨਪਸੰਦ ਸਫ਼ਰ ਕਿਹੜਾ ਹੈ ?

— ਜਿਹੜਾ ਸੱਜਣਾਂ ਨੂੰ ਮਿਲਣ ਲਈ ਕਰਨਾ ਹੋਵੇ।

? ਤੁਸੀਂ ਸਭ ਤੋਂ ਵੱਧ ਪਿਆਰ ਕਿਸ ਸ਼ੈਅ ਨੂੰ ਕਰਦੇ ਹੋ ?

— ਆਪਣੀ ਇੱਜ਼ਤ ਨੂੰ—ਤੇ ਫੇਰ ਇਨਸਾਨ ਦੀ ਇੱਜ਼ਤ ਨੂੰ।

? ਕਿਹੜਾ ਜੀਊਂਦਾ ਵਿਅਕਤੀ ਤੁਹਾਨੂੰ ਸਭ ਤੋਂ ਵੱਧ ਨਾ-ਪਸੰਦ ਹੈ ?

— ਜਿਹੜਾ ਜਾਬਰ ਡਿਕਟੇਟਰ ਦੁਨੀਆਂ ਦੇ ਜਿਸ ਹਿੱਸੇ ਤੇ ਵੀ ਹੈ।

? ਤੁਸੀਂ ਕਦੋਂ ਝੂਠ ਬੋਲਦੇ ਹੋ ?

— ਜਦੋਂ ਮੇਰੇ ਅੱਬਾ ਜੀ ਮੈਨੂੰ ਪੁੱਛਦੇ ਸੀ ਤੂੰ ਦਿਨ 'ਚ ਕਿੰਨੇ ਸਿਗਰਟ ਪੀਨੈਂ ? ਜੇ ਸੱਚ ਦੱਸਦਾ ਤੇ ਉਨ੍ਹਾਂ ਨੂੰ ਬਹੁਤ ਤਕਲੀਫ਼ ਹੁੰਦੀ।

? ਤੁਸੀਂ ਕਿਹੜੇ ਸ਼ਬਦ ਬਹੁਤੇ ਵਰਤਦੇ ਹੋ ?

— ਪਿਆਰ, ਫੱਕਰ/ਫ਼ਕੀਰੀ, ਯਾਰ-ਯਾਰੀ।



Academy of the Punjab in North America: http://www.apnaorg.com

? ਤੁਹਾਨੂੰ ਆਪਣੀ ਜ਼ਿੰਦਗੀ 'ਚ ਸਭ ਤੋਂ ਵੱਧ ਕਿਹੜੀ ਗੱਲ ਦਾ ਅਫ਼ਸੋਸ ਹੈ?

— ਪੰਜਾਬ ਵੰਡੇ ਜਾਣ ਦਾ। ਆਪਣੇ ਕਮਜ਼ੋਰ ਹੋਣ ਦਾ—ਮੇਰੇ 'ਚ ਤਾਕਤ ਹੁੰਦੀ ਤਾਂ ਮੈਂ ਵੰਡ ਡੱਕ ਦੇਂਦਾ।

? ਕਦੋਂ ਤੇ ਕਿੱਥੇ ਤੁਸੀਂ ਸਭ ਤੋਂ ਵੱਧ ਖ਼ੁਸ਼ ਹੋਏ ਸੀ?

— ਦਿੱਲੀ 'ਚ ਕ੍ਰਿਸ਼ਨਾ ਸੋਬਤੀ ਨੂੰ ਮਿਲ ਕੇ।

? ਕਦੋਂ ਤੇ ਕਿੱਥੇ ਤੁਸੀਂ ਸਭ ਤੋਂ ਵੱਧ ਉਦਾਸ ਹੋਏ ਸੀ?

— 9 ਮਾਰਚ, 1988 ਨੂੰ ਗਗਨ ਗਿੱਲ ਤੋਂ ਦਿੱਲੀਓਂ ਵਿਛੜਨ ਵੇਲੇ।

? ਤੁਸੀਂ ਆਪਣੇ ਵਿਚ ਕਿਸ ਹੁਨਰ ਦੀ ਘਾਟ ਮਹਿਸੂਸ ਕਰਦੇ ਹੋ?

— ਮੇਰੇ 'ਚ ਹੁਨਰ ਈ ਕੋਈ ਨਹੀਂ—ਘਾਟ ਈ ਘਾਟ ਏ।

? ਤੁਹਾਨੂੰ ਕਿਹੜੀ ਮਹਿਕ ਚੰਗੀ ਲੱਗਦੀ ਹੈ?

— ਮਿੱਟੀ ਦੀ।

? ਤੁਸੀਂ ਵੱਡੇ ਹੋ ਕੇ ਕਦੀ ਰੋਏ ਹੋ?

— ਇਹ ਨਹੀਂ ਮੈਂ ਦੱਸਣਾ। ਕੋਈ ਇਕ ਵਾਰੀ ਰੋਇਆਂ। ਜਿੰਨਾ ਚਿਰ ਮੇਰਾ ਖੁੱਥਾ ਪੰਜਾਬ ਨਹੀਂ ਮੁੜਦਾ, ਉਨਾ ਚਿਰ ਮੈਂ ਰੋਜ਼ ਈ ਰੋਨਾਂ।

? ਤੁਸੀਂ ਮਰਨਾ ਕਿਸ ਤਰ੍ਹਾਂ ਚਾਹੋਗੇ?

— ਮਰਨ ਤੇ ਤਾਂ ਮੇਰਾ ਅਖ਼ਤਿਆਰ ਨਹੀਂ—ਜੇ ਹੋਵੇ ਤਾਂ ਮੈਂ ਆਪਣੇ ਪਿੰਡ ਜਾ ਕੇ ਆਪਣੀ ਮਾਂ ਦੇ ਪੈਰਾਂ 'ਚ ਮਰਾਂ।

*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥*



## اُدھل گئیاں دے چور — ਉੱਧਲ ਗਈਆਂ ਦੇ ਚੋਰ

ਉਹ ਘਰ ਨਹੀਂ ਅੱਪੜਿਆ। ਉਹ ਕਦੇ ਘਰ ਨਹੀਂ ਅੱਪੜੇਗਾ। ਉਹ ਬੰਦਾ ਜਿਹਦੀਆਂ ਦੋ ਰੂਹਾਂ ਸਨ ਤੇ ਜਿਹਦਾ ਪਰਛਾਵਾਂ ਕੋਈ ਨਹੀਂ ਸੀ। ਫੇਰ ਕਦੇ ਘਰ ਨਹੀਂ ਅੱਪੜੇਗਾ, ਕਦੇ ਵੀ ਨਹੀਂ!!

ਚੇਤਰ ਚੰਨ ਦੀ ਨਾਵੀਂ ਰਾਤ ਉਹ ਵੱਲ ਨਹੀਂ ਸੀ, ਅੰਦਰੋਂ ਬਾਹਰੋਂ ਬਿਮਾਰ। ਜੇ ਉਸ ਰਾਤ ਉਹਦੇ ਸਰੀਰ ਵਿਚ ਰੂਹ ਵਰਗੀ ਕੋਈ ਸ਼ੈਅ ਹੈ ਸੀ ਤੇ ਉਹ ਲਹੂਓ-ਲਹੂ ਸੀ। ਉਹਦਾ ਜ਼ਾਹਰ ਵਜੂਦ ਅੰਦਰੋਂ ਬਾਹਰੋਂ ਸਾਰੇ ਦਾ ਸਾਰਾ ਭੱਜਿਆ ਟੁੱਟਿਆ ਸੀ, ਚਕਨਾ ਚੂਰ। ਪਿਛਲੀ ਸਾਰੀ ਰਾਤ ਉਹ ਸੌਂ ਹੀ ਨਾ ਸਕਿਆ, ਉੱਕਾ। ਦੋ ਢਾਈ ਘੰਟਿਆਂ ਦੀ ਨੀਂਦਰ ਵੀ ਨਹੀਂ। ਨੀਂਦਰ, ਜੋ ਦੁਖ ਦਰਦਾਂ ਦੀਆਂ ਪੈੜਾਂ ਤੇ ਨਸ਼ੇ ਦੇ ਵਾਧੇ ਪਾਰੋਂ ਹੋਰ ਵੀ ਬੇ-ਆਰਾਮੀ ਬਣ ਜਾਂਦੀ, ਸੁਧੀ ਬੇ-ਆਰਾਮੀ। ਤਿੰਨ ਵੀਹਾਂ ਤੇ ਸਤਾਰਾਂ ਰਾਤਾਂ, ਜਿਹੜੀਆਂ ਸਾਰੀਆਂ ਦੀਆਂ ਸਾਰੀਆਂ ਚੀਸਾਂ, ਪੀੜਾਂ, ਹਾਵਾਂ ਤੇ ਹੌਕਿਆਂ ਭਰੀਆਂ ਸਨ ਤੇ ਜੋ ਸੁਧੀ ਬੇ-ਆਰਾਮੀ ਤੋਂ ਵੀ ਕੋਈ ਅਗਾਂਹ ਦੀ ਗੱਲ ਲੱਗਦੀਆਂ। ਇਕਲਾਪੇ ਦੇ ਰੱਕੜ ਵਿਚ ਨੰਗੇ ਪੈਰੀਂ ਕਿਸੇ ਗਵਾਚੇ ਹੋਏ ਬੀਮਾਰ ਸਰੀਰ ਦੀਆਂ ਰਾਤਾਂ, ਜੋ ਉਸ ਪਰਾਏ ਸ਼ਹਿਰ ਦੇ ਪੁਰਾਣੇ, ਸੋਹਣੇ ਤੇ ਬਦਸ਼ਕਲ ਕਮਰਿਆਂ ਵਿਚ ਉਸ ਕੱਟੀਆਂ ਸਨ, ਉਹਦੇ ਬਿਨਾਂ ਬੇ-ਆਰਾਮ, ਪੁਰਾਣੇ ਤੇ ਅਣਜਾਣ ਬਿਸਤਰਿਆਂ ਉੱਤੇ। ਇਕ ਇਕ ਰਾਤ ਵਿਚ ਉਹ ਕਿੰਨੀ ਕਿੰਨੀ ਵਾਰ ਮਰਿਆ? ਇਹਦੇ ਬਾਰੇ ਭਲਾ ਉਹ ਕਿਵੇਂ ਜਾਣ ਸਕਦੀ ਸੀ ਜਾਂ ਕਿਵੇਂ ਕਿਆਫ਼ਾ ਲਾ ਸਕਦੀ ਸੀ? ਉਹ ਤੇ ਉਹਨੂੰ ਖਵਾ ਪਿਆ ਕੇ, ਰਜਾ ਕੇ ਰਾਤ ਸੌਂਤੇ ਪਏ ਜਾਂਦੀ ਤੇ ਸਵੇਰੇ ਸੂਰਜ ਉੱਗਣ ਨਾਲ ਭੁੱਖ ਲੱਗਣ ਤੋਂ ਪਹਿਲੋਂ ਉਹਦੇ ਸਿਰਹਾਣੇ ਆ ਖਲੋਂਦੀ ਤੇ ਚੜ੍ਹਦੇ ਸੂਰਜ ਦੀ ਕਵਾਰੀ ਧੁੱਪ ਸੱਜਰੀ ਦਾ ਛੰਨਾ ਆਪਣੀ ਤਲੀ ਤੇ ਰੱਖ ਕੇ ਉਹਦੇ ਅਣ-ਸੁੱਤੇ ਤ੍ਰਿਹਾਏ ਹੋਠਾਂ ਨਾਲ ਆ ਲਾਉਂਦੀ। ਪਰ ਤਾਂ ਵੀ ਰਾਤ ਦਾ ਹਰ ਪਲ ਉਹ ਉਹਦੇ ਬਿਨਾਂ ਕਿਵੇਂ ਕੱਟਦਾ? ਇਹ ਕਿਸੇ ਲਿਖਤ ਜਾਂ ਇਲਮ ਦੀ ਪਕੜ ਵਿਚ ਕਿਵੇਂ ਆ ਪਾਉਂਦਾ? ਉਸ ਉਜਾੜ ਤੇ ਡਰਾਉਣੀ ਪੱਕੀ ਥਾਂ, ਜੋ ਉਹਦਾ ਇਕ ਮਹੀਨੇ ਦਾ ਫਲੈਟ ਸੀ, ਜਿਹਦੇ ਵਿਚ ਜਦੋਂ ਉਹ ਨਮੂਨੀਏ ਨਾਲ ਢਹਿਆ ਪਿਆ ਸੀ, ਉਹ ਸਾਰਾ ਸਾਰਾ ਦਿਨ ਉਹਦੇ ਸਿਰਹਾਣੇ ਬੈਠ ਕੇ ਉਹਨੂੰ ਦਵਾਈਆਂ ਤੇ ਖਾਣ ਦੀਆਂ ਪਰਹੇਜ਼ੀ ਨਿਆਮਤਾਂ ਚਾਰਦੀ ਤੇ ਬਾਤਾਂ ਸੁਣਾਉਂਦੀ ਪਰ ਕੱਲੀ ਰਾਤ ਦੀ

Academy of the Punjab in North America: http://www.apnaorg.com

ਅੱਧ-ਬੇਹੋਸ਼ੀ ਤੇ ਹੱਡਾਂ ਦਾ ਤਾਪ, ਪੀੜ...ਉਹਦੀ ਕਿੰਨੀ ਇੱਛਿਆ ਹੁੰਦੀ ਪਈ ਉਹ ਕਿਸੇ ਅਜਿਹੀ ਰਾਤ ਵਿਚ ਕੱਲਮ-ਕੱਲਾ, ਚੁੱਪ-ਚਾਪ ਨਿਬ ਜਾਵੇ...ਉਹਦੇ ਤੋਂ ਦੂਰ ਆਪਣੇ ਲੱਗਦਿਆਂ ਤੋਂ ਦੂਰ। ਉਹਨੂੰ ਆਪਣੀ ਅਜਿਹੀ ਮੌਤ ਦਾ ਪਹਿਲੇ ਕਦੇ ਕਿਉਂ ਧਿਆਨ ਨਹੀਂ ਸੀ ਆਇਆ ? ਧਿਆਨ, ਗਿਆਨ ਨਾਲ ਆਉਂਦਾ ਏ ਤੇ ਉਹਦੇ ਕੋਲ ਤੇ ਕਿਸੇ ਵੀ ਸ਼ੈਅ ਦਾ ਗਿਆਨ ਹੈ ਨਹੀਂ ਸੀ।

ਚੇਤਰ ਚੰਨ ਦੀ ਉਸ ਨਾਵੀਂ ਰਾਤ, ਉਹਦੇ ਕੋਲ ਆਪਣੇ ਆਪ ਨਾਲ ਲੜਨ ਵਾਲਾ ਦਾਰੂ ਸਿੱਕਾ ਵੀ ਕੋਈ ਨਹੀਂ ਸੀ। ਨਾ ਹੀ ਉਹਦੇ ਪੱਲੇ ਉਸ ਸਵਾਣੀ ਨਾਲ ਕੋਈ ਹੋਰ ਦਿਨ ਕੱਟ ਸਕਣ ਦੀ ਆਸ ਉਮੀਦ ਸੀ। ਸਵਾਣੀ, ਜੋ ਉਹਦੀ ਸਵਾਣੀ ਸੀ, ਉਹਦੀ ਆਪਣੀ, ਹੱਡੋਂ ਆਪਣੀ। ਚੇਤਰ ਚੰਨ ਦੀ ਉਹ ਨਾਵੀਂ ਰਾਤ ਜੋ ਉਹਦੀ ਉਸ ਦੁਸ਼ਮਣ ਸ਼ਹਿਰ ਵਿਚ ਛੇਕੜਲੀ ਰਾਤ ਸੀ, ਉਸ ਬਦਸ਼ਕਲ ਕੰਧਾਂ ਨੂੰ ਵੇਖ ਵੇਖ ਕੇ ਤੇ ਜੁਦਾਈ ਦੇ ਔਖੇ ਪਲਾਂ ਨੂੰ ਧੱਕੇ ਦੇ ਕੇ ਲੰਘਾਵਣੀ ਸੀ। ਉਸ ਰਾਤ, ਉਸ ਸਵਾਣੀ ਦੀ ਇਲੈਕਟ੍ਰਿਕ ਹਾਂਡ ਨਾਲ ਬਣਾਈ ਹੋਈ ਤਿੰਨ ਵਾਰ ਕੌੜੀ ਪੀਤੀ, ਬਲੈਕ ਕੌੜੀ। ਉਹਦੇ ਅੰਦਰ ਰੱਕੜ ਵਿਚ ਹਨੇਰਾ ਸੀ, ਦਰਦ ਸੀ, ਇਕਲਾਪਾ ਸੀ, ਖ਼ੋਫ਼ ਸੀ ਤੇ ਜਾਨ ਕੱਢ ਲੈਣ ਵਾਲੀ ਉਦਾਸੀ ਸੀ। ਅੱਧੀ ਕੁ ਰਾਤ ਵੇਲੇ ਉਹ ਆਪਣੇ ਪੰਜਾਬ ਦੇ ਯਾਰਾਂ ਨੂੰ ਦੋ-ਦੋ ਤਿੰਨ-ਤਿੰਨ ਸਤਰਾਂ ਦੇ ਖ਼ਤ ਲਿਖਦਾ ਏ। ਉਹਦੇ ਪੰਜਾਬ ਦੇ ਯਾਰ ਜੋ ਉਸ ਸ਼ਹਿਰ ਤੇ ਆਪਣੇ ਆਪਣੇ ਪਿੰਡਾਂ ਸ਼ਹਿਰਾਂ ਵਿਚਕਾਰ ਉਹਦੇ ਲਈ ਫੇਰੇ ਮਾਰਦੇ ਹਲਕਾਨ ਹੋ ਗਏ ਸਨ। ਪਰ ਅੱਧੇ ਖ਼ਤ ਲਿਖ ਕੇ ਹੀ ਉਹਦੀਆਂ ਉਂਗਲਾਂ ਦੁਖਣ ਲੱਗ ਪੈਂਦੀਆਂ ਨੇ। ਇਕਲਾਪੇ ਤੇ ਖ਼ਾਲੀਪਨ ਦੀ ਉਹ ਰਾਤ ਇਕ ਸਦੀ ਜਿੰਨੀ ਲੰਮੀ ਹੋ ਜਾਂਦੀ ਏ। ਭਲਾ ਕਿਉਂ ਤੇ ਕਦੋਂ ਇਕ ਰਾਤ ਇਕ ਸਦੀ ਜਿੰਨੀ ਲੰਮੀ ਹੋ ਜਾਂਦੀ ਏ ? ਆਪਣੀ ਉਸ ਸਵਾਣੀ ਨਾਲ ਕੱਟੇ ਹੋਏ ਹਰ ਪਲ ਦੀ, ਉਹ ਕਮਰੇ ਦੀ ਉਸ ਗੰਦੀ ਕੰਧ ਦੀ ਸਕਰੀਨ ਉੱਤੇ ਚੱਲਦੀ ਫ਼ਿਲਮ ਵੇਖਦਾ ਏ। ਉਹਦੇ ਸਿਰ ਦੀ ਸਕਰੀਨ ਵਿਚ ਉਸ ਫ਼ਿਲਮ ਦਾ ਹਰ ਖੜਾਕ, ਹਰ ਆਵਾਜ, ਹਰ ਪਲ ਦਾ ਪਹਿਨਾਵਾ, ਹਰ ਪਲ ਦਾ ਸ਼ਿੰਗਾਰ ਠਿੰਗਾਰ ਨਕਸ਼ ਏ। ਕੋਈ ਜਾਗਦਾ ਜੀਉਂਦਾ ਨਕਸ਼ ਉਹ ਕਿਥੇ ਏ ? ਕਿਥੇ ਏ ਉਹ ਸਵਾਣੀ ? ਉਹ ਹਰ ਪਲ ਅਸਮਾਨ ਤੋਂ ਖੋਹ ਕੇ ਉਹਨੂੰ ਸੀਨੇ ਨਾਲ ਲਾਉਂਦੀ ਤੇ ਲਹੂਓ-ਲਹੂ ਕਰ ਦਿੰਦੀ...ਜਿਹੜੀ ਹਰ ਪਲ ਖੋਹ ਕੇ ਨਿਹਾਲ ਹੋ ਜਾਂਦੀ ਏ। ਜਿਵੇਂ ਉਸ ਰੱਬ ਤੋਂ ਕੋਈ ਖ਼ਜ਼ਾਨਾ ਖੋਹ ਲਿਆ ਹੋਵੇ, ਜਿਹੜੀ ਸਮੇਂ ਦੀ ਮੁੱਠ ਵਿੱਚੋਂ ਉਹਦੇ ਲਈ ਹਰ ਪਲ ਖੋਹ ਖੋਹ ਕੇ, ਖਿੜ ਖਿੜ ਹੱਸਦੀ ਤੇ ਆਖਦੀ : 'ਵੇਖ ਅੜਿਆ ! ਵੇਖ ਲੈ ਸਾਡੀ ਉਮਰ ਦਾ ਇਕ ਹੋਰ ਪਲ ਵਧ ਗਿਆ ਏ। ਉਸ ਛੇਕੜਲੀ ਰਾਤ ਦੇ ਓਸ ਸਮੇਂ ਉਹ ਕਿਥੇ ਏ ?'

ਚੇਤਰ ਚੰਨ ਦੀ ਨਾਵੀਂ ਰਾਤ ਜਦੋਂ ਜੰਮ ਕੇ ਅਜੇ ਗੋਡਿਆਂ ਭਾਰ ਟੁਰਨਾ ਸਿੱਖ ਰਹੀ ਸੀ ਤਾਂ ਉਹ ਉਹਨੂੰ ਉਹਦੇ ਘਰ ਛੱਡਣ ਗਿਆ, ਰੋਜ਼ ਵਾਂਗ, 'ਸਵੇਰੇ ਛੇਤੀ ਆ ਜਾਵੀਂ,' ਉਹ ਉਤਰਨ ਲੱਗੀ ਤਾਂ ਓਸ ਉਹਨੂੰ ਆਖਿਆ, 'ਸੁੱਤੀ ਨਾ ਰਹੀਂ ਦਿਨ ਚੜ੍ਹਦੇ ਤਕ।' ਉਹ ਹੱਸੀ। ਹਨੇਰੇ ਵਿਚ ਉਹਦੇ ਮੋਤੀਆਂ ਵਰਗੇ ਦੰਦ ਚਮਕੇ। 'ਤੂੰ ਸਵੇਰੇ ਨਹੀਂ ਜਾ ਰਿਹਾ। ਮੈਨੂੰ ਸਵੇਰੇ ਆਪ ਜਾ ਕੇ ਭਾਵੇਂ ਝੋਲੀ ਅੱਡ ਕੇ ਤੇਰਾਂ ਦਿਨਾਂ ਦੀ ਖ਼ੈਰ ਮੰਗਣੀ ਪਵੇ, ਮੈਂ ਜੁਆਇੰਟ ਸੈਕਟਰੀ ਕੋਲੋਂ ਜਾ ਕੇ ਮੰਗਾਂਗੀ।' 'ਮੈਂ ਹਰ ਸੂਰਤ ਵਿਚ ਸਵੇਰੇ



Academy of the Punjab in North America: http://www.apnaorg.com

ਜਾਣਾ ਏ। ਮੇਰੇ ਕਾਗ਼ਜ਼ਾਂ ਮੁਜਬ ਮੈਨੂੰ ਕੱਲ੍ਹ ਸ਼ਾਮ ਤੋਂ ਪਹਿਲਾਂ ਪਹਿਲਾਂ ਇਹ ਸ਼ਹਿਰ ਖ਼ਾਲੀ ਕਰਨਾ ਏ।' ਉਹ ਚੁੱਪ ਰਹਿੰਦੀ ਏ। ਉਹਦੀ ਗੱਲ ਨੂੰ ਰੱਦ ਵੀ ਨਹੀਂ ਕਰਦੀ ਪਰ ਸਤੱਤਰ ਸਦੀਆਂ ਦੀਆਂ ਸ਼ੈਵਾਂ ਨੂੰ ਨਿਖੇੜਨਾ, ਵੰਡਣਾ...ਕੀ ਰਾਤ ਦੇ ਬਾਕੀ ਅੱਠ ਘੰਟਿਆਂ ਵਿਚ ਮੈਂ 'ਕੱਲੀ ਇਹ ਕੰਮ ਕਰ ਪਾਵਾਂਗੀ।' ਉਹ ਚੁੱਪ ਰਹਿੰਦਾ।

'ਤੇ ਸਵੇਰ ਦਾ ਪਿਆਰ ?' 'ਤੂੰ ਸਵੇਰੇ ਨਹੀਂ ਜਾ ਰਿਹਾ ! ਅਜੇ ਤੇਰੇ ਤੇਰਾਂ ਦਿਨ ਵਧ ਸਕਦੇ ਨੇ ਤੇ ਜੇ ਉਹ ਮੇਰੀ ਝੋਲੀ ਵਿਚ ਮੰਗਿਆਂ ਵੀ ਇਹਨਾਂ ਤੇਰਾਂ ਦਿਨਾਂ ਦੀ ਖ਼ੈਰ ਨਾ ਪਾਉਣਗੇ ਤਾਂ ਮੈਂ ਇਹ ਤੇਰਾਂ ਦਿਨ ਤੇਰਾਂ ਵਰ੍ਹੇ ਕਰ ਕੇ ਉਹਨਾਂ ਦੇ ਹੱਡਾਂ ਵਿੱਚੋਂ ਕੱਢਾਂਗੀ। ਵੇਖਦਾ ਰਹੀਂ।'

'ਸ਼ੁਦੈਣ !'

'ਨਹੀਂ ਮੈਂ ਸ਼ੁਦੈਣ ਨਹੀਂ ! ਅਸੀਂ ਤੇਰੇ ਕਾਗਜ਼ ਈ ਗੁਆ ਦਿਆਂਗੇ ਤੇ ਗ਼ਾਇਬ ਹੋ ਜਾਵਾਂਗੇ। ਲੱਭਦੇ ਰਹਿਣ ਫੇਰ।'

'ਅਗਲੇ ਅੰਦਰ ਦੇ ਦੇਣਗੇ ਮੈਨੂੰ !'

'ਹੋਰ ਵੀ ਚੰਗਾ ਏ, 'ਕੱਠੇ ਰਹਾਂਗੇ ! ਰੋਜ਼ ਰੋਜ਼ ਦੇ ਆਵਣ ਜਾਣ ਤੋਂ ਜਾਨ ਛੁੱਟੇਗੀ। ਤੇ ਪਰਾਹੁਣੇ ਵੀ ਸਰਕਾਰ ਦੇ !'

'ਤੈਨੂੰ ਉਹ ਮੇਰੇ ਨਾਲ ਰਹਿਣ ਦੇਣਗੇ !'

'ਕਿਉਂ ਨਹੀਂ ਭਲਾ ?'

'ਕਦੇ ਸਰੀਰ ਤੇ ਰੂਹ ਨੂੰ 'ਕੱਠਿਆਂ ਵੀ ਜੇਲ੍ਹ ਵਿਚ ਕੈਦ ਕੀਤਾ ਜਾਂਦਾ ਏ ? ਕੈਦ ਸਿਰਫ਼ ਸਰੀਰ ਹੋ ਸਕਦਾ ਏ। ਕਦੇ ਰੂਹ ਵੀ ਕੈਦ ਹੋ ਸਕਦੀ ਏ ? ਜੇ ਕਦੇ ਰੂਹਾਂ ਵੀ ਸਰੀਰਾਂ ਨਾਲ ਕੈਦ ਹੋ ਸਕਦੀਆਂ ਹੁੰਦੀਆਂ ਤਾਂ ਕੈਦ ਕਰਨ ਵਾਲਿਆਂ ਦੀ ਮੌਜ ਨਾ ਲੱਗ ਜਾਂਦੀ। ਬੰਦੇ ਰਾਤ ਰਾਤ ਵਿਚ ਈ ਮਰ ਜਾਂਦੇ। ਆਜ਼ਾਦ ਰੂਹ ਹੀ ਤਾਂ ਕੈਦ ਸਰੀਰ ਨੂੰ ਜੀਉਂਦਾ ਰੱਖਦੀ ਏ ਸਦਾ...। ਤੈਨੂੰ ਏਨੀ ਕੁ ਗੱਲ ਦਾ ਵੀ ਪਤਾ ਨਹੀਂ ਵੱਡੀਏ ਆਲਮੇ ਫ਼ਾਜ਼ਲੇ।'

'ਤੂੰ ਸਵੇਰੇ ਤਾਂ ਨਹੀਂ ਜਾ ਰਿਹਾ, ਅਜੇ ਤਾਂ ਮੈਂ ਤੈਨੂੰ ਘੱਲਣ ਲਈ ਜਿਹਨੀ ਤੌਰ ਤੇ ਤਿਆਰ ਹੀ ਨਹੀਂ ਤੇ ਨਾ ਤੈਨੂੰ ਜਾਂਦੀ ਵਾਰ ਦਾ ਅਜੇ ਮੈਂ ਪਿਆਰ ਕੀਤਾ ਏ।'

'ਸਵੇਰੇ ਛੇਤੀ ਆਵੀਂ, ਇਕ ਘੰਟਾ ਪਿਆਰ ਦਾ, ਇਕ ਘੰਟਾ ਪੈਕਿੰਗ ਦਾ, ਦੋ ਘੰਟੇ ਰਜਿਸਟਰੇਸ਼ਨ ਆਫ਼ਿਸ ਵਾਲਿਆਂ ਦੇ ਤੇ ਪੂਰੇ ਬਾਰਾਂ ਵਜੇ ਇਥੋਂ ਏਅਰ ਪੋਰਟ ਲਈ ਨਿਕਲ ਚੱਲਾਂਗੇ। ਹਵਾਈ ਕੰਪਨੀ ਦੇ ਮੁਤਾਬਕ ਸਾਨੂੰ ਡੇਢ ਵਜੇ ਏਅਰ ਪੋਰਟ ਰਿਪੋਰਟ ਕਰਨੀ ਏ।'

'ਐਸੀ ਦੀ ਤੈਸੀ ਤੇਰੀ !' ਉਹ ਲੜਨ ਨੂੰ ਤਿਆਰ ਏ। ਟੈਕਸੀ ਵਾਲਾ ਉਹਨਾਂ ਦੀਆਂ ਗੱਲਾਂ ਸੁਣਦਾ ਏ ਪਰ ਜ਼ਾਹਿਰ ਨਹੀਂ ਹੋਣ ਦੇਂਦਾ। ਉਹ ਕਹਿ ਰਹੀ ਏ, 'ਇਕ ਘੰਟੇ ਦਾ ਪੁੱਤਰ...ਮੇਰੇ ਆਖ਼ਰੀ ਪਿਆਰ ਨੂੰ ਅਠਾਈ ਵਰ੍ਹੇ ਚਾਹੀਦੇ ਨੇ, ਪੂਰੇ ਅਠਾਈ ਵਰ੍ਹੇ, ਜੋ ਮੈਂ ਤੈਨੂੰ ਤਾਂਘਿਆ, ਉਡੀਕਿਆ। ਸੁਣਦਾ ਏਂ ?' ਉਹ ਨਿੰਮ੍ਹਾ ਜਿਹਾ ਹੱਸਦਾ ਏ, ਉਹਨੂੰ ਹੌਸਲਾ ਦੇਣ ਲਈ ਪਿਆਰ ਕਰਨ ਨੂੰ ਉਹ ਵਜੂਦੀ ਕਰਾਈਸਿਸ ਆਖਦੀ, 'ਮੈਂ ਤੇਰੇ ਤਕ ਇਸ ਵਜੂਦੀ ਕਰਾਈਸਿਸ ਰਾਹੀਂ ਅੱਪੜਦੀ ਹਾਂ।'

ਉਹ ਅੱਗੋਂ ਚਿੜ੍ਹ ਕੇ ਕਹਿੰਦਾ, 'ਮੈਂ ਤੇਰੇ ਤਕ ਤੇਰੀ ਰੂਹ ਰਾਹੀਂ ਅਪੜਦਾ ਹਾਂ।' ਇਹ ਗੱਲ ਅਜੇ ਉਹ ਸਮਝਦੀ ਏ ਪਰ ਮੰਨਦੀ ਨਹੀਂ। ਉਹਦੇ ਉੱਤੇ ਪੱਛਮ ਦੇ ਅਦੀਬਾਂ ਤੇ ਖ਼ਾਸ ਤੌਰ ਤੇ ਫ਼ਰਾਂਸ ਦੀ ਮਾਰਗਰੇਟ ਡਿਊਰਾਜ਼ ਦਾ ਅਸਰ ਏ ਜੋ ਕਹਿੰਦੀ ਏ ਕੋਈ ਮਰਦ ਤੇ ਔਰਤ ਇਕ ਦੂਜੇ ਤਕ ਇਸੇ ਸਰੀਰ ਰਾਹੀਂ ਅਪੜਦੇ ਨੇ।

ਓਸ ਰਾਤ ਉਹ ਕਿਹੜੇ ਵੇਲੇ ਉਠਿਆ ਤੇ ਦਿਨ ਕਦੋਂ ਉਗਿਆ? ਇਹ ਰਾਤ ਕਿਸੇ ਬਹੁਤ ਬਿਮਾਰ ਬੰਦੇ ਦੀ ਰਾਤ ਵਾਂਗ ਦੀ ਰਾਤ ਸੀ। ਪੀੜਾਂ, ਹਾਵਾਂ ਤੇ ਹੌਕਿਆਂ ਨਾਲ ਭਰੀ ਹੋਈ ਰਾਤ, ਪੂਰੀ ਸਦੀ ਦੇ ਮੇਚੇ ਦੀ ਰਾਤ। ਉਹ ਸਵੇਰੇ ਸਾਢੇ ਨੌਂ ਵਜੇ ਆਉਂਦੀ ਏ। ਉਹਦਾ ਰੰਗ ਸਰ੍ਹੋਂ ਦੇ ਫੁੱਲ ਵਾਂਗ ਪੀਲਾ ਏ। ਉਹਦੀਆਂ ਅੱਖਾਂ ਵਿਚ ਜਿਵੇਂ ਸਦੀਆਂ ਦਾ ਜਗਰਾਤਾ ਏ। ਓਸ ਕੇਸਰੀ ਸਾੜ੍ਹੀ ਬੰਨ੍ਹੀ ਹੋਈ ਏ। ਸਾਰੇ ਹੀ ਰੰਗ ਵਿਛੜਨ ਵਾਲੇ ਉਦਾਸ ਕਰ ਦੇਣ ਵਾਲੇ...ਉਹ ਆਉਂਦਿਆਂ ਬਾਹਰ ਦਾ ਪਿਛਲੇ ਬੰਨੇ ਵਾਲਾ ਬੂਹਾ ਖੋਲ੍ਹਦੀ ਏ। ਖਿੜਕੀ ਤੋਂ ਪਰਦਾ ਖਿਸਕਾਉਂਦੀ ਏ।

'ਸੂਰਜ ਨੂੰ ਅੰਦਰ ਵੜਨ ਦੀ ਆਗਿਆ ਦਿਉ ਮਹਾਰਾਜ।'

ਉਹ ਹੱਸ ਕੇ ਕੌਫ਼ੀ ਬਣਾ ਕੇ ਦੋ ਮੱਗਾਂ ਵਿਚ ਉਹਦੇ ਕੋਲ ਮੇਜ਼ ਤੇ ਲਿਆ ਰੱਖਦੀ ਏ। ਆਪਣੇ ਪਰਸ ਵਿੱਚੋਂ ਇਕ ਲਿਫ਼ਾਫ਼ਾ ਕੱਢਦੀ ਏ, ਜਿਸ ਵਿਚ ਕੁਝ ਤਾਜ਼ੇ ਸੈਂਡਵਿਚਿਜ਼ ਨੇ। ਉਹਦੀ ਮੰਜੀ ਤੇ ਬੈਠ ਕੇ ਉਹ ਸੈਂਡਵਿਚਿਜ਼ ਉਹਨੂੰ ਧੱਕੇ ਨਾਲ ਖਵਾਂਦੀ ਏ, ਕੌਫ਼ੀ ਨਾਲ ਘੁੱਟ ਵੱਟੀ। ਉਹ ਕੁਝ ਬੋਲਦਾ ਨਹੀਂ। ਉਹ ਵੀ ਕੁਝ ਬੋਲਦੀ ਨਹੀਂ। ਲੱਗਦਾ ਏ ਵਿਛੜਨ ਵਾਲੀ ਘੜੀ ਨੇ, ਜੋ ਅਜੇ ਉਹਨਾਂ ਤੋਂ ਕੁਝ ਘੰਟੇ ਦੂਰ ਖਲੀ ਸੀ, ਉਹਨਾਂ ਵਿੱਚੋਂ ਸਾਰਾ ਸਾਹ ਸੱਤ ਕੱਢ ਲਿਆ ਸੀ। ਦੋਵੇਂ ਆਪਣੇ ਆਪਣੇ ਦਿਲਾਂ ਵਿਚ ਇਹ ਗੱਲ ਪੱਕੀ ਤਰ੍ਹਾਂ ਜਾਣਦੇ ਸਨ ਪਈ ਹੋਰ ਤਿੰਨਾਂ ਚੌਹਾਂ ਘੰਟਿਆਂ ਮਗਰੋਂ ਉਹ ਵਿਛੜ ਜਾਣਗੇ। ਦੋਵਾਂ ਨੂੰ ਨਾ ਹੀ ਇਹ ਪਤਾ ਸੀ ਤੇ ਨਾ ਹੀ ਇਹ ਪਤਾ ਚੱਲ ਸਕਦਾ ਸੀ ਪਈ ਫੇਰ ਉਹ ਕਦੋਂ ਮਿਲਣਗੇ, ਫੇਰ ਉਹ ਕਦੋਂ ਕਿਸੇ ਕਮਰੇ ਦੇ ਬਾਹਰਲੇ ਬੂਹੇ ਦੀ ਕੁੰਡੀ ਨਾਲ ਅਬਦ ਨੂੰ ਬੰਨ੍ਹ ਸਕਣਗੇ? ਕੀ ਕਦੇ ਉਹ ਫੇਰ ਮਿਲ ਵੀ ਸਕਣਗੇ? ਉਹ ਕੌਫ਼ੀ ਪੀ ਕੇ ਉਹਦੀ ਪੈਕਿੰਗ ਕਰ ਰਹੀ ਏ ਕਿਸੇ ਰੋਬੋਟ ਵਾਂਗ। ਤੇ ਉਹ ਉਸ ਸ਼ਹਿਰ ਵਿਚ ਆਪਣੀ ਆਖ਼ਰੀ ਸ਼ੇਵ ਕਰ ਕੇ ਨਹਾਉਣ ਲਈ ਤਿਆਰ ਏ। ਜੀਹਨੂੰ ਉਹ ਸਵਾਣੀ ਆਖਦਾ ਏ ਉਹ ਸਵਾਣੀ ਨਹੀਂ ਕੋਈ ਕੁੜੀ ਏ ਅਠਾਈਆਂ ਵਰ੍ਹਿਆਂ ਦੀ, ਕੰਜ ਕੁਆਰੀ ਕੁੜੀ। ਪੰਜਾਬ ਤੋਂ ਦੂਰ ਇਕ ਕਾਸਮੋਪੋਲੀਟਨ ਸ਼ਹਿਰ ਵਿਚ ਜੰਮੀ ਪਲੀ। ਪੱਛਮੀ ਤਾਲੀਮ ਨਾਲ ਲਿਬੜੀ ਤੇ ਪੱਛਮੀ ਤੌਰ ਤਰੀਕਿਆਂ ਵਿਚ ਗੁੜ੍ਹੀ ਹੋਈ ਤੇ ਓਸ ਰਹਿਤਲ ਦੇ ਤੌਰ ਤਰੀਕਿਆਂ ਨਾਲ ਜੁੜੀ ਹੋਈ। ਤਿੰਨਾਂ ਚੌਹਾਂ ਜ਼ਬਾਨਾਂ ਦੀ ਮਾਹਿਰ ਵੀ ਤੇ ਲਿਖਿਆਰ ਵੀ। ਪਿਆਰ ਦੇ ਅਮਰ ਪਲਾਂ ਵਿਚ ਜਾਂ ਡਰ ਖ਼ੌਫ਼ ਤੇ ਦਹਿਸ਼ਤ ਦੇ ਘੇਰੇ ਵਿਚ ਜਦੋਂ ਹਰ ਸ਼ੈਅ ਆਪਣੇ ਮਸਲੇ ਉੱਤੇ ਆ ਜਾਂਦੀ ਏ ਉਹ ਕੁੜੀ ਉਦੋਂ ਵੀ ਕੋਈ ਪੱਛਮੀ ਕੁੜੀ ਲੱਗਦੀ ਏ। ਗੱਭਰੂ ਓਸ ਕੁੜੀ ਨੂੰ ਪਿਆਰ ਕਰਦਾ ਏ। ਅੰਨ੍ਹਾ ਤੇ ਅਣਮੁੱਹਾਂ ਪਿਆਰ। ਉਹ ਕੁੜੀ ਉਹਦੀ ਹਯਾਤੀ ਵਿਚ ਪਹਿਲੀ ਕੁੜੀ ਏ। (ਭਾਵੇਂ ਜੇ ਪਹਿਲੋਂ ਵੀ ਕਈ ਕੁੜੀਆਂ ਏਧਰੋਂ ਉਧਰੋਂ ਆ ਕੇ ਉਹਦੇ ਨਿੱਤਰੇ ਪਾਣੀ ਵਿਚ ਆਪਣੀ ਗਹਿਰ ਘੋਲਦੀਆਂ ਰਹੀਆਂ) ਜੋ ਉਹਦੇ ਸਰੀਰ ਤੇ ਉਹਦੀ ਰੂਹ ਦਾ ਇਕ ਹਿੱਸਾ ਏ, ਸਗੋਂ ਸਿੱਧਾ ਸਾਵਾਂ



Academy of the Punjab in North America: http://www.apnaorg.com

ਅੱਧਾ ਹਿੱਸਾ। ਇਹ ਗੱਲ ਕੁੜੀ ਦੇ ਮੰਨਣ ਵਿਚ ਨਹੀਂ ਆਉਂਦੀ ਤੇ ਆ ਵੀ ਕਿੰਝ ਸਕਦੀ ਏ। ਇਹ ਤਾਂ ਠੀਕ ਏ ਪਈ ਉਸ ਪੰਜਾਬਣ ਕੁੜੀ ਦੇ ਦਿਲ ਤੇ ਰੂਹ ਵਿਚ ਪੰਜਾਬ ਦੇ ਮੈਦਾਨਾਂ ਦਾ ਖਿਲਾਰ, ਉਹਦੀ ਚਾਹ ਵਿਚ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਹੜ੍ਹਾਂ ਵਾਲਾ ਅੰਨ੍ਹਾ ਜ਼ੋਰ, ਉਹਦੇ ਰੂਪ ਵਿਚ ਪੰਜਾਬ ਦੇ ਡੁੱਬਦੇ ਚੜ੍ਹਦੇ ਸੂਰਜ ਦੀ ਲਾਲੀ, ਉਹਦੇ ਸਾਹਵਾਂ ਵਿਚ ਪੰਜਾਬ ਦੇ ਸਾਰੇ ਫੁੱਲਾਂ ਦੀ ਵਾਸ਼ਨਾ, ਉਹਦੇ ਮੁੜ੍ਹਕੇ ਵਿਚ ਪੰਜਾਬ ਦੀ ਮਿੱਟੀ ਦੀਆਂ ਸਾਰੀਆਂ ਮਹਿਕਾਂ ਹੈ ਨੇ, ਤੇ ਵਾਫ਼ਰ ਨੇ। ਪਰ ਕੁੜੀ ਨੂੰ ਪੰਜਾਬ ਦੀ ਵਡਿਆਈ, ਪੰਜਾਬ ਉੱਤੇ ਪਈ ਰਤੀ ਲਹੂਓ-ਲਹੂ ਜ਼ਖ਼ਮਾਂ ਦੀ ਫੁਲਕਾਰੀ, ਪੰਜਾਬ ਦੇ ਦਰਦਾਂ, ਦੁੱਖਾਂ ਦਾ ਗਿਆਨ ਕੋਈ ਨਹੀਂ। ਖ਼ੌਰੇ ਇਸ ਬਾਰੇ ਉਸ ਕਦੀ ਸੋਚਿਆ ਹੀ ਨਹੀਂ ਸੀ। ਗੱਭਰੂ ਦੇ ਚਿਹਰੇ ਵਿਚ ਕੁੜੀ ਨੇ ਪਹਿਲੀ ਵਾਰ ਪੰਜਾਬ ਦਾ ਚਿਹਰਾ ਵੇਖਿਆ ਸੀ ਤੇ ਉਹ ਆਪਣੇ ਅਸਲ ਵੱਲ ਨੂੰ ਪਰਤੀ ਸੀ। ਸਾਰਾ ਕੁਝ ਹੀ ਉਹਦੇ ਅੰਦਰ ਸੀ। ਅੰਦਰ ਪਏ ਭਾਰੇ ਲੋਹੇ ਦੇ ਸੰਦੂਕ ਦਾ ਜੰਗਾਲ ਖਾਧਾ ਕੁੰਡਾ ਖੁੱਲ੍ਹਿਆ ਤੇ ਸਾਰਾ ਕੁਝ ਹੀ ਤੜਫ਼ ਕੇ ਬਾਹਰ ਆ ਗਿਆ। ਹੁਣ ਉਹ ਆਪਣੀ ਅਮੀਰੀ ਤੇ ਹੈਰਾਨ ਸੀ...। ਉਹ ਕੁੜੀ, ਹਿਰਨੀ ਕੁੜੀ, ਬਾਂਕੀ, ਮਲੂਕ, ਕੱਚ ਦੀ ਗੁੱਡੀ, ਹੱਥ ਲਾਇਆਂ ਟੁੱਟ ਜਾਣ ਵਾਲੀ। ਕੁੜੀ ਦਾ ਸਾਰੇ ਦਾ ਸਾਰਾ ਸਰੀਰ ਸੰਧੂਰ ਤੇ ਮੈਦਾ ਰਲਾ ਕੇ ਰੱਬ ਨੇ ਆਪ ਆਪਣੇ ਹੱਥੀਂ ਕਿਸੇ ਵਿਹਲੇ ਸਮੇਂ ਬੈਠ ਕੇ ਬਣਾਇਆ ਲੱਗਦਾ। ਵੇਖੇ ਤੇ ਮੈਲੀ ਹੋ ਜਾਣ ਵਾਲੀ। ਦੇਹ ਭਾਵੇਂ ਕੁਝ ਮਾਰੀ ਫੰਡੀ ਲੱਗਦੀ ਮੌਸਮਾਂ ਦੀ, ਪਰ ਬੜੀ ਜੀਊਂਦੀ, ਬੜੀ ਸਤ ਵਾਲੀ ਤੇ ਬੜੀ ਤ੍ਰਿਹਾਈ...।

ਕੁੜੀ ਨੇ ਪਹਿਲੀ ਵਾਰ ਉਹਨੂੰ ਉਹਨਾਂ ਅਮਰ ਪਲਾਂ ਵਿੱਚੋਂ ਕਿਸੇ ਇਕ ਪਲ ਵਿਚ ਆਖਿਆ ਸੀ, 'ਆਹੋ ਮੇਰਿਆ ਬੱਦਲਾ ਸਾਉਣ ਦਿਆ, ਮੈਂ ਤੈਨੂੰ ਪਿਛਲੇ ਅਠਾਈ ਵਰ੍ਹੇ ਉਡੀਕਿਆ ਏ।' ਉਹ ਨਾਜ਼ਕ ਮਲੂਕ ਕੱਚ ਦੀ ਬਣੀ ਹੋਈ ਜੀਹਨੂੰ ਪੋਲਾ ਜਿਹਾ ਹੱਥ ਲਾਉਂਦਿਆਂ ਵੀ ਉਹ ਡਰਦਾ। ਭੜਕ ਕੇ ਅੱਗ ਦਾ ਮੱਚ ਬਣ ਜਾਂਦੀ। ਮੱਚ, ਜੀਹਦੀਆਂ ਲਾਟਾਂ ਅਸਮਾਨ ਵੀ ਲੂਹ ਦੇਂਦੀਆਂ...। ਖਿੱਲਰ ਕੇ ਪੰਜਾਬ ਦੀ ਧਰਤੀ ਦੀ ਤਰ੍ਹਾਂ ਵਿਸ਼ਾਲ ਹੋ ਜਾਂਦੀ।...ਹੜ੍ਹ ਬਣ ਕੇ ਪੰਜਾਂ ਦਰਿਆਵਾਂ ਦੇ ਪਾਣੀਆਂ ਦੇ ਜ਼ੋਰ ਤੋਂ ਕਿਤੇ ਅਗਾਂਹ ਲੰਘ ਜਾਂਦੀ। ਪੰਜਾਬ ਉਹਦੇ ਅੰਦਰ ਜਾਗਦਾ, ਵਾਸ਼ਨਾ ਵਾਂਗ, ਲੋਅ ਵਾਂਗ, ਚਾਨਣ ਵਾਂਗ, ਧੁੱਪ ਵਾਂਗ...ਉਹ ਗੁੱਡੀ ਜਿਹੀ ਪਰੀ ਕੋਈ ਸ਼ੇਰਨੀ ਬਣ ਜਾਂਦੀ। ਪੈਰਾਂ ਤੇ ਖਲੋ ਕੇ ਲਹੂ ਲੁਹਾਨ ਹੋ ਜਾਣ ਵਾਲੀ, ਪਰ ਪੈਰਾਂ ਦੀ ਮਿੱਟੀ ਨਾ ਛੱਡਣ ਵਾਲੀ। ਗੱਭਰੂ ਨੂੰ ਕੱਚ ਦੀ ਕੁੜੀ ਦੀ ਇਹ ਜੁਰਅਤ ਬੜੀ ਭਾਉਂਦੀ। ਟੁੱਟਦੇ ਜੋੜਾਂ ਤੇ ਕੜਕਦਿਆਂ ਹੱਡਾਂ ਵਿੱਚੋਂ ਵੀ ਉਹ ਗੱਭਰੂ ਨੂੰ ਅੱਖਾਂ ਮੀਟੀ ਪਰ ਹੱਸ ਕੇ ਆਖਦੀ, 'ਮੇਰੀ ਖ਼ੈਰ ਏ ਤੂੰ ਆਪਣੀ ਫ਼ਿਕਰ ਕਰੀਂ।' ਪੰਜਾਬ ਦੀਆਂ ਜੰਗਾਂ ਦਾ ਇਹ ਨਾਹਰਾ ਕੁੜੀ ਦੇ ਮੂੰਹੋਂ ਸੁਣ ਕੇ ਉਹ ਨਿਹਾਲ ਹੋ ਜਾਂਦਾ। ਇਹ ਕੁਰਬਾਨੀ ਤੇ ਆਪਣੇ ਆਪ ਨੂੰ ਮਾਰ ਕੇ ਵੀ ਦੂਜੇ ਦੀ ਖ਼ੈਰ ਮੰਗਣੀ, ਇਹ ਇਸ਼ਕ ਦੀ ਸੁਹਣੀ ਰੀਤ ਪੰਜਾਬ ਦਾ ਹੀ ਹਿੱਸਾ ਹੈ। ਗੱਭਰੂ ਦੇ ਕੰਨ ਤੇ ਕੁੜੀ ਦਾ ਨਾਹਰਾ ਰਲ ਕੇ ਪੂਰਾ ਪੰਜਾਬ ਬਣਦਾ। ਸਦਾ ਜੀਊਣ ਜਾਗਣ ਵਾਲਾ ਪੰਜਾਬ। ਕੁੜੀ ਤੇ ਗੱਭਰੂ ਲਈ ਉਹਨਾਂ ਦਾ ਸੈਂਟਰ ਆਫ਼ ਯੂਨੀਵਰਸ। ਬੁਚਕੀਆਂ ਬੁਚਕੇ ਬੰਨ੍ਹ ਕੇ ਗੱਭਰੂ ਤੇ ਸਵਾਣੀ ਰਜਿਸਟਰੇਸ਼ਨ ਵਾਲਿਆਂ ਦੇ ਦਫ਼ਤਰ

ਜਾਣ ਲਈ ਨਿਕਲਦੇ ਨੇ। ਹੁਣ ਸਵਾਣੀ ਗੱਭਰੂ ਦੀਆਂ ਤਸਵੀਰਾਂ ਖਿੱਚ ਰਹੀ ਏ, ਟਿਚ ਟਿਚ। ਉਹਦੇ ਹਰ ਪਲ ਦੀ ਤਸਵੀਰ ਜੋ ਉਹ ਤਿੰਨ ਵੀਹਾਂ ਤੇ ਸਤਾਰਾਂ ਦਿਨ ਖਿੱਚਦੀ ਰਹੀ ਏ। ਗੱਭਰੂ ਦੇ ਹਰ ਪਲ ਨੂੰ ਫ਼ਿਲਮ ਤੇ ਕੈਦ ਕਰਦੀ ਹੋਈ, ਉਹਦੇ ਹਰ ਪਲ ਨੂੰ ਆਪਣੀ ਅੱਖ ਰਾਹੀਂ ਆਪਣੀ ਪਕੜ ਵਿਚ ਲੈਂਦੀ ਹੋਈ, ਸੜਕ ਤੇ ਆ ਕੇ ਉਹ ਆਈ.ਟੀ.ਓ. ਦੇ ਸਾਹਮਣੇ ਰਜਿਸਟਰੇਸ਼ਨ ਦਫ਼ਤਰ ਜਾਣ ਲਈ ਰਿਕਸ਼ਾ ਫੜਦੀ ਏ, ਆਉਣ ਜਾਣ ਲਈ। ਰਾਹ ਵਿਚ ਉਹ ਆਪਣੀ ਫ਼ਿਲਮ ਇਕ ਲੈਬਾਰਟਰੀ ਨੂੰ ਇਕ ਘੰਟੇ ਵਿਚ ਤਿਆਰ ਕਰਨ ਲਈ ਡਬਲ ਰੇਟ ਤੋਂ ਵੀ ਦੂਣੇ ਰੇਟ ਤੇ ਦੇਂਦੀ ਏ। ਉਹ ਆਪਣੇ ਗੱਭਰੂ ਨੂੰ ਜਾਣ ਤੋਂ ਪਹਿਲਾਂ ਇਹ ਤਸਵੀਰਾਂ ਦੇਣੀਆਂ ਚਾਹੁੰਦੀ ਏ। ਵੱਡੇ ਸ਼ਹਿਰ ਦੀਆਂ ਰਸ਼ ਭਰੀਆਂ ਸੜਕਾਂ, ਹੌਲੀ ਹੌਲੀ ਬਿਮਾਰ ਬੰਦੇ ਵਾਂਗ ਹਜੋਕੇ ਮਾਰਦਾ, ਖੰਘਦਾ, ਟੁਰਦਾ ਰਿਕਸ਼ਾ, ਉਹ ਰਿਕਸ਼ੇ ਵਾਲੇ ਨੂੰ ਹੋਰ ਤੇਜ਼, ਹੋਰ ਛੇਤੀ ਤੁਰਨ ਦਾ ਆਖਦੀ ਤੁਰੀ ਜਾਂਦੀ ਏ। ਰਜਿਸਟਰੇਸ਼ਨ ਦਾ ਦਫ਼ਤਰ ਆ ਗਿਆ। ਗੱਭਰੂ ਦੀ ਬਾਂਹ ਫੜ ਕੇ ਉਹ ਉਹਨੂੰ ਰਸ਼ ਭਰੀ ਸੜਕ ਪਾਰ ਕਰਾਉਂਦੀ ਏ। ਜਿਵੇਂ ਕੋਈ ਅੰਨ੍ਹਾ ਬੋਲਾ ਬਾਲ ਹੋਵੇ। ਰਜਿਸਟਰੇਸ਼ਨ ਵਾਲਿਆਂ ਦਾ ਦਫ਼ਤਰ ਇਕ ਅਜਿਹਾ ਦਫ਼ਤਰ ਏ ਜਿਥੇ ਗੱਭਰੂ ਉਸ ਆਪਣੀ ਸਵਾਣੀ ਨੂੰ ਆਪਣੇ ਨਾਲ ਨਹੀਂ ਲੈ ਕੇ ਜਾਂਦਾ। ਦਫ਼ਤਰ ਵਿਚ ਰੰਗ-ਬਰੰਗੇ ਲੋਕਾਂ ਤੋਂ ਉਹ ਸਵਾਣੀ ਨੂੰ ਬਚਾ ਕੇ ਰੱਖਦਾ ਏ—ਰੰਗ-ਬਰੰਗੇ ਲੋਕ, ਪੁਲੀਸ, ਖ਼ੁਫ਼ੀਆ ਪੁਲੀਸ, ਸਕਿਊਰਟੀ, ਸੀ.ਬੀ.ਆਈ. ਤੇ ਹੋਰ ਸੌ ਤਰ੍ਹਾਂ ਦੇ ਲੋਕ। ਸ਼ੁਰੂ ਸ਼ੁਰੂ ਵਿਚ ਇਕ ਦਿਨ ਇਕ ਸਕਿਊਰਟੀ ਅਫ਼ਸਰ ਨੇ ਕੁੜੀ ਨੂੰ ਗੱਭਰੂ ਬਾਰੇ ਕੁਝ ਪੁੱਛਿਆ ਸੀ ਜਾਂ ਸ਼ਾਇਦ ਉਹਦੇ ਇਸ ਤਰ੍ਹਾਂ ਇਕ ਦੂਜੇ ਤੇ ਦੁਸ਼ਮਣ ਮੁਲਕ ਦੇ ਬੰਦੇ ਨਾਲ ਦਿਨ ਰਾਤ ਤੁਰੇ ਫਿਰੇ ਰਹਿਣ ਉੱਤੇ ਕੁਝ ਡਰਾਉਣਾ ਚਾਹਿਆ ਸੀ। ਉਸ ਅੱਗੋਂ ਕਿਸੇ ਜ਼ਖ਼ਮੀ ਬਘਿਆੜੀ ਵਾਂਗ ਘੁਰਕ ਕੇ ਉਸ ਨੂੰ ਝਾੜਿਆ ਸੀ। ਉਹ ਇਸ ਸ਼ਹਿਰ ਵਿਚ ਨਵਾਂ ਏ, ਮੇਰਾ ਪਰਾਹੁਣਾ ਏ। ਉਹਦੇ ਨਾਲ ਦਿਨ ਰਾਤ ਮੈਂ ਨਾ ਫਿਰਾਂਗੀ ਤਾਂ ਕੀ ਕੋਈ ਸਕਿਊਰਟੀ ਇੰਸਪੈਕਟਰ ਫਿਰੇਗਾ। ਤੇ ਓਦੂੰ ਮਗਰੋਂ ਸਕਿਊਰਟੀ ਦਾ ਕੋਈ ਪੰਖੇਰੂ ਵੀ ਉਹਦੇ ਨੇੜੇ ਨਾ ਫੜਕਿਆ। ਕੁਝ ਉਹ ਉਸ ਕੁੜੀ ਤੋਂ ਡਰਦੇ ਸਨ ਤੇ ਕੁਝ ਉਹ ਕੋਈ ਆਮ ਕੁੜੀ ਤੇ ਨਹੀਂ ਸੀ ਨਾ। ਕੁੜੀ ਬਾਹਰ ਲਾਅਨ ਵਿਚ ਖਲੋ ਕੇ ਉਹਨੂੰ ਉਡੀਕਦੀ। ਰਿਕਸ਼ੇ ਵਾਲਾ ਉਹਨੂੰ ਸੜਕ ਦੇ ਪਾਰ ਖਲੋਤਾ ਉਡੀਕਦਾ ਏ। ਗੱਭਰੂ ਅੰਦਰ ਰਜਿਸਟਰੇਸ਼ਨ ਵਾਲਿਆਂ ਨੂੰ ਦੱਸ ਰਿਹਾ ਏ ਕਿ ਉਹ ਅੱਜ ਵਾਪਸ ਜਾ ਰਿਹਾ ਏ ਤੇ ਆਪਣੇ ਕਾਗ਼ਜ਼ ਉਹਨਾਂ ਦੇ ਹੱਥ ਫੜਾਉਂਦਾ ਏ।

'ਹੋਰ ਵੀਜ਼ਾ ਨਹੀਂ ਵਧਵਾਇਆ ?' ਉਹ ਪੁੱਛਦੇ ਨੇ। ਅੱਗੇ ਦੋ ਵਾਰ ਉਹ ਆਪਣਾ ਵੀਜ਼ਾ ਵਧਵਾ ਚੁੱਕਾ ਹੈ, ਇਕ ਵਾਰ ਸਤਾਰਾਂ ਦਿਨ ਤੇ ਦੂਜੀ ਵਾਰ ਤੀਹ ਦਿਨ। ਅਜੇ ਤੇਰਾਂ ਦਿਨ ਉਹਦਾ ਵੀਜ਼ਾ ਜੇ ਸਰਕਾਰ ਚਾਹੁੰਦੀ ਤਾਂ ਹੋਰ ਵੱਧ ਸਕਦਾ ਸੀ। ਕਿਉਂਜੁ ਉਹ ਨੱਬੇ ਦਿਨਾਂ ਤੋਂ ਵੱਧ ਉਸ ਮੁਲਕ ਵਿਚ ਨਹੀਂ ਸੀ ਰਹਿ ਸਕਦਾ। ਪਰ ਆਖ਼ਰੀ ਤੇਰਾਂ ਦਿਨਾਂ ਲਈ ਉਸ ਦਰਖ਼ਾਸਤ ਹੀ ਨਾ ਦਿੱਤੀ ਸੀ। 'ਨਹੀਂ!' ਗੱਭਰੂ ਜੋ ਖ਼ੁਸ਼ਦਿਲੀ ਨਾਲ ਆਖਦਾ ਏ। 'ਮੈਂ ਅੱਜ ਹੀ ਜਾ ਰਿਹਾ ਹਾਂ।' ਖ਼ੁਫ਼ੀਆ ਪੁਲੀਸ ਤੇ ਸਕਿਊਰਟੀ ਵਾਲਿਆਂ ਦੀ ਜਾਨ ਵਿਚ ਜਾਨ ਆਉਂਦੀ ਹੈ। ਇੰਞ ਤਿੰਨ ਘੱਟ ਚਾਰ ਵੀਹਾਂ ਦਿਨ



Academy of the Punjab in North America: http://www.apnaorg.com

ਉਹ ਉਹਦੇ ਪਿੱਛੇ ਲੁੱਕਦੇ ਲੁੱਕਦੇ ਫਿਰ ਫਿਰ ਝੱਬ ਗਏ ਸਨ। ਉਹ ਕੀ ਪੜ੍ਹਦਾ ਏ ? ਉਹ ਕੀ ਲਿਖਦਾ ਏ ? ਉਹ ਕੀ ਕਹਿੰਦਾ ਏ, ਉਹ ਕਿਥੇ ਕਿਥੇ ਫਿਰਦਾ ਏ, ਉਹ ਕੀਹਨੂੰ ਕੀਹਨੂੰ ਮਿਲਦਾ ਏ, ਉਹਨੂੰ ਕੌਣ ਕੌਣ ਮਿਲਦਾ ਏ, ਕਿਉਂ ਮਿਲਦਾ ਹੈ ? ਉਹ ਸਵੇਰ ਦਾ ਨਾਸ਼ਤਾ ਕਿਥੇ ਕਰਦਾ ਏ, ਦੁਪਹਿਰ ਦੀ ਰੋਟੀ ਕਿਥੇ ਖਾਂਦਾ ਏ, ਕਿਹੜੇ ਰਿਕਸ਼ੇ ਤੇ ਚੜ੍ਹਦਾ ਏ, ਉਹਦਾ ਕੀ ਨੰਬਰ ਏ ? ਕਿਥੋਂ ਚੜ੍ਹਦਾ ਤੇ ਕਿਥੇ ਉਤਰਦਾ ਏ, ਉਹ ਕਿਹੜੇ ਸਿਗਰੇਟ ਤੇ ਕਿੰਨੇ ਪੀਂਦਾ ਏ ? ਜਿਹੜੀਆਂ ਅਦਬੀ ਮੀਟਿੰਗਾਂ ਵਿਚ ਉਹ ਜਾਂਦਾ ਏ ਉਥੇ ਹੋਰ ਕੌਣ ਕੌਣ ਲੋਕ ਹੁੰਦੇ ਨੇ ? ਉਹ ਉਥੇ ਕੀ ਗੱਲਾਂ ਕਰਦਾ ਏ ? ਨਜ਼ਮਾਂ ਪੜ੍ਹਦਿਆਂ ਉਹ ਕਿਉਂ ਰੋਂਦਾ ਏ ? ਲੋਕ ਸੁਣਦੇ ਹੋਏ ਕਿਉਂ ਰੋਂਦੇ ਨੇ ? ਇਕ ਇਕ ਬੰਦੇ ਨੂੰ ਮਿਲ ਮਿਲ ਕੇ ਉਹਨਾਂ ਨੂੰ ਡਰਾਉਣ ਤੇ ਉਹਨਾਂ ਤੋਂ ਉਹਦੇ ਬਾਰੇ ਇਕ ਇਕ ਗੱਲ ਇਕੱਠੀ ਕਰਨ ਦਾ ਉਹਨਾਂ ਨੂੰ ਹੁਕਮ ਸੀ। ਜਿਥੇ ਉਹ ਨਜ਼ਮਾਂ ਪੜ੍ਹਦਾ ਰੋਂਦਾ ਤੇ ਸੁਨਣ ਵਾਲੇ ਲੋਕ ਰੋਂਦੇ, ਖ਼ੁਫ਼ੀਆ ਪੁਲੀਸ ਤੇ ਉਹਨਾਂ ਅੱਥਰੂਆਂ ਦੀ ਗਿਣਤੀ ਵੀ ਜਾਣਦੀ। ਭਾਵੇਂ ਸਰਕਾਰਾਂ ਨੂੰ ਅੱਥਰੂਆਂ ਦੀ ਗਿਣਤੀ ਦੀ ਲੋੜ ਨਹੀਂ ਹੁੰਦੀ ਪਰ ਉਹਦੇ ਲੋਕ ਤਾਂ ਉਹਦੇ ਅੱਥਰੂ ਆਪਣੀਆਂ ਪੱਗਾਂ ਤੇ ਆਪਣਿਆਂ ਦੁਪੱਟਿਆਂ ਵਿਚ ਘੁੱਟਕੇ ਬੰਨ੍ਹ ਲੈਂਦੇ। ਤੇ ਓਸ ਸ਼ਹਿਰ ਵਿਚ ਐਸਾ ਜੀਅ ਵੀ ਹੈ ਸੀ ਜਿਸ ਕੋਲ ਇਹਨਾਂ ਸਾਰੇ ਅੱਥਰੂਆਂ ਦੀ ਗਿਣਤੀ ਨਿੱਘ ਤੇ ਚਾਨਣ ਸਦਾ ਲਈ ਮਹਿਫ਼ੂਜ਼ ਸੀ। ਉਹ ਇਹ ਕੁੜੀ ਸੀ ਜੋ ਓਸ ਵੇਲੇ ਪੁਲੀਸ ਹੈਡਕਵਾਟਰ ਦੇ ਸਾਹਮਣੇ ਲਾਅਨ ਵਿਚ ਕਿਸੇ ਰਾਜਕੁਮਾਰੀ ਵਾਂਗ ਟਹਿਲ ਰਹੀ ਸੀ।

'ਕੋਫ਼ੀ ਦਾ ਇਕ ਕੱਪ ਹੋ ਜਾਵੇ।' ਸਕਿਊਰਟੀ ਵਾਲਿਆਂ ਦਾ ਲਾ-ਗਰੈਜੂਏਟ ਏ.ਐਸ.ਪੀ. ਗੱਭਰੂ ਨੂੰ ਪੁੱਛਦਾ ਏ।

'ਜੀ ਸ਼ੁਕਰੀਆ। ਮੈਂ ਕਾਹਲੀ ਵਿਚ ਆਂ।'

'ਸਾਨੂੰ ਅਫ਼ਸੋਸ ਏ ਤੁਸੀਂ ਪੰਜਾਬ ਵਿਚ ਆਪਣਾ ਜਨਮ ਅਸਥਾਨ ਵੇਖਣ ਨਾ ਜਾ ਸਕੇ—ਪਾਲਿਸੀ ਮੈਟਰ।'

'ਹਾਂ,' ਗੱਭਰੂ ਆਪਣੇ ਅੱਥਰੂ ਡੱਕਦਾ ਏ। 'ਤੁਹਾਡੇ ਇਥੇ ਕਿਆਮ ਵਿਚ ਸਾਡੇ ਵੱਲੋਂ ਕੋਈ ਤੁਹਾਨੂੰ ਕੋਈ ਸ਼ਿਕਾਇਤ ਤੇ ਨਹੀਂ ਹੋਈ,' ਉਸ ਉਠਕੇ ਹੱਥ ਮਿਲਾਉਂਦਿਆਂ ਹੋਇਆਂ ਕਿਹਾ।

'ਜੀ ਨਹੀਂ, ਤੁਹਾਡੀ ਮਿਹਰਬਾਨੀ!' ਏ.ਐਸ.ਪੀ. ਦੀ ਸ਼ਿਕਾਇਤ ਵਾਲੀ ਗੱਲ ਦਾ ਮਤਲਬ ਸੀ, ਇਕ ਮਾਅਨਾ ਸੀ। ਪਹਿਲੇ ਤਿੰਨ ਚਾਰ ਦਿਨ ਇਕ ਇੰਸਪੈਕਟਰ ਸਕੂਟਰ ਤੇ ਉਹਦੇ ਪਿੱਛੇ ਫਿਰ ਫਿਰ ਕੇ ਸ਼ੁਦਾਈ ਹੋ ਗਿਆ। ਰਾਤ ਲੇਟ ਜਦੋਂ ਉਹ ਕਿਸੇ ਦਾਅਵਤ ਤੋਂ ਵਾਪਸ ਹੋਸਟਲ ਆਉਂਦਾ ਤਾਂ ਉਹ ਇੰਸਪੈਕਟਰ ਬੜੀ ਬੇ-ਤੁਕੱਲਫ਼ੀ ਨਾਲ ਉਹਦੇ ਕਮਰੇ ਵਿਚ ਆ ਬੈਠਦਾ। 'ਕਿਥੇ ਕਿਥੇ ਗਏ ? ਕਿਉਂ ਗਏ ? ਕਦੋਂ ਗਏ ? ਉਹਨਾਂ ਤੁਹਾਨੂੰ ਕਿਉਂ ਬੁਲਾਇਆ ?' ਤੇ ਇਸ ਤਰ੍ਹਾਂ ਦੇ ਫ਼ਜ਼ੂਲ ਬੇ-ਮਾਅਨੀ ਸਵਾਲ। ਚੌਥੇ ਦਿਨ ਜਦੋਂ ਉਹ ਆਪਣੇ ਇਕ ਬਾ-ਅਸਰ ਯਾਰ ਤੇ ਮੈਂਬਰ ਪਾਰਲੀਮੈਂਟ ਨਾਲ ਹੋਮ-ਮਨਿਸਟਰੀ ਦੇ ਬਹੁਤ ਵੱਡੇ ਅਫ਼ਸਰ ਕੋਲ ਪੰਜਾਬ ਜਾਣ ਲਈ ਵੀਜ਼ੇ ਦੀ ਦਰਖ਼ਾਸਤ ਦੇਣ ਲਈ ਬੈਠਾ ਸੀ, ਉਸ ਅਫ਼ਸਰ ਨੂੰ ਹੱਸ ਕੇ ਕਿਹਾ ਸੀ:

'ਮੈਂ ਸ਼ਾਇਰ ਆਂ, ਤੁਹਾਡੇ ਇਕ ਸਰਕਾਰੀ ਅਦਾਰੇ ਦੀ ਦਾਅਵਤ ਤੇ ਇਥੇ ਆਇਆ ਆਂ। ਮੈਂ ਵਕੀਲ ਵੀ ਆਂ ਤੇ ਸਿਆਸਤਦਾਨ ਵੀ। ਸੋ ਮੈਂ ਜਾਣਦਾ ਆਂ ਕਿ ਕਿਹੜੀ ਗੱਲ ਕਿਥੇ ਕਰਨੀ ਏ ਤੇ ਕਿਹੜੀ ਨਹੀਂ। ਦੂਜੇ ਮੈਂ ਸਿਆਸਤ ਨਹੀਂ ਕਰਨ ਆਇਆ ਮੇਰੇ ਪਿੱਛੇ ਸਕਿਊਰਟੀ ਦਾ ਮਤਲਬ ਤੇ ਮੈਨੂੰ ਮਿਲਣ ਆਉਣ ਵਾਲਿਆਂ ਨੂੰ ਡਰਾਉਣ ਦਾ ਮਤਲਬ ?' ਓਸ ਕੁੜੀ ਬਾਰੇ ਵੀ ਉਹਨਾਂ ਨੂੰ ਦੱਸਿਆ ਕਿ ਉਹ ਕੁੜੀ ਮੇਰੇ ਕਬੀਲੇ ਦੀ ਏ। ਤੇ ਅੰਨ੍ਹੇ ਦੀ 'ਵਾਈਟ ਕੇਨ' ਵੀ। ਉਸ ਅਫ਼ਸਰ ਨੇ ਬੜੀ ਖ਼ੁਸ਼ਦਿਲੀ ਨਾਲ ਉਹਦੀ ਗੱਲ ਸੁਣੀ। ਫੋਨ ਚੁੱਕ ਕੇ ਸਕਿਊਰਟੀ ਵਾਲਿਆਂ ਨੂੰ ਕੁਝ ਆਖਿਆ।

'ਨੋ ਵਿਜੀਲੈਂਸ ਸਰ!' ਉਸ ਅਫ਼ਸਰ ਨੇ ਗੱਭਰੂ ਨੂੰ ਉੱਠਣ ਲੱਗਿਆਂ ਆਖਿਆ। ਵਿਜੀਲੈਂਸ ਖ਼ੈਰ ਚੁੱਕੀ ਤਾਂ ਕੀ ਜਾਣੀ ਸੀ, ਲੁੱਕ ਗਈ ਤੇ ਇਸ ਸ਼ਿਕਾਇਤ ਬਾਰੇ ਹੀ ਏ.ਐਸ.ਪੀ. ਕਹਿ ਰਿਹਾ ਸੀ।

'ਐਨਾ ਚਿਰ ?' ਬਾਹਰ ਨਿਕਲਦਿਆਂ ਕੁੜੀ ਨੇ ਘੜੀ ਵੇਖੀ ਤੇ ਉਹਦੀ ਬਾਂਹ ਫੜ ਕੇ ਦੌੜਦੀ ਹੋਈ ਬਾਹਰ ਰਿਕਸ਼ੇ ਵੱਲ ਨੂੰ ਨਿਕਲੀ।

ਸਵਾ ਬਾਰਾਂ ਵਜੇ ਉਹ ਟੈਕਸੀ ਵਿਚ ਆਪਣਾ ਨਿੱਕ ਸੁੱਕ ਲੱਦਦੇ ਨੇ। ਹੋਸਟਲ ਦਾ ਮੈਨੇਜਰ ਸ੍ਰੀ ਯਾਦਵ, ਜੋ ਗੱਭਰੂ ਦਾ ਯਾਰ ਬਣ ਗਿਆ ਸੀ, ਇਕ ਸੋਹਣਾ ਬਾਂਕਾ ਤੇ ਪਿਆਰ ਕਰਨ ਵਾਲਾ ਖੱਤਰੀ ਸੀ; ਉਹਨਾਂ ਨੂੰ ਟੈਕਸੀ ਵਿਚ ਬਿਠਾਉਣ ਆਇਆ। ਘੰਟੇ ਡੇਢ ਮਗਰੋਂ ਵਿਛੜ ਜਾਣ ਦੇ ਦੁਖ ਨੇ ਗੱਭਰੂ ਤੇ ਕੁੜੀ ਦੋਹਾਂ ਨੂੰ ਜਿਵੇਂ ਗੂੰਗ (ਗੂੰਗੇ) ਕਰ ਦਿੱਤਾ ਹੋਇਆ ਸੀ ਪਰ ਕੁੜੀ ਬਹੁਤੀ ਬਹਾਦਰ ਏ ਤੇ ਜੁਰਅਤ ਵਾਲੀ ਵੀ। ਇਕ ਕੇਲਾ ਛਿੱਲ ਕੇ ਗੱਭਰੂ ਨੂੰ ਖੁਆਉਂਦੀ ਏ। ਗੱਭਰੂ ਦੇ ਨਾਂਹ ਵਿਚ ਸਿਰ ਮਾਰਨ ਤੇ ਉਹਨੂੰ ਅੱਧੀ ਮਿੰਨਤ ਤੇ ਅੱਧੀ ਘੁਰਕੀ ਨਾਲ ਕਹਿੰਦੀ ਏ—

'ਖਾ ਲੈ, ਸਫ਼ਰੇ ਪੈਣਾ ਏ!' ਗੱਭਰੂ ਦਾ ਦਿਲ ਕੁਝ ਖਾਣ ਨੂੰ ਨਹੀਂ ਚਾਹ ਰਿਹਾ ਪਰ ਉਹ ਕੁੜੀ ਦਾ ਦਿਲ ਰੱਖਣ ਲਈ ਉਹ ਕੇਲਾ ਖਾ ਲੈਂਦਾ ਏ ਤੇ ਉਹ ਇਕ ਹੋਰ ਕੇਲਾ ਛਿੱਲ ਕੇ ਉਹਦੇ ਮੂੰਹ ਵਿਚ ਦੇ ਦੇਂਦੀ ਏ। ਕਮਰੇ ਵਿੱਚੋਂ ਨਿਕਲਣ ਤੋਂ ਪਹਿਲੋਂ ਉਹ ਉਹਦੇ ਦਸਤੀ ਬੈਗ ਵਿਚ ਰੰਗ-ਬਰੰਗੇ ਬਿਸਕੁਟਾਂ ਦੇ ਪੰਜ ਡੱਬੇ, ਦੋ ਪੈਕਟ ਚਿਪਸ ਤੇ ਕੁਝ ਸੈਂਡਵਿਚਿਜ਼ ਰੱਖ ਦੇਂਦੀ ਏ ਤੇ ਆਖਦੀ ਏ:

*ਲੈ ਜਾ ਛੱਲੀਆਂ ਭੁਨਾ ਲਈਂ ਦਾਣੇ*
*ਵੇ ਮਿੱਤਰਾ ਦੂਰ ਦਿਆ।*

ਫੇਰ ਉਹ ਬੈਗ ਵੱਲ ਇਸ਼ਾਰਾ ਕਰਦੀ ਗੱਭਰੂ ਨੂੰ ਆਖਦੀ ਏ ਕਿ ਰਾਹ ਵਿਚ ਜਿਥੇ ਭੁੱਖ ਲੱਗੇ ਖਾ ਲਵੀਂ, ਮੈਂ ਕਿਆਮਤ ਵਾਲੇ ਦਿਹਾੜੇ ਇਹਦਾ ਹਿਸਾਬ ਤੇਰੇ ਕੋਲੋਂ ਲਵਾਂਗੀ, ਚੇਤੇ ਰੱਖੀਂ। ਗੱਭਰੂ ਬੋਲਦਾ ਕੁਝ ਨਹੀਂ, ਦਿਲ ਵਿਚ ਉਹਦੇ ਪੰਜਾਬੀ ਰੰਗ-ਢੰਗ ਤੇ ਖ਼ੁਸ਼ ਹੁੰਦਾ ਏ।

ਹੋਣੀ, ਜਿਹਨੂੰ ਉਹ ਦੋਵੇਂ ਤਿੰਨ ਘੱਟ ਚਾਰ ਵੀਹਾਂ ਦਿਨ, ਤੋਏ ਤੋਏ ਕਰ ਕੇ ਧੁਤਕਾਰਦੇ ਤੇ ਆਪਣੀਆਂ ਬਰੂਹਾਂ ਤੋਂ ਦੂਰ ਰੱਖਦੇ ਰਹੇ ਸਨ, ਉਹਨਾਂ ਦੋਹਾਂ ਦੇ ਵਿਚਕਾਰ ਬੈਠੀ ਹੱਸੀ ਜਾ ਰਹੀ ਸੀ। ਡੇਢ ਵਜੇ ਉਹ ਏਅਰ ਪੋਰਟ ਪਹੁੰਚ ਜਾਂਦੇ ਨੇ। ਕੁੜੀ ਦਾ ਰੰਗ ਸਰ੍ਹੋਂ ਦੇ ਫੁੱਲ ਵਾਂਙੂ ਏ। ਉਹਦੀਆਂ ਅੱਖਾਂ ਕਿਸੇ ਉਜਾੜ ਘਰ ਦੇ ਖੋ[illegible]

Academy of the Punjab in North America: http://www.apnaorg.com



ਤੇ ਬੇ-ਆਬਾਦ ਨੇ। ਉਹ ਉਤਰ ਕੇ ਟੈਕਸੀ ਵਾਲੇ ਨੂੰ ਬਿੱਲ ਦੇਂਦੀ ਏ—110 ਰੁਪਏ। ਟੈਕਸੀ ਵਾਲਾ ਪੰਜਾਬੀ ਸਰਦਾਰ ਉਹਨਾਂ ਦਾ ਸਾਮਾਨ ਡਿੱਕੀ ਵਿੱਚੋਂ ਕੱਢ ਕੇ ਭੁੰਏਂ ਤੇ ਰੱਖ ਦੇਂਦਾ ਏ। ਗੱਭਰੂ ਉਥੇ ਖੜੀਆਂ ਟਰਾਲੀਆਂ ਵਿੱਚੋਂ ਇਕ ਟਰਾਲੀ ਉੱਪਰ ਆਪਣਾ ਸਾਮਾਨ ਲੱਦਦਾ ਏ। ਉਹ ਟਰਾਲੀ ਨੂੰ ਧੱਕਣ ਲੱਗਦਾ ਏ। ਜਦੋਂ ਕੁੜੀ ਅਗਾਂਹ ਵਧ ਕੇ ਟਰਾਲੀ ਦੀ ਦੂਜੀ ਬਾਹੀ ਫੜ ਲੈਂਦੀ ਏ। ਹਯਾਤੀ ਦੀ ਟਰਾਲੀ 'ਕੱਲਾ ਬੰਦਾ ਕਿੰਜ ਧਕ ਸਕਦਾ ਏ ? ਉਹ ਟਰਾਲੀ ਨੂੰ ਰੇੜ੍ਹਦੇ ਸ਼ੀਸ਼ੇ ਦੇ ਉਸ ਦਰਵਾਜ਼ੇ ਕੋਲ ਲਿਆ ਖਲ੍ਹਿਆਰਦੇ ਨੇ; ਜਿਹੜਾ ਸਕਿਊਰਟੀ ਫ਼ੋਰਸ ਦੇ ਮੁਸੱਲਾ (ਹਥਿਆਰਬੰਦ) ਜਵਾਨ ਘੇਰੀ ਖਲੋਤੇ ਨੇ। ਲੋਕ ਆ ਜਾ ਰਹੇ ਨੇ। ਉਹ ਬੂਹੇ ਕੋਲ ਕੰਧ ਨਾਲ ਲੱਗ ਕੇ ਖਲੋ ਜਾਂਦੇ ਨੇ। ਦੋਵੇਂ ਚੁੱਪ ਸਨ ਜਿਵੇਂ ਗੂੰਗੇ ਹੋ ਗਏ ਹੋਣ।

ਆਲੇ-ਦੁਆਲੇ ਖਲੋਤੇ ਲੋਕ ਉਹਨਾਂ ਵੱਲ ਵੇਖਦੇ ਨੇ, ਇਕ ਪਰਦੇਸੀ ਗੱਭਰੂ ਤੇ ਇਕ ਨਾਲ ਕੇਸਰੀ ਸਾੜ੍ਹੀ ਵਿਚ ਉਦਾਸ ਚੁੱਪ ਚਾਪ ਸੋਹਣੀ ਕੁੜੀ। ਦੋਵੇਂ ਡਰੇ ਹੋਏ ਦੋ ਬਾਲਾਂ ਵਾਂਙ ਇਕ ਦੂਜੇ ਨਾਲ ਜੁੜੇ ਖਲੋਤੇ ਨੇ। ਛੇ-ਸੱਤ ਮੁੰਡਿਆਂ ਦੀ ਢਾਣੀ ਪਰ੍ਹਾਂ ਖਲੋਤੀ ਕੁੜੀ ਨੂੰ ਘੂਰ ਰਹੀ ਏ। ਗੱਭਰੂ ਉਹਨਾਂ ਨੂੰ ਘੂਰਦਾ ਏ ਤੇ ਉਹ ਪਰ੍ਹਾਂ ਵੇਖਣ ਲੱਗ ਪੈਂਦੇ ਨੇ। ਕੁੜੀ ਗੱਭਰੂ ਦੀ ਜੈਕਟ ਦੇ ਬੋਝੇ ਵਿਚ ਹੱਥ ਪਾ ਕੇ ਚਾਰ-ਪੰਜ ਲਾਚੀਆਂ ਕੱਢਦੀ ਏ।

'ਫੇਰ ਕੌਣ ਤੇਰੇ ਬੋਝੇ ਵਿਚ ਇੰਞ ਹੱਥ ਪਾਵੇਗਾ ?' ਤੇ ਉਹ ਦੋ ਲਾਚੀਆਂ ਗੱਭਰੂ ਦੇ ਮੂੰਹ ਵਿਚ ਪਾਉਂਦੀ ਏ ਤੇ ਦੋ ਆਪਣੇ ਮੂੰਹ ਵਿਚ ਪਾ ਕੇ ਚਿੱਥਣ ਲੱਗ ਪੈਂਦੀ ਏ। ਗੱਭਰੂ ਉਹਨੂੰ ਲੰਮੀ ਬਾਂਹ ਵਿਚ ਵਲ੍ਹੇਟ ਕੇ ਨਾਲ ਲਾ ਲੈਂਦਾ ਏ। ਤੂੰ ਮੇਰੇ ਵੱਲ ਵੇਖਦਾ ਕਿਉਂ ਨਹੀਂ ਪਰ ਗੱਭਰੂ ਉਹਦੇ ਸਿਰ ਤੋਂ ਦੀ ਕਿਤੇ ਹੋਰ ਵੇਖ ਰਿਹਾ ਸੀ—ਦੂਰ ਉਜਾੜ ਰਾਹਾਂ ਵੱਲ, ਜਿਨ੍ਹਾਂ ਤੋਂ ਦੀ ਕੁੜੀ ਨੇ ਮੁੜ ਕੇ ਇਕੱਲਿਆਂ ਲੰਘਣਾ ਏ। ਕੁਝ ਚਿਰ ਪਹਿਲੋਂ ਈ ਉਹਨਾਂ ਕਦੇ ਅੱਥਰੂ ਨਾ ਕੇਰਨ ਦਾ ਇਕਰਾਰ ਕੀਤਾ ਸੀ। ਗੱਭਰੂ ਦੇ ਅੰਦਰੋਂ ਹੜ੍ਹ ਚੜ੍ਹ ਕੇ ਅੱਖਾਂ ਵੱਲ ਨੂੰ ਢਾਹ ਲਾ ਰਹੇ ਸਨ।

'ਹੁਣ ਤੇ ਤੈਨੂੰ ਮੇਰੇ ਦੇਸ ਨਾਲ ਕੋਈ ਗਿਲਾ ਨਹੀਂ ਨਾ,' ਉਹ ਪੁੱਛਦੀ ਏ। ਗੱਭਰੂ ਚੁੱਪ ਰਹਿੰਦਾ ਏ। ਪਰ ਹੰਝੂ ਭਰੀਆਂ ਅੱਖਾਂ, ਡੁੱਬਦੇ ਜਾਂਦੇ ਦਿਲ ਤੇ ਛਾਨਣੀ ਹੋਈ ਰੂਹ ਨਾਲ ਉਹ ਆਪਣਾ ਚੌੜਾ ਹੱਥ ਉਹਦੀ ਸੱਜੀ ਗੱਲ੍ਹ ਤੇ ਰੱਖਦਾ ਏ। ਉਹ ਇੰਞ ਈ ਕਰਦਾ। ਇਹਦਾ ਮਤਲਬ ਉਹ ਸਮਝਦੀ ਸੀ, ਹੱਥ ਦੇ ਪੰਜੇ ਤੇ ਪੀਲੀ ਓਦਰੀ ਗੱਲ੍ਹ ਦੀ ਜੱਫੀ ਦਾ ਮਤਲਬ। ਅੰਦਰ ਜਾਣ ਦਾ ਸਮਾਂ ਆ ਗਿਆ। ਵਿਛੜਨ ਦੀ ਉਹ ਘੜੀ, ਜਿਹੜੀ ਪਹਿਲੇ ਦਿਨ ਤੋਂ ਉਹਨਾਂ ਦੇ ਮਗਰ ਚੜ੍ਹੀ ਹੋਈ ਸੀ, ਜਿਹਨੂੰ ਕੁੜੀ ਦੂਰ ਦੂਰ ਕਰ ਕੇ ਰੋਜ਼ ਦੂਰ ਭਜਾ ਆਉਂਦੀ, ਹੁਣ ਉਹਨਾਂ ਦੇ ਸਿਰਾਂ ਤੇ ਝੂਲ ਰਹੀ ਸੀ। ਉਹ ਇਕ ਦੂਜੇ ਵੱਲ ਵੇਖਦੇ ਨਹੀਂ। ਕੁੜੀ ਉਹਦੀ ਟਰਾਲੀ ਅਗਾਂਹ ਹੋ ਕੇ ਬੂਹੇ ਦੇ ਕੋਲ ਕਰ ਦੇਂਦੀ ਏ। ਸਕਿਊਰਟੀ ਚੈੱਕ ਵਾਲੇ ਗੱਭਰੂ ਦਾ ਟਿਕਟ ਵੇਖ ਰਹੇ ਨੇ।

'ਤੁਸੀਂ ਵੀ ਨਾਲ ਜਾ ਰਹੇ ਓ ?' ਇੰਸਪੈਕਟਰ ਗੇਟ ਵਿਚਕਾਰ ਟਰਾਲੀ ਨਾਲ ਲੱਗੀ ਖਲੋਤੀ ਕੁੜੀ ਨੂੰ ਪੁੱਛਦਾ ਏ।

'ਇਹ ਤੇ ਮੈਨੂੰ ਨਾਲ ਲੈ ਕੇ ਜਾ ਹੀ ਨਹੀਂ ਰਹੇ,' ਇੰਸਪੈਕਟਰ ਨੇ ਮਖ਼ੌਲ ਸਮਝਦਿਆਂ

ਹੋਇਆਂ ਵੀ 'ਚ...ਚ...ਚ...ਚ' ਕੀਤਾ। ਇਹ ਚੋਟ ਭਾਰੀ ਸੀ ਪਰ ਕਿਹਦੇ ਤੇ ਸੀ। ਗੱਭਰੂ ਇਕ ਵਾਰ ਕੰਬ ਗਿਆ। ਪਾਟੇ ਹੋਏ ਪੰਜਾਬ ਬਾਰੇ ਸੋਚ ਕੇ ਉਹ ਸਦਾ ਹੀ ਕੰਬ ਜਾਇਆ ਕਰਦਾ ਸੀ। ਸਦਾ ਹੀ ਉਹਦੀਆਂ ਅੱਖਾਂ ਵਿੱਚੋਂ ਅੱਥਰੂ ਨਿਕਲ ਪੈਂਦੇ। ਤੁਸੀਂ ਇਸ ਗੇਟ ਤੋਂ ਅਗਾਂਹ ਨਹੀਂ ਜਾ ਸਕਦੇ ਫੇਰ। ਇੰਸਪੈਕਟਰ ਦੇ ਰੂਪ ਵਿਚ 'ਹੋਣੀ' ਹੱਸ ਬੋਲ ਰਹੀ ਸੀ। ਗੱਭਰੂ ਤੜਫ ਕੇ ਟਰਾਲੀ ਅਗਾਂਹ ਧੱਕੀ ਤੇ ਆਪ ਪਿਛਾਂਹ ਪਰਤ ਆਇਆ ਕੁੜੀ ਕੋਲ, ਤੇ ਉਹਨੂੰ ਪਿਆਰ ਨਾਲ ਫੜ ਕੇ ਬਾਹਰ ਲੈ ਆਇਆ। ਕਾਨੂੰਨ ਦੇ ਜ਼ਾਬਤੇ ਦਿਲਾਂ ਦੀਆਂ ਕਦੋਂ ਜਾਣਦੇ ਨੇ। 'ਰੱਬ ਰਾਖਾ!' ਗੱਭਰੂ ਦੀ ਆਵਾਜ਼ ਕੰਬੀ 'ਤੱਗੜੇ ਰਹਿਣਾ ਏ ਤੱਗੜੇ!'

'ਆਪਣਾ ਖ਼ਿਆਲ ਰੱਖੀਂ!' ਉਹ ਪੱਥਰ ਹੋਈ ਬੋਲੀ। ਗੱਭਰੂ ਨੇ ਅੰਦਰ ਵੜ ਕੇ ਆਪਣੀ ਟਰਾਲੀ ਫੜੀ ਤੇ ਉਹਨੂੰ ਆਪਣੇ ਏਅਰ ਕਾਊਂਟਰ ਤੇ ਲੈ ਗਿਆ। ਕੰਪਨੀ ਵਾਲਿਆਂ ਟਿਕਟ ਲੈ ਕੇ ਉੱਤੇ ਇੰਦਰਾਜ ਕੀਤਾ। ਸਾਮਾਨ ਦਾ ਤੇ ਏਅਰ ਪੋਰਟ ਫ਼ੀਸ ਦਾ ਲਾਗ ਲੈ ਕੇ ਉਹਦੇ ਸਾਮਾਨ ਨੂੰ ਟੈਗ ਲਾ ਕੇ ਅੰਦਰ ਨੂੰ ਜਾਂਦੇ ਪਟੇ ਉੱਤੇ ਚਾੜ੍ਹ ਦਿੱਤਾ। ਸਕਿਉਰਟੀ ਫ਼ੋਰਸ ਦਾ ਇਕ ਜਵਾਨ ਗੱਭਰੂ ਨੂੰ ਦੋ ਜੰਦਰੀਆਂ ਦੇਂਦਾ ਏ। 'ਗੇਟ ਤੇ ਖਲੋਤੀ ਦੇਵੀ ਜੀ ਨੇ ਘੱਲੀਆਂ ਨੇ।' ਗੱਭਰੂ ਜੰਦਰੀਆਂ ਲੈ ਕੇ ਬੋਝੇ ਵਿਚ ਪਾ ਲੈਂਦਾ ਏ। ਇਹ ਦੋ ਜੰਦਰੀਆਂ ਕੁੜੀ ਨੇ ਹੋਸਟਲ ਤੋਂ ਏਅਰ ਪੋਰਟ ਵੱਲ ਸਫ਼ਰ ਵਿਚਕਾਰ ਬਾਜ਼ਾਰ ਵਿਚ ਟੈਕਸੀ ਖੜੀ ਕਰ ਕੇ ਉਹਦੇ ਬੈਗਾਂ ਲਈ ਲਈਆਂ ਸਨ। ਪਰ ਉਹ ਦਿਨ ਤੇ ਜੰਦਰੇ ਮਾਰਨ ਦਾ ਸੀ ਹੀ ਨਹੀਂ। ਨਾਲੇ ਉਹਨਾਂ ਦੋਹਾਂ ਦਾ ਤੇ ਨਾਅਰਾ ਈ ਜੰਦਰੇ ਖੋਲ੍ਹਣਾ ਸੀ। ਗੱਭਰੂ ਇਕ ਵਾਰ ਬਾਹਰ ਵੱਲ ਦੌੜਦਾ ਏ। ਸਕਿਉਰਟੀ ਵਾਲੇ ਗੇਟ ਵਿੱਚੋਂ ਬਾਹਰ ਆਉਂਦੇ ਗੱਭਰੂ ਵੱਲ ਧੌਣਾਂ ਚੁੱਕ ਕੇ ਵੇਖਦੇ ਨੇ ਪਰ ਕਹਿੰਦੇ ਕੁਝ ਨਹੀਂ। ਪੱਥਰ ਦੀ ਕੰਧ ਨਾਲ ਟੇਕ ਲਾਈ, ਸੱਜੀ ਗੱਲ੍ਹ ਗੇਟ ਦੇ ਸ਼ੀਸ਼ੇ ਦੇ ਪੈਨਲ ਨਾਲ ਲਾਈ ਅੰਦਰ ਨੂੰ ਵੇਖ ਰਹੀ ਪੱਥਰ ਕੁੜੀ ਜਾਗ ਪਈ। ਉਹ ਮੁਸਕਰਾਣ ਦਾ ਚਾਰਾ ਕਰਦੀ ਏ। ਹੋਣੀ ਕੁਝ ਵਿੱਥ ਤੇ ਖਲੋਤੀ ਜ਼ੋਰ ਦੀ ਹੱਸੀ। ਕੁੜੀ ਨੇ ਗੱਭਰੂ ਦਾ ਹੱਥ ਫੜ ਕੇ ਅੱਖਾਂ ਨਾਲ ਲਾਇਆ। ਗੱਭਰੂ ਘਬਰਾ ਕੇ ਹੱਥ ਪਿਛਾਂਹ ਖਿੱਚਦਾ ਏ, ਸੰਗਦਾ ਹੋਇਆ, ਪੇਂਡੂ ਮੂਰਖ। ਉਸ ਇਕ ਸਿਗਰਟ ਲਾਇਆ, ਦੋ ਚਾਰ ਘੁੱਟ ਲਾ ਕੇ ਪਰ੍ਹਾਂ ਵੱਡੀ ਐਸ਼-ਟ੍ਰੇ ਵਿਚ ਸੁੱਟ ਦਿੱਤਾ, ਤੇ ਪਰ੍ਹਾਂ ਵੇਖਣ ਲੱਗ ਪਿਆ। ਅਜੇ ਉਸ ਸਕਿਉਰਟੀ ਚੈੱਕ, ਕਸਟਮ ਤੇ ਇਮੀਗ੍ਰੇਸ਼ਨ ਵਾਲਿਆਂ ਦੇ ਸਾਰੇ ਰਾਹ ਲੰਘਣੇ ਤੇ ਲਾਗ ਦੇਣੇ ਸਨ। ਉਹ ਗੁੰਗ ਹੋਏ ਇਕ ਦੂਜੇ ਦਾ ਹੱਥ ਘੁੱਟਦੇ ਨੇ। ਇਕ ਵਾਰ ਫੇਰ ਵਿਛੋੜੇ ਦੀ ਮੌਤ। ਗੱਭਰੂ ਅੰਦਰ ਨੂੰ ਟੁਰਦਾ ਏ, ਡੌਰ ਭੌਰਾ। ਇਮੀਗ੍ਰੇਸ਼ਨ ਦੇ ਦੋਹਾਂ ਕਾਊਂਟਰਾਂ ਤੇ ਲੰਮੀਆਂ ਲਾਈਨਾਂ ਲੱਗੀਆਂ ਨੇ। ਗੱਭਰੂ ਫੇਰ ਇਕ ਵਾਰ ਤੜਫ ਕੇ ਬਾਹਰ ਨਿਕਲ ਆਉਂਦਾ ਏ। ਦੋ ਚਾਰ ਘੜੀਆਂ, ਦੋ ਚਾਰ ਪਲ ਹੋਰ ਹੱਥ ਵਿਚ ਫੜ ਕੇ। ਸਕਿਉਰਟੀ ਵਾਲੇ ਉਹਨੂੰ ਬਾਹਰ ਨਿਕਲਦਿਆਂ ਵੇਖ ਕੇ ਘੂਰਦੇ ਨੇ—

'ਕੋਈ ਸ਼ੈਅ ਭੁੱਲ ਗਏ ਓ?' ਇੰਸਪੈਕਟਰ ਬੜੇ ਮੁਹਜ਼ਬ ਤੌਰ ਉੱਤੇ ਗੱਭਰੂ ਨੂੰ ਪੁੱਛਦਾ ਏ।

'ਸਭ ਕੁਛ!' ਗੱਭਰੂ ਦਾ ਦਿਲ ਕੀਤਾ ਅੱਗੋਂ ਆਖੇ, ਪਰ ਆਖ ਨਾ ਸਕਿਆ।



ਕੁੜੀ ਉਥੇ ਹੀ ਖਲੋਤੀ ਏ, ਉਂਞ ਈ ਅੰਦਰ ਨੂੰ ਵੇਖਦੀ ਹੋਈ। ਉਹਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਲੱਗਦੀਆਂ ਨੇ, ਜੋ ਉਹ ਆਉਂਦੇ ਗੱਭਰੂ ਨੂੰ ਵੀ ਨਹੀਂ ਵੇਖ ਸਕੀ। ਗੱਭਰੂ ਕੋਲ ਆ ਕੇ ਉਹਦੇ ਮੋਢੇ ਤੇ ਹੱਥ ਰੱਖਦਾ ਏ ਤੇ ਉਹ ਉਹਦੇ ਨਾਲ ਚੰਬੜ ਜਾਂਦੀ ਏ। ਅੱਥਰੂਆਂ ਦੇ ਹੜ੍ਹ ਅੱਗੇ ਮਾਰਿਆ ਹੋਇਆ ਬੰਨ੍ਹ ਟੁੱਟ ਜਾਂਦਾ ਏ। ਉਹ ਉਹਦੇ ਨਾਲ ਚੰਬੜੀ ਹੋਈ ਰੋਈ ਜਾਂਦੀ ਏ। ਗੱਭਰੂ ਦੇ ਆਪਣੇ ਅੱਥਰੂ ਐਨਕ ਥੱਲਿਓਂ ਦੀ ਵਗ ਕੇ ਡਿੱਗ ਰਹੇ ਨੇ। ਉਹ ਕੂਣ ਜੋਗਾ ਵੀ ਨਹੀਂ। ਬਸ ਉਹਦੇ ਲੱਕ ਤੇ ਹੱਥ ਫੇਰਦਾ ਏ। 'ਇੰਨਾ ਤੇ ਮਰਿਆਂ ਨੂੰ ਰੋਈਦਾ ਏ!' ਉਹ ਮਸਾਂ ਈ ਆਖਦਾ ਏ। ਕੁੜੀ ਤੜਫ ਕੇ ਪਿਛਾਂਹ ਹਟਦੀ ਏ। ਫੇਰ ਉਹਦਾ ਹੱਥ ਫੜ ਕੇ ਗਿੱਲੀਆਂ ਅੱਖਾਂ ਅੱਗੇ ਫੇਰਦੀ ਏ। ਫੇਰ ਚੁੰਮਦੀ ਏ। ਗੱਭਰੂ ਉਹਦਾ ਹੱਥ ਮੋੜ ਕੇ ਆਪਣੇ ਹੋਠਾਂ ਉੱਤੇ ਰੱਖਦਾ ਏ। ਮੁੜ ਚੁੰਮਦਾ ਏ। 'ਇਕ ਵਾਰ ਤੇ ਮੇਰੇ ਵੱਲ ਵੇਖ,' ਉਹ ਮਸਾਂ ਈ ਬੋਲਦੀ ਏ। ਉਹ ਉਹਦੇ ਵੱਲ ਵੇਖਦਾ ਏ। ਉਹ ਹੜ੍ਹ, ਉਹ ਉਜਾੜ, ਉਹ ਬਰਬਾਦੀ, ਜਿਹਦਾ ਸਬੱਬ ਉਹੋ ਹੈ, ਉਹਨੂੰ ਵੀ ਵੇਖਣ ਤੋਂ ਡਰਦਾ ਸੀ ਨਾ। ਪਰ ਉਹਨੂੰ ਤੇ ਕੁਝ ਨਜ਼ਰ ਹੀ ਨਹੀਂ ਆਉਂਦਾ। ਉਹ ਬੋਲ ਵੀ ਨਹੀਂ ਸੀ ਸਕਦਾ। ਲੱਗਦਾ ਉਹ ਸਾਹ ਵੀ ਨਹੀਂ ਸੀ ਲੈ ਸਕਦਾ। ਤਿੰਨ ਵੱਜਦੇ ਨੇ। ਅੰਦਰ ਜਾਣ ਲਈ ਉਹ ਲੇਟ ਹੋ ਰਿਹਾ ਏ। 'ਤਗੜੇ ਰਹਿਣਾ ਏ!' ਗੱਭਰੂ ਦੀ ਭੱਜੀ ਟੁੱਟੀ ਆਵਾਜ਼ ਕਿਤੋਂ ਦੂਰੋਂ ਆਉਂਦੀ ਲੱਗਦੀ ਏ।

'ਮੈਂ ਇਥੇ ਹੀ ਖੜੀ ਰਹਾਂਗੀ ਸਾਰੀ ਉਮਰ! ਜਦੋਂ ਤਕ ਤੂੰ ਪਰਤ ਕੇ ਨਹੀਂ ਆਵੇਂਗਾ। ਰੱਬ ਰਾਖਾ!' ਉਹ ਦੋਵੇਂ ਤੇ ਬੋਲ ਹੀ ਨਹੀਂ ਸਕਦੇ ਸਨ। ਨਾ ਬੋਲੇ ਸਨ ਉਹ। ਫੇਰ ਇਹ ਆਵਾਜ਼ਾਂ ਉਹਨਾਂ ਦੀਆਂ ਰੂਹਾਂ ਦੀਆਂ ਸਨ?

ਉਹ ਬੁੜਬੁੜਾਉਂਦਾ ਏ, ਜਿਹਦੀ ਨਾ ਤੇ ਕੁੜੀ ਨੂੰ ਤੇ ਨਾ ਉਹਨੂੰ ਆਪ ਨੂੰ ਸਮਝ ਆਉਂਦੀ ਏ ਤੇ ਉਹ ਅੰਦਰ ਭੀੜ ਵਿਚ ਗੁਆਚਣ ਤੋਂ ਪਹਿਲੋਂ ਆਪਣੀਆਂ ਅੱਖਾਂ ਸਾਫ਼ ਕਰਕੇ ਪਿਛਾਂਹ ਵੇਖਦਾ ਏ। ਉਹ ਉਥੇ ਹੀ ਖੜੀ ਏ, ਉਵੇਂ ਹੀ ਕੰਧ ਨਾਲ ਟੇਕ ਲਾਈ ਤੇ ਸ਼ੀਸ਼ੇ ਨਾਲ ਮੂੰਹ ਜੋੜੀ, ਅੰਦਰ ਨੂੰ ਵੇਖਦੀ ਹੋਈ। ਇਹ ਉਸ ਕੁੜੀ ਦਾ ਆਖ਼ਰੀ ਨਕਸ਼ ਏ ਜੋ ਗੱਭਰੂ ਦੇ ਦਿਲ ਦਿਮਾਗ਼ ਤੇ ਉਹਦੀਆਂ ਅੱਖਾਂ ਵਿਚ ਕਿਸੇ ਮੋਹਰ ਵਾਂਗੂੰ ਜੀਊਂਦਾ ਜਾਗਦਾ ਉੱਕਰਿਆ ਨਜ਼ਰੀਂ ਆਉਂਦਾ ਏ। ਕੀ ਉਹ ਅਜੇ ਵੀ ਉਥੇ ਹੀ ਖੜੀ ਏ?

ਕੇਸਰੀ ਸਾੜ੍ਹੀ ਵਿਚ ਸਰ੍ਹੋਂ ਦੇ ਫੁੱਲ ਰੰਗੇ ਚਿਹਰੇ ਵਾਲੀ ਉਹ ਕੁੜੀ, ਏਅਰਪੋਰਟ ਦੇ ਅੰਦਰ ਜਾਣ ਵਾਲੇ ਗੇਟ ਦੀ ਕੰਧ ਨਾਲ ਟੇਕ ਲਾਈ, ਸ਼ੀਸ਼ੇ ਦੇ ਪੈਨਲ ਨਾਲ ਖਲੋਤੀ, ਉਹਨੂੰ ਵਿਦਿਆ ਕਰ ਕੇ ਅਜੇ ਵੀ ਉਥੇ ਹੀ ਖੜੀ ਏ ਤੇ ਗੱਭਰੂ ਜਿਹੜਾ ਉਥੋਂ ਪੰਜ ਵਜੇ ਵਾਲੇ ਜਹਾਜ਼ ਵਿਚ ਚੜ੍ਹਿਆ। ਜਹਾਜ਼ ਜਿਸ ਪੂਰੇ ਪੰਜ ਵਜੇ ਉਥੋਂ 'ਟੇਕ-ਆਫ਼' ਕੀਤਾ ਤੇ ਪੌਣੇ ਛੇ ਵਜੇ ਲਹੌਰ ਏਅਰਪੋਰਟ ਤੇ ਲੈਂਡ ਕੀਤਾ। ਗੱਭਰੂ ਜਿਹੜਾ ਲਹੌਰ ਉਸ ਜਹਾਜ਼ ਤੋਂ ਉਤਰ ਕੇ ਵਰ੍ਹਦੇ ਮੀਂਹ ਵਿਚ ਟੈਕਸੀ ਫੜ ਕੇ ਸਿੱਧਾ ਲਹੌਰ ਵਾਲੇ ਟੇਸ਼ਨ ਤੋਂ ਘਰ ਜਾਣ ਵਾਲੀ ਤੇਜ਼ ਗੱਡੀ ਤੇ ਚੜ੍ਹਿਆ ਸੀ, ਕਦੇ ਘਰ ਨਹੀਂ ਅੱਪੜਿਆ। ਕੀ ਉਹ ਪਰਾਏ ਦੇਸ਼ ਦੇ ਓਸ ਏਅਰਪੋਰਟ ਤੋਂ ਜਹਾਜ਼ ਤੇ ਚੜ੍ਹਿਆ ਸੀ ਤੇ ਸੱਚੀਂ ਮੁੱਚੀਂ ਲਹੌਰ ਉਤਰ ਕੇ ਘਰ ਜਾਣ ਵਾਲੀ ਰੇਲ ਗੱਡੀ ਤੇ ਚੜ੍ਹਿਆ ਸੀ। ਜੇ ਪਿੱਛੋਂ ਉਹ ਜਹਾਜ਼ ਤੇ



Academy of the Punjab in North America: http://www.apnaorg.com

ਚੜ੍ਹਿਆ ਸੀ ਤੇ ਫੇਰ ਬਾਹਰ ਗੇਟ ਨਾਲ ਲੱਗੀ ਖਲੋਤੀ ਕੇਸਰੀ ਸਾੜ੍ਹੀ ਵਾਲੀ ਕੁੜੀ ਵੱਲ ਜਾਂਦਾ ਪਰਛਾਵਾਂ ਕੀਹਦਾ ਸੀ ਉਹ ਪਰਛਾਵਾਂ ਜਿਹਨੂੰ ਉਹ ਕੁੜੀ ਵੀ ਨਾ ਵੇਖ ਸਕੀ ਪਰ ਉਹਦੇ ਪਿੱਛੇ ਉਹਦੇ ਉੱਤੇ ਝੁਕਿਆ ਖੜਾ ਸੀ। ਫੇਰ ਦੋ ਘੰਟੇ ਬਾਅਦ ਗੱਭਰੂ ਦਾ ਜਹਾਜ਼ ਉੱਡਣ ਮਗਰੋਂ ਫੇਰ ਭੋਰੀ ਕੁੜੀ ਅੱਥਰੂ ਪੂੰਝ ਕੇ ਸ਼ਹਿਰ ਜਾਣ ਲਈ ਰਿਕਸ਼ੇ ਵਿਚ ਚੜ੍ਹੀ ਤੇ ਰਿਕਸ਼ੇ ਵਿਚ ਉਹਦੇ ਨਾਲ ਬੈਠਾ ਪਰਛਾਵਾਂ ਕਿਹਦਾ ਸੀ ? ਜਿਹਨੂੰ ਘੜੀ ਮੁੜੀ ਅੱਥਰੂ ਪੂੰਝਦੀ ਉਹ ਕੁੜੀ ਵੀ ਨਾ ਵੇਖ ਸਕੀ। ਉਹ ਗੱਭਰੂ ਘਰ ਨਹੀਂ ਅੱਪੜਿਆ। ਚੇਤਰ ਚੰਨ ਦੀ ਦਸਵੀਂ ਦਾ ਉਥੋਂ ਟੁਰਿਆ ਅਜੇ ਤਕ ਉਹ ਘਰ ਨਹੀਂ ਅੱਪੜਿਆ। ਉਹ ਕਿਥੇ ਗੁਆਚ ਗਿਆ ਏ ? ਦੋ ਸਵਾਣੀਆਂ ਵਿਚਕਾਰ। ਇਕ ਉਹਨੂੰ ਆਪਣੇ ਸ਼ਹਿਰ ਦੇ ਹਵਾਈ ਅੱਡੇ ਤੋਂ ਵਿਦਿਆ ਕਰਦੀ ਹੋਈ ਅਜੇ ਵੀ ਉਥੇ ਖਲੋਤੀ ਤੇ ਦੂਜੀ ਆਪਣੇ ਘਰ ਦੀਆਂ ਬਰੂਹਾਂ ਵਿਚ ਅਜੇ ਵੀ ਖਲੋਤੀ ਉਹਨੂੰ ਉਡੀਕਦੀ ਹੋਈ ਤੇ ਉਹ ਅਜੇ ਵੀ ਘਰ ਨਹੀਂ ਅੱਪੜਿਆ...ਅਜੇ ਵੀ। ਉਹ ਕਿਥੇ ਏ ? ਉਹ ਜਿਹੜਾ ਚਾਲ੍ਹੀ ਵਰ੍ਹੇ ਲੰਮੀ ਤੇ ਹਜ਼ਾਰ ਮੀਲ ਚੌੜੀ ਰਾਤ ਵਿਚ ਕਿਧਰੇ ਗੁਆਚ ਗਿਆ ਏ। ਇਕ ਗੱਭਰੂ ਨ੍ਹੇਰੇ ਵਿਚ ਕਿਧਰੇ ਗੁਆਚ ਗਿਆ ਏ। ਆਪਣੀਆਂ ਦੋ ਸਵਾਣੀਆਂ ਵਿਚਕਾਰ। ਇਕ ਆਪਣੇ ਹਵਾਈ ਅੱਡੇ ਤੇ ਖਲੋਤੀ ਉਹਨੂੰ ਵਿਦਿਆ ਕਰਦੀ ਹੋਈ ਤੇ ਇਕ ਸੁਆਣੀ ਜੋ ਉਹਦਾ ਗੁਆਚਿਆ ਹੋਇਆ, ਵਿਸਰਿਆ ਹੋਇਆ ਵਿਰਸਾ ਸੀ ਪਰ ਜਿਹਨੂੰ ਉਹਨੇ ਭਾਲ ਲਿਆ ਸੀ। ਇਕ ਸਵਾਣੀ ਜੋ ਉਹਦੀ ਗੁਆਚੀ ਖ਼ੁਸ਼ਬੋਈ, ਜਿਹਨੂੰ ਇਹਨਾਂ ਵਰ੍ਹਿਆਂ ਵਿਚ ਉਸ ਮਗਰ ਦੌੜ ਦੌੜ ਫੜ ਲਿਆ ਸੀ। ਇਸ ਸਵਾਣੀ ਜੋ ਉਹਦਾ ਖੁੱਥਾ ਹੋਇਆ ਜਨਮ ਅਸਥਾਨ ਸੀ, ਸੜਦਾ ਬਲਦਾ ਕੋਈ ਬਹਿਸ਼ਤ ਵਰਗਾ ਸ਼ਹਿਰ...ਉਹਦੇ ਤੋਂ ਵਿਛੜਿਆ ਖੁੱਥਾ ਹੋਇਆ ਸ਼ਹਿਰ...ਉਹ ਸ਼ਹਿਰ ਜੋ ਉਹਨੂੰ ਨੀਲੀ ਛੱਤ ਵਾਲੇ ਨੇ ਆਪ ਆਪਣੀ ਹੱਥੀਂ ਪਿਛਾਂਹ ਮੋੜ ਦਿੱਤਾ ਸੀ। ਇਕ ਸਵਾਣੀ ਜੋ ਉਹਦਾ ਵੱਢਿਆ ਹੋਇਆ ਪੰਜਾਬ ਸੀ, ਖੁੱਥਾ ਹੋਇਆ ਪੰਜਾਬ, ਜਿਹਨੂੰ ਫ਼ਰਿਸ਼ਤਿਆਂ ਆਪ ਉਹਦੇ ਨਾਲ ਆ ਕੇ ਲੱਭਿਆ, ਜੋੜਿਆ ਤੇ ਉਹਦੀ ਝੋਲੀ ਪਾ ਦਿੱਤਾ, ਤੇ ਦੂਜੀ ਸਵਾਣੀ, ਪੋਹ ਚੰਨ ਦੀ ਤ੍ਰੇਈ ਨੂੰ ਉਹਨੂੰ ਘਰੋਂ ਵਿਦਿਆ ਕਰ ਕੇ ਓਦਣ ਤੋਂ ਹੀ ਆਪਣੇ ਘਰ ਦੀਆਂ ਬਰੂਹਾਂ ਵਿਚ ਖਲੋਤੀ ਹੋਈ ਉਸਦੀ ਉਡੀਕ ਵਿਚ। ਇਕ ਸਵਾਣੀ ਜੋ ਉਹਨੂੰ ਰੱਬ ਵਾਂਗ ਪਿਆਰ ਕਰਦੀ, ਉਹਨੂੰ ਰੱਬ ਮੰਨਦੀ ਆਪਣਾ। ਇਕ ਸਵਾਣੀ ਜੋ ਪਿਛਲੇ ਤ੍ਰੇਈ ਵਰ੍ਹਿਆਂ ਤੋਂ ਉਹਦੇ ਨਾਲ ਹਰ ਦੁਖ, ਹਰ ਕਸ਼ਟ, ਹਰ ਬਦਨਸੀਬੀ ਤੇ ਹਰ ਔਖ ਹੱਸ ਕੇ ਝੱਲਦੀ ਏ। ਇਕ ਸਵਾਣੀ ਜੋ ਉਹਦੇ ਹੀਰੇ ਬਾਲਾਂ ਦੀ ਮਾਂ ਏ, ਇਕ ਸਵਾਣੀ ਜੋ ਪਿਛਲੇ ਤ੍ਰੇਈ ਵਰ੍ਹੇ ਇਕ ਉਹਦੇ ਲਈ ਹੀ ਜੀਵੀ ਤੇ ਜਦੋਂ ਉਹਨੂੰ ਆਪਣਾ ਹਰ ਕੋਈ ਛੱਡ ਗਿਆ, ਉਦੋਂ ਵੀ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਖਲੋਤੀ ਸਦਾ। ਉਸ ਰਾਤ ਦੇ ਰੱਕੜ ਵਿਚ ਜਿਹੜੀ 40 ਵਰ੍ਹੇ ਲੰਮੀ ਤੇ ਹਜ਼ਾਰ ਮੀਲ ਚੌੜੀ ਸੀ ਤੇ ਜਿਹਦੇ ਦੋਹਾਂ ਸਿਰਿਆਂ ਤੇ ਉਹ ਦੋ ਸਵਾਣੀਆਂ ਖਲੋਤੀਆਂ ਸਨ। ਉਹ ਗੱਭਰੂ ਕਿਸੇ ਉਸ ਰਾਤ ਦੇ ਰੱਕੜ ਵਿਚ ਗੁਆਚ ਗਿਆ। ਕਿਥੇ ਏ ਉਹ ? ਉਹ ਅਜੇ ਵੀ ਘਰ ਨਹੀਂ ਅੱਪੜਿਆ।

ਉਹ ਸਾਊ ਫੇਰ ਕਦੇ ਆਪਣੇ ਘਰ ਨਹੀਂ ਅੱਪੜੇਗਾ। ਘਰ ਜਿਹੜਾ ਆਪਣੀਆਂ ਬਰੂਹਾਂ ਵਿਚ ਖਲੋ ਕੇ ਉਹਨੂੰ ਉਡੀਕ ਰਿਹਾ ਏ ਜਾਂ ਘਰ ਜਿਹੜਾ ਉਹਨੂੰ ਏਅਰਪੋਰਟ



Academy of the Punjab in North America: http://www.apnaorg.com

ਤੇ ਖਲੋ ਕੇ ਵਿਦਿਆ ਕਰ ਰਿਹਾ ਏ। ਉਹ ਜਣਾ ਕਦੇ ਫੇਰ ਜੀਉਂਦਾ ਲੱਭੇਗਾ ਵੀ ਨਹੀਂ ਆਪਣੀ ਕਿਸੇ ਜ਼ਨਾਨੀ ਨੂੰ। ਉਹ ਗੱਭਰੂ ਰਾਤ ਦੇ ਉਸ ਰੱਕੜ ਨੂੰ ਕਦੇ ਜੀਉਂਦੀ ਜਾਨੇ ਪਾਰ ਵੀ ਨਹੀਂ ਕਰ ਸਕੇਗਾ। ਜਿਹਦੇ ਵਿਚ ਉਹ ਕਿਧਰੇ ਗੁਆਚ ਗਿਆ ਹੋਇਆ ਏ। ਰਾਤ ਜਿਹੜੀ ਅਬਦ ਵਾਂਗ ਪੰਜਾਬੀਆਂ ਉਪਰ ਛਾਈ ਹੋਈ ਏ। ਰਾਤ ਜਿਹੜੀ ਖ਼ੁਦਾਈ ਕਹਿਰ ਦੀ ਕੋਈ ਸ਼ਕਲ ਏ। ਰਾਤ ਜਿਹਦੇ ਦੋ ਕੰਢਿਆਂ ਉੱਤੇ ਦੋ ਸਵਾਣੀਆਂ ਖਲੋਤੀਆਂ ਨੇ। ਇਕ ਉਹਨੂੰ ਉਡੀਕ ਰਹੀ ਏ ਤੇ ਦੂਜੀ ਉਹਨੂੰ ਵਿਦਿਆ ਕਰ ਰਹੀ ਏ ਤੇ ਇਹ ਗੱਲ ਪੱਥਰ ਤੇ ਲੀਕ ਵਾਂਗ ਪੱਕੀ ਤੇ ਈਮਾਨ ਤਰ੍ਹਾਂ ਤਕੜੀ ਏ, ਪਈ ਉਸ ਰਾਤ ਦੇ ਰੱਕੜ ਵਿਚ ਕਿਧਰੇ ਉਹ ਆਪਣੀ ਲਿਖੀ ਹੋਈ ਤਬਾਹੀ ਦੇ ਮੱਥੇ ਲੱਗੇਗਾ। ਕਿਧਰੇ ਉਸ ਹੀ ਰੱਕੜ ਵਿਚ, ਜਿਹਦੇ ਵਿਚ ਉਹ ਘਰ ਦਾ ਰਾਹ ਭੁੱਲ ਗਿਆ ਏ। ਉਹਦੀ ਤਬਾਹੀ, ਉਹਦਾ ਮੁਕੱਦਰ ਸਾਫ਼ ਤੇ ਮੋਟੇ ਅੱਖਰਾਂ ਵਿਚ ਅਜ਼ਲ ਤੋਂ ਲਿਖਿਆ ਜਾ ਚੁੱਕਾ ਏ। ਤੇ ਉਹ ਹਯਾਤੀ ਬਾਰੇ, ਦੁਨੀਆ ਬਾਰੇ, ਕੁਝ ਨਾ ਜਾਣਦੇ, ਕੁਝ ਨਾ ਸਮਝਦੇ ਹੋਏ ਵੀ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿਸੇ ਯਕੀਨ ਵਾਂਗੂੰ। ਇਸ ਲਈ ਹੀ ਉਹ ਆਪਣੀ ਤਬਾਹੀ, ਆਪਣੇ ਮੁਕੱਦਰ, ਆਪਣੇ ਅਖ਼ੀਰ ਨਾਲ ਖੁੱਲ੍ਹੇ ਦਿਲ ਤੇ ਖੁੱਲ੍ਹੀਆਂ ਬਾਹਵਾਂ ਕਰ ਕੇ ਜੱਫੀ ਪਾਵੇਗਾ। ਇਸ ਤਰ੍ਹਾਂ ਉਹ ਆਪਣੇ ਅੰਤ ਨੂੰ ਮਿਲੇਗਾ, ਇਕੱਲਾ। ਉਡੀਕਣ ਵਾਲੀ ਤੇ ਵਿਦਿਆ ਕਰਨ ਵਾਲੀ ਤੋਂ ਵਿਛੜਿਆ ਹੋਇਆ, ਉਹਨਾਂ ਤੋਂ ਦੂਰ ਇਕੱਲਾ।

ਉਹ ਆਪਣੇ ਏਸ ਮੁਕੱਦਰ ਨਾਲ ਲੜੇਗਾ ਵੀ ਨਹੀਂ ਤੇ ਨਾ ਹੀ ਇਹਨੂੰ ਜੀ ਆਇਆਂ ਆਖੇਗਾ। ਉਹ ਆਪਣੇ ਪੰਜਾਬ ਬਾਰੇ ਆਪਣੀ ਆਖ਼ਰੀ ਨਜ਼ਮ ਲਿਖ ਰਿਹਾ ਹੋਵੇਗਾ, ਦੂਰ ਕਿਸੇ ਸੰਘਣੀ ਛਾਂ ਵਾਲੀ ਟਾਹਲੀ ਦੀ ਛਾਵੇਂ ਬੈਠਾ, ਭੋਇੰ ਤੇ ਚੌਂਕੜੀ ਮਾਰ ਕੇ ਜੇਠ ਹਾੜ ਦੀ ਕਿਸੇ ਦੁਪਹਿਰ ਵਿਚ—ਜਦੋਂ ਉਹ ਉਹਨੂੰ ਆ ਨੱਪਣਗੇ, ਉਹਦੀਆਂ ਮੁਸ਼ਕਾਂ ਕੱਸ ਲੈਣਗੇ, ਉਹ ਉਹਦੀ ਕਲਮ ਤੋੜ ਦੇਣਗੇ, ਉਹਦੀ ਨਜ਼ਮ ਵਾਲਾ ਵਰਕਾ ਪਾੜ ਦੇਣਗੇ, ਜਿੱਦਾਂ ਉਹਨਾਂ ਉਹਦੇ ਪੰਜਾਬ ਨੂੰ ਪਾੜ ਦਿੱਤਾ ਸੀ। ਉਹ ਉਹਨੂੰ ਰੱਜ ਮਾਰਨਗੇ, ਦੱਬ ਤਸੀਹੇ ਦੇਣਗੇ। ਫੇਰ ਉਹਨੂੰ ਅੱਧ-ਮੋਏ ਨੂੰ ਉਸੇ ਟਾਹਲੀ ਦੇ ਮੁੱਢ ਨਾਲ ਬੰਨ੍ਹ ਕੇ ਗੋਲੀਆਂ ਨਾਲ ਛਾਨਣੀ ਕਰ ਦੇਣਗੇ। ਰਾਤ ਉਹ 'ਅਰਿਸਟੋਕ੍ਰੇਟ' ਦੀਆਂ ਬੋਤਲਾਂ ਉੱਤੇ ਆਪਣੀ ਜਿੱਤ ਦਾ ਜਸ਼ਨ ਮਨਾਉਣਗੇ ਤੇ ਸਵੇਰੇ ਰੇਡੀਓ-ਟੈਲੀਵੀਜ਼ਨ ਪੁਲਿਸ ਮੁਕਾਬਲੇ ਵਿਚ ਇਕ ਹੋਰ ਇੰਤਹਾ-ਪਸੰਦ ਦੇ ਮਰਨ ਦਾ ਗੌਣ ਗਾ ਰਿਹਾ ਹੋਵੇਗਾ।

ਮਰਨ ਸਮੇਂ ਉਹਦੇ ਪੀੜ ਵਿਚ ਜਕੜੇ ਹੋਂਠ ਹਿੱਲਿਓਂ ਬਿਨਾਂ, ਖੁੱਲ੍ਹਿਓਂ ਬਿਨਾਂ ਉਹਦੀ ਉਹ ਛੇਕੜਲੀ ਨਜ਼ਮ 'ਪੰਜਾਬ' ਦਾ ਜੱਸ ਗਾ ਰਹੇ ਹੋਣਗੇ। ਉਹਦੀ ਨਜ਼ਮ, ਪੰਜਾਬ ਦਾ ਉਹ ਜੱਸ ਉਹਦੇ ਮਗਰੋਂ ਜੀਉਂਦਾ ਰਹੇਗਾ ਜਾਂ ਮਰ ਜਾਏਗਾ ? ਇਹ ਗੱਲ ਕੋਈ ਜ਼ਰੂਰੀ ਤੇ ਅਹਿਮ ਨਹੀਂ। ਜ਼ਰੂਰੀ ਤੇ ਅਹਿਮ ਗੱਲ ਤੁਹਾਨੂੰ ਇਹ ਦੱਸਣਾਂ ਏ ਪਈ ਦੋ ਨਕਸ਼ ਸਦਾ ਉਹਦੀਆਂ ਅੱਖਾਂ ਵਿਚ ਮਰਨ ਲੱਗਿਆਂ ਤੇ ਮਰਨੋਂ ਬਾਅਦ ਅੱਖਾਂ ਦੇ ਮੀਟੇ ਜਾਣ ਮਗਰੋਂ ਵੀ ਜੀਉਂਦੇ ਰਹਿਣਗੇ...ਇਕ ਨਕਸ਼ ਉਹਦੇ ਡੁੱਬਦੇ-ਤਰਦੇ, ਮਰਦੇ-ਜੀਉਂਦੇ, ਲਹੂ ਲਹੂ ਸੜਦੇ-ਬਲਦੇ, ਫੱਟੜ ਪਰ ਜੀਉਂਦੇ ਪੰਜਾਬ ਦਾ ਤੇ ਦੂਜਾ ਨਕਸ਼

ਦੋ ਸਵਾਣੀਆਂ ਦਾ, ਦੋ ਪੰਜਾਬਣਾਂ ਦਾ, ਜਿਹੜੀਆਂ ਸ਼ੇਰਨੀਆਂ ਵਾਂਙ ਪੰਜਾਬ ਦੀਆਂ ਦੋਹਾਂ ਨੁੱਕਰਾਂ ਉੱਤੇ ਖਲੀਆਂ ਨੇ...ਇਕ ਆਪਣੇ ਏਅਰਪੋਰਟ ਤੇ ਉਹਨੂੰ ਵਿਦਿਆ ਕਰਨ ਲਈ ਖਲੋਤੀ ਹੋਈ ਤੇ ਦੂਜੀ ਆਪਣੇ ਘਰ ਦੀਆਂ ਬਰੂਹਾਂ ਵਿਚ ਖਲੋਤੀ ਉਹਨੂੰ ਉਡੀਕਦੀ ਹੋਈ। ਉਹ ਦੋ ਸਵਾਣੀਆਂ ਆਪਣੇ ਗੱਭਰੂ, ਆਪਣੇ ਜਣੇ ਦਾ ਸੋਗ, ਇਕ ਦਿਨ, ਇਕ ਹਫ਼ਤਾ, ਇਕ ਮਹੀਨਾ, ਇਕ ਵਰ੍ਹਾ, ਇਕ ਉਮਰ ਜਾਂ ਕਿਆਮਤ ਤਕ ਮਨਾਉਂਦੀਆਂ ਨੇ, ਇਹ ਗੱਲ ਪੱਕੀ ਤੇ ਯਕੀਨੀ ਤੌਰ ਤੇ ਨਹੀਂ ਦੱਸੀ ਜਾ ਸਕਦੀ। ਪੱਕੀ ਤੇ ਯਕੀਨੀ ਗੱਲ ਇਹ ਹੈ ਕਿ ਉਹ ਗੱਭਰੂ, ਉਹ ਜਣਾ, ਜਿਹੜਾ ਚੇਤਰ ਚੰਨ ਦੀ ਦਸਵੀਂ ਪੰਜ ਵਜੇ ਸ਼ਾਮ ਲਹੌਰ ਉਤਰ ਕੇ, ਲਹੌਰ ਦੇ 'ਟੇਸ਼ਨ ਤੋਂ ਤੇਜ਼ ਗੱਡੀ ਵਿਚ ਚੜ੍ਹ ਕੇ ਘਰ ਵੱਲ ਗਿਆ ਸੀ ਤੇ ਜਿਹੜਾ ਕਦੇ ਘਰ ਨਹੀਂ ਸੀ ਅੱਪੜਿਆ, ਉਹ ਗੱਭਰੂ, ਉਹ ਜਣਾ, ਉਹ ਸਾਊ, ਉਹਨਾਂ ਦੋਹਾਂ ਸਵਾਣੀਆਂ ਦੇ ਦਿਲਾਂ ਵਿਚ ਅਬਦ ਵਾਂਙ, ਪੰਜਾਬ ਵਾਂਙ ਜੀਊਂਦਾ ਰਹੇਗਾ। ਸਦਾ ਹਮੇਸ਼...!

ਉਹ ਘਰ ਨਹੀਂ ਅੱਪੜਿਆ!

ਉਹ ਕਦੇ ਘਰ ਨਹੀਂ ਅੱਪੜੇਗਾ!

ਉਹ ਬੰਦਾ ਜਿਹਦੀਆਂ ਦੋ ਰੂਹਾਂ ਸਨ ਤੇ ਜਿਹਦਾ ਕੋਈ ਪਰਛਾਵਾਂ ਨਹੀਂ ਸੀ, ਫੇਰ ਕਦੇ ਘਰ ਨਹੀਂ ਅੱਪੜੇਗਾ, ਕਦੇ ਵੀ ਨਹੀਂ!



## درد دا مٹی رنگ ਦਰਦ ਦਾ ਮਿੱਟੀ ਰੰਗ

'ਚੜ੍ਹਦੇ ਪੰਜਾਬ ਵਿਚ ਫ਼ੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋਣ ਵਾਲੇ ਬਾਲ ਇਥੋਪੀਆ ਵਿਚ ਭੁੱਖ ਨਾਲ ਮਰਨ ਵਾਲੇ ਬਾਲ ਤੇ ਲਹਿੰਦੇ ਪੰਜਾਬ ਵਿਚ ਆਪਣੇ ਪਿਉ ਹੱਥੋਂ ਹਲਾਲ ਹੋਣ ਵਾਲੇ ਬਾਲ ਦੇ ਨਾਂ!'

•

ਉਹ ਸਾਰੇ ਰੌਸ਼ਨੀ ਦੀ ਦੁਨੀਆ ਵਿਚ ਚਲੇ ਗਏ ਨੇ
ਤੇ ਮੈਂ 'ਕੱਲਾ ਝਕਦਾ ਪਿਛਾਂਹ ਬੈਠਾ ਆਂ
ਉਹਨਾਂ ਦੀ ਯਾਦ ਸੋਹਣੀ ਤੇ ਰੌਸ਼ਨ ਏ
ਤੇ ਮੇਰੇ ਦੁਖੀ ਧਿਆਨ ਨੂੰ ਲੋਅ ਦੇਂਦੀ ਏ। —*ਹੈਨਰੀ ਵਾਨਗਮ*

ਮੈਂ ਕਿੰਵ ਕਹਾਣੀ ਲਿਖਾਂ?

ਜਦੋਂ ਸੂਰਜ ਸਵਾ ਨੇਜ਼ੇ ਤੇ ਆਣ ਖਲੋਵੇ ਤੇ ਸਾਵੀ, ਵੱਤਰ ਆਈ, ਮਿੱਠੀ ਭੋਇੰ ਤੱਪਦੀ, ਭੁੱਜ ਕੇ ਤਾਂਬੇ ਵਾਂਗ ਲਾਲ ਹੋ ਜਾਵੇ—ਜਦੋਂ ਨਰਮ, ਨਰੋਈ, ਮਹਿਕਾਂ ਵੰਡਣ ਵਾਲੀ ਚਾਂਦੀ ਰੰਗੀ ਮਿੱਟੀ, ਦਾਣੇ ਭੁੰਨਣ ਵਾਲੀ ਭੱਠੀ ਵਿਚ ਪਈ ਹੋਈ ਸੜਦੀ ਰੇਤ ਵਾਂਗ ਸੁਰਮੇ ਦੇ ਰੰਗ ਵਿਚ ਰੰਗੀ ਜਾਵੇ—ਜਦੋਂ ਮਨੁੱਖ ਦੁੱਖਾਂ ਦੀ ਭੱਠੀ ਵਿਚ ਜਵਾਰ ਦੇ ਫੁੱਲਿਆਂ ਵਾਂਗ ਖਿੜ ਖਿੜ ਕੇ ਖਿਲਰਦਾ-ਪੁਲਰਦਾ ਜਾਵੇ—ਜਦੋਂ ਬੰਦੇ ਤੋਂ ਵਾਂਝੇ ਖ਼ਲਕਤ ਨਾਲ ਭਰੇ ਪਏ ਸ਼ਹਿਰਾਂ 'ਚੋਂ ਇਕ ਇਕ ਬੰਦਾ ਲੱਭਣ ਲਈ ਇਕ ਇਕ ਉਮਰ ਲੰਘ ਜਾਵੇ—ਜਦੋਂ ਵੱਸਦੇ ਨਗਰ ਚੀਰਨ-ਪਾੜਨ ਵਾਲੇ ਸ਼ੇਰਾਂ, ਚੀਤਿਆਂ ਤੇ ਬਘਿਆੜਾਂ ਨਾਲ ਭਰੇ ਹੋਏ ਜੰਗਲਾਂ ਦਾ ਰੂਪ ਧਾਰ ਲੈਣ—ਜਦੋਂ ਉੱਥ ਵੀ ਆਪੋ-ਧਾਪ ਪੈ ਜਾਏ ਪਈ ਸਾਰਿਆਂ ਰਿਸ਼ਤਿਆਂ ਦੀਆਂ ਡੋਰਾਂ ਟੁੱਟ ਜਾਵਣ—ਜਦੋਂ ਮਨੁੱਖ 'ਕੱਲਾ, ਖਿੰਡਿਆ ਵੰਡਿਆ, ਵੱਖਰਾ ਵੱਖਰਾ, ਆਪੋ ਆਪ, ਡਰਿਆ, ਸਹਿਮਿਆ, ਪਾਟਿਆ ਹੋਇਆ ਲੀਰੋ ਲੀਰ ਹੋ ਕੇ ਜਬਰ ਦੀ ਸੂਲ, ਸੂਲ ਦੀ ਸੂਲੀ ਟੰਗਿਆ, ਝੂਲਦਾ, ਤੁਬਕਾ ਤੁਬਕਾ ਰੱਤ ਬਣ ਕੇ ਚੋਂਦਾ ਤੇ ਤ੍ਰਿਹਾਈ ਮਿੱਟੀ ਵਿਚ ਗਵਾਚਦਾ ਰਹੇ—ਤੇ ਜਦੋਂ ਉਹਦੇ ਕੂਣ-ਬੋਲਣ, ਹੱਸਣ-ਰੋਣ ਦੀਆਂ ਸਾਰੀਆਂ ਆਵਾਜ਼ਾਂ ਸਿਮਟ ਸਿਮਟਾ ਕੇ ਆਖ਼ਰੀ ਹਿੱਚਕੀ ਬਣ ਜਾਵਣ, ਉਦੋਂ ਉਹ ਬੰਦਾ ਕਿੰਵ ਕਹਾਣੀ ਲਿਖੇ? ਮੈਂ ਕਿੰਵ ਕਹਾਣੀ ਲਿਖਾਂ?

Academy of the Punjab in North America: http://www.apnaorg.com

ਅੱਗੇ ਮੇਰਾ ਦੁਖ ਇਹ ਸੀ ਪਈ ਮੈਂ ਕਿਹੜੀ ਕਹਾਣੀ ਲਿਖਾਂ—ਲੱਖਾਂ ਦੁੱਖਾਂ ਵਿੱਚੋਂ ਕਿਹੜੇ ਦੁਖ ਨੂੰ ਝਾੜਾਂ-ਪੂੰਝਾਂ ਤੇ ਕਹਾਣੀ ਦਾ ਰੂਪ ਦੇਵਾਂ ਤੇ ਕਿਹੜੇ ਦੁੱਖ ਨੂੰ ਮਤਰੇਆ ਜਾਣਾਂ—ਜਦੋਂ ਸਾਰੇ ਈ ਮੇਰੇ ਨੇ ਤੇ ਕੀਹਨੂੰ ਝੋਲੀ ਵਿੱਚੋਂ ਕੱਢ ਕੇ ਚੁੰਮਾਂ ਤੇ ਕੀਹਨੂੰ ਥਾਪੜ-ਥਾਪੜ ਕੇ ਆਖਾਂ, 'ਅਜੇ ਨਹੀਂ ਬੱਚੜਾ!' ਕਿਸੇ ਸਿਆਣੇ ਆਖਿਆ ਏ ਪਈ ਹਯਾਤੀ ਛੋਟੀ ਤੇ ਫਨ ਲੰਮਾ ਏ। ਮੈਨੂੰ ਲੱਗਦਾ ਏ, ਉਹਦਾ ਮਤਲਬ ਏ ਪਈ ਹਯਾਤੀ ਥੋੜੀ ਏ ਤੇ ਦੁਖ ਬਹੁਤੇ ਨੇ—ਫੇਰ ਮੈਂ ਤੇ ਮੇਰੇ ਦੁਖ। ਦੁਨੀਆ ਵਿਚ ਹੋਣ ਤੇ ਨਾ ਹੋਣ ਦੇ ਦੁਖ, ਬਹੁਤੇ ਥੋੜੇ ਦਾ ਦੁਖ—ਵਾਧੇ ਘਾਟੇ ਦਾ ਦੁਖ—ਜੰਗਾਂ ਤੇ ਭੁੱਖਾਂ ਵਿਚ ਮਰਦੇ ਮਨੁੱਖ ਦਾ ਦੁਖ, ਮਨੁੱਖ ਦੀਆਂ ਤਹਿਜ਼ੀਬਾਂ ਦੇ ਡੁੱਬਣ-ਰੁੜ੍ਹਨ ਦਾ ਦੁਖ—ਜਬਰ ਤੇ ਇਸਤਹਸਾਲ (ਲੁੱਟ ਖਸੁੱਟ) ਦਾ ਦੁਖ...ਗੁਲਾਮੀ ਦਾ ਦੁਖ...ਮੇਰੀ ਤੇ ਮੇਰੇ ਜਿਹੇ ਮੁਲਕਾਂ ਦੀ ਹੋਂਦ ਉੱਤੇ ਸਾਮਰਾਜ ਦੇ ਜਬਰ, ਇਸਤਹਸਾਲ ਤੇ ਬੇਹਯਾਈ ਦੇ ਚੜ੍ਹਦੇ ਰੰਗ ਦਾ ਦੁਖ—ਅੰਦਰ ਦੇ ਦੁਖ—ਹਿਜਰ ਫ਼ਿਰਾਕ ਦੇ ਦੁਖ, ਗੁਆਚੀ ਹੋਈ ਖ਼ੁਸ਼ਬੂ ਦੀ ਭਾਲ ਵਿਚ ਨੰਗੇ ਪੈਰੀਂ ਸੜਦੇ ਥਲਾਂ ਵਿਚ ਸਫ਼ਰ ਦਾ ਦੁਖ—ਆਪਣੀ ਟੋਟੇ ਟੋਟੇ ਹੋਈ ਧਰਤੀ ਦੇ ਲੰਗਾਰਾਂ ਨੂੰ ਅੱਥਰੂਆਂ ਦੇ ਟਾਂਕੇ ਲਾ ਲਾ ਕੇ ਸਿਊਂਦੇ ਰਹਿਣ ਤੇ ਉਹਦੇ ਜ਼ਖ਼ਮਾਂ ਦੀ ਫੁਲਕਾਰੀ ਨੂੰ ਸੀਨੇ ਲਾਈ ਫਿਰਨ ਤੇ ਉਹਦੇ ਉੱਤੇ ਰੋਣ ਦਾ ਦੁਖ—ਜੀਹਦੇ ਕਾਰਨ ਸਰਕਾਰੀ ਛਿਛੜਿਆਂ ਤੇ ਜੂਠੀਆਂ ਹੱਡੀਆਂ ਉੱਤੇ ਪਲਣ ਵਾਲੇ ਸੁੰਘੇ ਡੱਬੂ ਮੇਰੀਆਂ ਪਿੰਨੀਆਂ ਨੂੰ ਚੱਕ ਭਰਦੇ ਨੇ। ਅੱਗੋਂ ਮੈਂ ਹੱਸ ਛੱਡਦਾ ਆਂ ਕਿਉਂ ਜੁ ਮੈਨੂੰ ਚੱਕ ਭਰਨ ਨਾਲ ਈ ਉਹਨਾਂ ਦਾ ਰਾਤਬ ਜੁੜਿਆ ਹੋਇਆ ਏ ਤੇ ਜੁੜਿਆ ਰਵ੍ਹੇ। ਮੈਂ ਉਹਨਾਂ ਦੇ ਹਿਰਸੀ ਢਿੱਡਾਂ ਤੇ ਲੱਤ ਕਿਉਂ ਮਾਰਾਂ? ਮੈਂ ਕਾਹਨੂੰ ਦੱਸਾਂ ਪਈ ਮੈਂ ਲੱਭੇ ਹੋਏ ਨੂੰ ਗੁਆਉਣਾ ਨਹੀਂ ਚਾਹੁੰਦਾ ਸਗੋਂ ਗੁਆਚੇ ਹੋਏ ਨੂੰ ਲੱਭਣਾ ਤੇ ਆਪਣੇ ਨਾਲ ਜੋੜਨਾ ਚਾਹੁੰਦਾ ਹਾਂ। ਉਹ ਮੇਰੀਆਂ ਪਿੰਨੀਆਂ ਨੂੰ ਚੱਕ ਭਰਦੇ ਰਹਿਣ ਜਾਂ ਛੱਡ ਦੇਣ ਤੇ ਭਾਵੇਂ ਮੇਰਾ ਸਾਰਾ ਮਾਸ ਖਾ ਜਾਣ। ਮੇਰਾ ਵੱਢਿਆ ਟੁੱਕਿਆ ਸਰੀਰ ਇਕੱਠਾ ਹੋ ਕੇ ਰਹੇਗਾ। ਇਕ ਹੋ ਕੇ ਰਹੇਗਾ...ਪੰਜ ਵਿਚ ਪੰਜ ਤਨ ਪਾਕ, ਪੰਜ ਵਿਚ ਪ੍ਰਮੇਸ਼ਰ, ਕਦੇ ਪੰਜ ਪਿਆਰੇ ਵੀ ਖਿੰਡੇ-ਵੰਡੇ ਰਹਿ ਸਕਦੇ ਨੇ, ਕਦੇ ਪੰਜਾਂ ਦਰਿਆਵਾਂ ਦਾ ਪਾਣੀ ਵੀ ਹੋਰ ਹੋਰ ਰੰਗਾਂ ਵਿਚ ਵੰਡਿਆ ਜਾ ਸਕਦਾ ਹੈ? ਤੁਸੀਂ ਮੇਰਾ ਸਭ ਕੁਝ ਖੋਹ ਸਕਦੇ ਹੋ, ਪਰ ਮੇਰਾ ਆਪਣਾ ਆਪ, ਮੇਰੀ ਹੋਂਦ ਕੌਣ ਖੋਹ ਸਕਦਾ ਏ?

ਤੁਸਾਂ ਮੇਰੇ ਕੋਲੋਂ ਮੇਰੀ ਪੱਗ, ਮੇਰੀ ਕੰਨੀਆਂ ਵਾਲੀ ਜੁੱਤੀ, ਮੇਰੀ ਚਾਦਰ ਖੋਹ ਲਈ ਤੇ ਮੈਨੂੰ ਫੈਲਟ ਕੈਪ, ਹਾਈ ਹੀਲ ਤੇ ਜੀਨਜ਼ ਦੇ ਦਿੱਤੀ। ਮੈਂ ਚੁੱਪ ਰਿਹਾ। ਤੁਸਾਂ ਮੇਰੇ ਕੋਲੋਂ ਮੇਰੇ ਸਾਰੇ ਗੌਣ ਖੋਹ ਲਏ ਤੇ ਮੈਨੂੰ ਪਾਪ ਮਿਊਜ਼ਕ ਦੇ ਦਿੱਤਾ। ਮੈਂ ਚੁੱਪ ਰਿਹਾ। ਤੁਸਾਂ ਮੇਰੇ ਤੋਂ ਮੇਰੇ ਫਿਰਨ ਤੁਰਨ ਤੇ ਕੂਣ ਬੋਲਣ ਦਾ ਹੱਕ ਖੋਹ ਲਿਆ, ਮੇਰੇ ਪੈਰਾਂ ਨੂੰ ਸੰਗਲ ਤੇ ਮੂੰਹ ਨੂੰ ਜਿੰਦਰੇ ਮਾਰ ਦਿੱਤੇ। ਮੈਂ ਚੁੱਪ ਰਿਹਾ। ਤੁਸਾਂ ਮੇਰੇ ਤੋਂ ਮੇਰੀ ਜ਼ਬਾਨ ਖੋਹ ਲਈ ਤੇ ਈਰਾਨੀ, ਅੰਗਰੇਜ਼ੀ ਤੇ ਗੰਗਾ ਜਮਨੀ ਮੇਰੇ ਸਿਰ ਮੜ੍ਹ ਦਿੱਤੀ। ਮੈਂ ਚੁੱਪ ਰਿਹਾ। ਕੀ ਤੁਸਾਂ ਬੰਗਾਲੀਆਂ ਤੋਂ ਬੰਗਾਲੀ ਖੋਹ ਲਈ ਏ? ਕਦੇ ਇਹ ਵੀ ਸੋਚਿਆ ਜੇ ਕਿ ਮੈਂ ਗੂੰਗਾ ਕਿਉਂ ਆਂ? ਕਿਉਂ ਚੁੱਪ ਆਂ? ਸਿਰਫ਼ ਏਸ ਕਰਕੇ ਪਈ ਏਸ ਘਰ ਨੂੰ ਇਕੱਠਿਆਂ ਰੱਖਣ ਲਈ ਮੈਨੂੰ ਜੋ ਵੀ ਮੁੱਲ ਤਾਰਨਾ ਪਵੇ, ਮੈਂ ਤਾਰਾਂਗਾ—ਨਿੱਕਿਆਂ



Academy of the Punjab in North America: http://www.apnaorg.com

ਭਰਾਵਾਂ ਨੂੰ ਨਾਲ ਰੱਖਣ ਲਈ ਵੱਡੇ ਨੂੰ ਕੁਝ ਨਾ ਕੁਝ ਤੇ ਦੇਣਾ ਹੀ ਪੈਂਦਾ ਏ। ਮੈਨੂੰ ਪਤਾ ਏ। ਪਰ ਮੈਂ ਕੀ ਕੁਝ ਨਹੀਂ ਦਿੱਤਾ ਇਸ ਇਕੱਠ ਲਈ। ਮੈਂ ਕਦੋਂ ਨਹੀਂ ਨਿੱਕਿਆਂ ਦੇ ਹੱਕ ਲਈ ਬੋਲਿਆ? ਮੈਂ ਆਪਣੇ ਹੱਕ ਛੱਡ ਕੇ ਵੀ ਉਹਨਾਂ ਦੇ ਹੱਕ ਦੀ ਹਮਾਇਤ ਕੀਤੀ ਏ ਤੇ ਹੁਣ ਗਾਲ੍ਹਾਂ ਵੀ ਮੈਂ ਖਾਵਾਂ। ਕਿਉਂ? ਜਦੋਂ ਕਿ ਮੈਂ ਜ਼ਾਲਮ ਵੀ ਨਹੀਂ ਤੇ ਖੋਹਣ ਵਾਲਾ ਵੀ ਨਹੀਂ। ਮੈਂ ਤੇ ਇਕ ਮਾਰਿਆ ਕੁਟਿਆ ਹੋਇਆ ਸ਼ੂਦਰ ਆਂ, ਜਿਹੜਾ ਉਹਨਾਂ ਤਿੰਨਾਂ ਤੋਂ ਸੌ ਗੁਣਾ ਵੱਧ ਮਜ਼ਲੂਮ ਤੇ ਦੁਖੀ ਆਂ—ਤੇ ਹੁਣ ਜਦੋਂ ਉਹ ਆਪ ਤਿੰਨੇ ਅੱਗੇ ਤੇ ਉਹਨਾਂ ਦੇ ਬਾਲ ਆਪਣੀਆਂ ਜ਼ਬਾਨਾਂ ਬੋਲਣ, ਲਿਖਣ, ਪੜ੍ਹਨ ਦੇ ਹੱਕ ਮਾਣ ਰਹੇ ਨੇ, ਮੈਂ ਆਪਣੀ ਜ਼ਬਾਨ ਨੂੰ ਬੋਲਣ ਦਾ ਹੱਕ ਮੰਗਦਾ ਹਾਂ। ਤਾਂ ਮੈਂ ਮੁਜਰਮ ਆਂ ਤੇ ਹੁਣ ਫੇਰ ਮੇਰਾ ਕਸੂਰ ਇਹੀ ਨਿਕਲਿਆ ਪਈ ਮੈਂ ਆਪਣੇ ਬਾਲਾਂ ਲਈ ਆਪਣੀ ਜ਼ਬਾਨ ਮੰਗਨਾ ਆਂ। ਕੀ ਇਹ ਮੇਰਾ ਜੁਰਮ ਏ? ਜੇ ਇਹ ਜੁਰਮ ਏ ਤੇ ਮੈਨੂੰ ਏਸ ਜੁਰਮ ਦਾ ਇਕਰਾਰ ਏ ਤੇ ਇਹ ਵੀ ਪਈ ਮੈਂ ਸਦੀਆਂ ਤੋਂ ਗੂੰਗਾ ਸਾਂ, ਹੁਣ ਮੈਂ ਬੋਲ ਪਿਆ ਆਂ ਤੇ ਇਹ ਜੁਰਮ ਮੈਂ ਅਗਾਂਹ ਵੀ ਕਰਦਾ ਰਹਾਂਗਾ। ਲਓ ਹੋ ਗਏ ਕਾਨੂੰਨ ਦੇ ਤਕਾਜ਼ੇ ਪੂਰੇ। ਆ ਗਿਆ ਮੇਰਾ ਇਕਬਾਲੀ ਬਿਆਨ। ਹੁਣ ਚਾੜ੍ਹੋ ਮੈਨੂੰ ਫੱਟੇ ਤੇ, ਬੰਨ੍ਹੋ ਮੇਰੇ ਗਿੱਟੇ, ਕੱਸੋ ਮੇਰੀਆਂ ਮੁਸ਼ਕਾਂ, ਪਾਓ ਮੇਰੇ ਗਲ ਵਿਚ ਰੱਸਾ, ਚਾੜ੍ਹੋ ਮੇਰੇ ਮੂੰਹ ਉੱਤੇ ਗੁਥਲਾ ਤੇ ਖਿੱਚ ਦਿਓ ਮੇਰੇ ਪੈਰਾਂ ਹੇਠੋਂ ਫੱਟਾ। ਫੇਰ ਵੇਖਿਆ ਜੇ ਓਸ ਅੰਨ੍ਹੇ ਖੂਹ ਵਿੱਚੋਂ ਮੇਰੀ ਹੋਂਦ ਦੇ ਕਰੋੜਾਂ ਫੁੱਲ ਖਿੜਦੇ—ਤੇ ਆਕੜ ਕੇ ਵਿਹਰ ਕੇ ਮੰਗਦੇ ਆਪਣੀ ਜ਼ਬਾਨ ਬੋਲਣ ਦਾ ਹੱਕ।

ਗੱਲ ਖਿਲਰ ਨਹੀਂ ਗਈ ਸਗੋਂ ਸਾਰੀ ਦੁਨੀਆ ਦੇ ਮਨੁੱਖਾਂ ਦੇ ਦੁੱਖਾਂ ਵਿੱਚੋਂ ਦੀ ਹੁੰਦੀ ਹੋਈ ਮੇਰੇ ਇਕ ਆਪਣੇ ਦੁਖ ਦੇ ਨੁਕਤੇ ਉੱਤੇ ਖਲੋਤੀ ਏ। ਕੀ ਮੈਂ ਜਜ਼ਬਾਤੀ ਹੋ ਗਿਆ ਆਂ। ਨਹੀਂ ਮੈਂ ਵਿੰਨ੍ਹਿਆ ਗਿਆ ਆਂ—ਮੈਂ ਲਹੂ ਲੁਹਾਨ ਹੋ ਗਿਆ ਆਂ। ਮੈਂ ਮਰਨ ਕਿਨਾਰੇ ਆਂ ਪਰ ਮਰਨ ਤੋਂ ਪਹਿਲੋਂ ਵੀ ਆਖ਼ਰੀ ਹਿਚਕੀ ਵਿਚ ਆਪਣਾ ਹੱਕ ਮੰਗਣ ਲਈ ਤੁਹਾਡੇ ਗਲ ਵਿਚ ਲੀੜਾ ਪਾਉਣ ਡਿਆ ਆਂ। ਇਹ ਮੇਰਾ ਹੱਕ ਏ। ਮੈਂ ਮੈਂ ਨਹੀਂ, ਇਕ ਮਨੁੱਖ ਆਂ। ਮੇਰਾ ਦੁਖ ਹਰ ਮਨੁੱਖ ਦਾ ਦੁਖ ਏ, ਜਿਵੇਂ ਹਰ ਮਨੁੱਖ ਦਾ ਦੁਖ ਮੇਰਾ ਦੁਖ ਏ। ਦੁਨੀਆ ਤੇ ਵਾਪਰਿਆ ਹੋਇਆ, ਵਾਪਰ ਰਿਹਾ, ਵਾਪਰਨ ਵਾਲਾ ਹਰ ਦੁਖ ਮੇਰਾ ਆਪਣਾ ਦੁਖ ਏ। ਮੇਰੇ ਸਰੀਰ ਵਿੱਚੋਂ ਦੁਖ ਦੇ ਸੌ ਸੌ ਬੂਟੇ ਪੁੰਗਰਦੇ ਨੇ। ਮੈਂ ਇਕ ਜ਼ੱਰਾ ਸਹੀ ਪਰ ਦੁੱਖਾਂ ਦੇ ਹਿਮਾਲਿਆ ਪਹਾੜ ਨਾਲ ਲੜੀ ਜਾਂਦਾ ਆਂ। ਇਹ ਈ ਮੇਰੀ ਹੋਂਦ ਦੀ ਨਿਸ਼ਾਨੀ ਏ, ਇਹੋ ਮੇਰੀ ਹੋਂਦ ਦਾ ਸਬੂਤ ਏ। ਸਰੀਰ ਲੀਰੋ ਲੀਰ, ਅੱਖਾਂ ਹੰਝੂ ਹੜ੍ਹ, ਉਂਗਲਾਂ ਲਹੂ ਲੁਹਾਨ, ਹੋਠਾਂ ਤੇ ਜਿੰਦਰੇ, ਕਲਮ ਨੂੰ ਚੁੱਪ ਦੇ ਸੰਗਲ, ਗੱਲਾਂ ਉੱਤੇ ਪਹਿਰੇ, ਤਾਂ ਵੀ ਕੀ ਮੈਂ ਲਿਖਦਾ ਨਹੀਂ ਰਿਹਾ? ਅੱਗੇ ਮੇਰਾ ਦੁਖ ਇਹ ਸੀ ਕਿ ਮੈਂ ਕਿਹੜੀ ਕਹਾਣੀ ਲਿਖਾਂ? ਹੁਣ ਮੇਰਾ ਦੁਖ ਇਹ ਹੈ ਕਿ ਮੈਂ ਕਿੰਝ ਕਹਾਣੀ ਲਿਖਾਂ?

•

ਮੈਂ ਇਕ ਬਾਲ ਆਂ ਜਿਹਨੂੰ ਲਿਖਣਾ ਨਹੀਂ ਆਉਂਦਾ, ਜਿਹਨੂੰ ਲਿਖਣ ਦੀ ਲੋੜ ਵੀ ਨਹੀਂ। ਏਥੇ ਕਲਮ, ਦੁਆਤ, ਫੱਟੀ, ਕਾਗ਼ਜ਼, ਪਿਨਸਲ ਕੁਝ ਵੀ ਨਹੀਂ। ਇਥੇ ਹਰ

ਸ਼ੈਅ, ਹਰ ਮੰਗ, ਹਰ ਸੱਧਰ, ਹਰ ਚਾਹਤ, ਹਰ ਲੋੜ ਆਪਣੇ ਆਪ ਪੂਰੀ ਹੁੰਦੀ ਏ। ਮੰਗਣਾ ਕੁਝ ਵੀ ਨਹੀਂ ਪੈਂਦਾ, ਲੱਭਣਾ ਕੁਝ ਵੀ ਨਹੀਂ ਪੈਂਦਾ, ਥੋੜ੍ਹ ਕਿਸੇ ਵੀ ਸ਼ੈਅ ਦੀ ਨਹੀਂ। ਹਰ ਸ਼ੈਅ ਆਪਣੇ ਆਪ ਕੋਲ ਆ ਜਾਂਦੀ ਏ। ਹਰ ਕੋਈ ਰੱਜਿਆ ਤੇ ਸੁਖੀ ਏ। ਏਸ ਲਈ ਮੈਨੂੰ ਲਿਖਣਾ ਨਹੀਂ ਆਉਂਦਾ। ਉਂਞ ਵੀ ਇਥੇ ਮੈਂ ਉਹਦੇ ਕੋਲ ਆਂ ਜਿਹਦੇ ਬਾਰੇ ਆਖਿਆ ਜਾਂਦਾ ਏ ਪਈ ਉਹ ਬਾਲਾਂ ਦਾ ਯਾਰ ਏ ਤੇ ਨੀਲੇ ਚਮਕੀਲੇ ਅਸਮਾਨ ਉੱਤੇ ਰਹਿੰਦਾ ਏ।

•

ਮੈਂ ਨਵੇਂ ਲੀੜੇ ਪਾ ਕੇ ਆਪਣੇ ਜੂੜੇ ਉੱਤੇ ਲਾਲ ਰੇਸ਼ਮੀ ਰੁਮਾਲ ਬੰਨ੍ਹ ਕੇ, ਆਪਣੇ ਭਾਈਏ, ਬੇਬੇ ਤੇ ਭੈਣਾਂ-ਭਰਾਵਾਂ ਨਾਲ ਮੱਥਾ ਟੇਕਣ ਤੇ ਮੱਸਿਆ ਨਹਾਉਣ ਆਇਆ ਸਾਂ। ਗੁਰੂਆਂ ਦੇ ਘਰ ਵਿਚ ਅਸਾਂ ਆਨੰਦ ਮਾਣੇ। ਮੇਰੇ ਬਾਪੂ ਮੈਨੂੰ ਕੁੱਛੜ ਚੁੱਕ ਕੇ ਆਪ ਵੱਡੇ ਤਲਾ ਵਿਚ ਨੁਹਾਇਆ, ਜੀਹਦੇ ਵਿਚ ਨਹਾਉਣ ਵਾਲੇ ਦੇ ਸਾਰੇ ਰੋਗ ਕੱਟੇ ਜਾਂਦੇ ਨੇ। ਫੇਰ ਵਾਰੋ ਵਾਰ ਮੇਰੇ ਸਾਰੇ ਭੈਣ ਭਰਾ ਨਹਾਤੇ। ਏਡਾ ਵੱਡਾ ਮੇਲਾ...ਏਨੇ ਲੋਗ...ਬਾਲ-ਬਾਲੜੀਆਂ, ਮੁੰਡੇ ਖੁੰਡੇ, ਕੁੜੀਆਂ ਚਿੜੀਆਂ, ਜਵਾਨ ਗੱਭਰੂ, ਬੁੱਢੇ ਠੇਰੇ, ਮਾਈਆਂ ਬੁੱਢੀਆਂ, ਜਵਾਨ ਜਹਾਨਾਂ, ਦਾਨੀਆਂ ਪ੍ਰਧਾਨੀਆਂ ਸਵਾਣੀਆਂ...ਸੱਭੇ ਬੜੇ ਅਦਬ ਨਾਲ ਅੱਖਾਂ ਨੀਵੀਆਂ ਕਰ ਕੇ ਮਰਮਰ ਦੇ ਫ਼ਰਸ਼ ਦੀਆਂ ਸਿੱਲਾਂ ਉੱਤੇ ਪੋਲੇ ਪੋਲੇ ਪੈਰੀਂ ਟੁਰੇ ਫਿਰਦੇ ਲੋਕ ਅੰਦਰ ਜਾਂਦੇ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ, ਚੜ੍ਹਾਵਾ ਚਾੜ੍ਹਦੇ, ਮੰਨਤਾਂ ਮੰਨਦੇ ਤੇ ਗੁਰੂਆਂ ਦੀ ਬਾਣੀ ਪੜ੍ਹਦੇ, ਬੱਧੇ ਹੱਥੀਂ ਪੁੱਠੇ ਪੈਰੀਂ ਟੁਰਦੇ ਬਾਹਰ ਨਿਕਲ ਆਉਂਦੇ। ਲੋਕ ਲੰਗਰ ਵਿੱਚੋਂ ਪ੍ਰਸ਼ਾਦ ਲੈ ਕੇ ਛਕਦੇ ਤੇ ਜਿਥੇ ਕਿਸੇ ਦਾ ਮਨ ਕਰਦਾ, ਖੁੱਲ੍ਹੇ ਦਿਲ ਸੌਂ ਜਾਂਦਾ। ਫੇਰ ਉਸ ਰਾਤ ਉਹ ਕਿਆਮਤ ਆਈ...ਗੋਲੀਆਂ ਦਾ ਮੀਂਹ, ਬੰਬਾਂ ਦੀ ਕੰਨਾਂ ਦੇ ਪਰਦੇ ਪਾੜ ਦੇਣ ਵਾਲੀ 'ਵਾਜ, ਟੈਂਕਾਂ ਦਾ ਸ਼ੋਰ, ਤੋਪਾਂ ਦੀ ਗੜਗੱਜ...ਲੋਹੇ ਪੱਥਰ ਦੀਆਂ ਕੰਧਾਂ ਸ਼ਹੀਦ ਹੋ ਗਈਆਂ। ਬੁਰਜ ਮੁਨਾਰੇ ਸ਼ਹੀਦ ਹੋ ਗਏ। ਅਕਾਲ ਤਖ਼ਤ ਸ਼ਹੀਦ ਹੋ ਗਿਆ। ਮੱਥਾ ਟੇਕਣ ਵਾਲੀ ਥਾਂ ਬੂਟਾਂ ਨਾਲ ਭਿੱਟੀ ਗਈ। ਵਾਹਿਗੁਰੂ ਸੱਚੇ ਪਾਤਿਸ਼ਾਹ ਦੇ ਘਰ ਵਰਦੀ ਵਾਲੇ ਸੂਰਾਂ ਹੱਥੋਂ ਉਜੜ ਗਏ। ਸਾਰੇ ਦਰਬਾਰ ਸਾਹਿਬ ਵਿਚ ਭਾਜੜ ਪੈ ਗਈ ਪਰ ਲੋਕ ਅੰਦਰਾਂ ਨੂੰ ਨਾ ਦੌੜੇ ਸਗੋਂ ਅੰਦਰਾਂ ਵਿੱਚੋਂ ਨਿਕਲ ਕੇ ਵੀ ਬਾਹਰ ਤੋਪਾਂ ਅੱਗੇ ਹਿੱਕ ਕੱਢ ਕੇ ਖਲੋ ਗਏ। ਬਾਲ, ਸਵਾਣੀਆਂ ਤੇ ਬੁੱਢੇ, ਆਖਦੇ ਨੇ ਕਿ ਡਰਾਕਲ ਹੁੰਦੇ ਨੇ, ਪਰ ਕੋਈ ਜਿਥੇ ਸੀ ਉਥੋਂ ਭੋਰਾ ਪਿਛਾਂਹ ਨਾ ਹਟਿਆ। ਪਿੰਡੇ ਗੋਲੀਆਂ ਨਾਲ ਛਾਨਣੀ ਹੁੰਦੇ ਰਹੇ। ਅਜੀਬ ਯੁੱਧ ਸੀ! ਹਥਿਆਰ ਸਾਰੇ ਵੱਡੀਆਂ ਜੰਗਾਂ ਵਿਚ ਵਰਤੇ ਜਾਵਣ ਵਾਲੇ ਪਰ ਸਾਹਮਣੇ ਨਿਹੱਥੇ ਮੱਸਿਆ ਨਹਾਉਣ, ਮੱਥਾ ਟੇਕਣ ਤੇ ਗੁਰੂਆਂ ਦੇ ਦਰਸ਼ਨ ਪਾਉਣ ਵਾਲੇ ਸਾਦ-ਮੁਰਾਦੇ ਲੋਕ, ਮਾਸੂਮ ਬਾਲ, ਸਵਾਣੀਆਂ ਤੇ ਬੁੱਢੇ। ਮਰਦਾਂ ਛਾਤੀਆਂ ਉੱਤੇ ਗੋਲੀਆਂ ਖਾਧੀਆਂ ਤੇ ਜ਼ਨਾਨੀਆਂ ਨੇ ਅਕਸਰ ਲੱਕਾਂ ਉੱਤੇ। ਉਹ ਬਾਲਾਂ ਨੂੰ ਸੀਨੇ ਨਾਲ ਲਾਈ, ਵਰ੍ਹਦੀਆਂ ਗੋਲੀਆਂ ਤੋਂ ਬਚਾਉਂਦੀਆਂ ਮੂੰਹ ਦੂਜੇ ਪਾਸੇ ਕਰ ਕੇ ਗੋਲੀਆਂ ਆਪਣੇ ਲੱਕ ਤੇ ਝੱਲਦੀਆਂ। ਪਰ ਗੋਲੀਆਂ ਉਹਨਾਂ ਦੇ ਨਰਮ ਸਰੀਰ ਵਿੱਚੋਂ ਲੰਘ ਕੇ ਵੀ ਬਾਲਾਂ ਨੂੰ ਛਾਨਣੀ ਕਰ ਦੇਂਦੀਆਂ। ਏਸ ਗੱਲ ਦਾ ਮੈਨੂੰ ਏਸ ਲਈ ਪਤਾ ਏ ਕਿ ਮੇਰੀ ਮਾਤਾ



ਵੀ ਮੈਨੂੰ ਛਾਤੀ ਨਾਲ ਲਾ ਕੇ ਬਚਾਉਣ ਲਈ ਗੋਲੀਆਂ ਦੀ ਵਾਛੜ ਵੱਲ ਪਿੱਛਾ ਕਰ ਕੇ ਖਲੋ ਗਈ। ਦੋ ਵੀਹਾਂ ਗੋਲੀਆਂ ਲੰਘੀਆਂ ਉਹਦੇ ਕੂਲੇ ਪਿੰਡੇ ਵਿੱਚੋਂ ਤੇ ਬਾਈ ਤ੍ਰੇਈ ਮੇਰੇ ਵਿੱਚੋਂ ਦੀ। ਮੇਰੇ ਆਲੇ-ਦੁਆਲੇ ਲਹੂ, ਧੂੰਆਂ ਤੇ ਅੱਗ ਸੀ। ਬੰਬਾਂ ਤੇ ਗੋਲੀਆਂ ਮੇਰੇ ਭੈਣਾਂ ਭਰਾਵਾਂ ਨੂੰ ਉਡਾ ਛੱਡਿਆ ਤੇ ਟੈਂਕਾਂ ਮੇਰੇ ਵਿੰਨ੍ਹੇ ਛਾਨਣੀ ਹੋਏ ਮਾਪਿਆਂ ਦੀਆਂ ਲੋਥਾਂ ਨੂੰ ਸੀਰਾ ਬਣਾ ਦਿੱਤਾ। ਹਜ਼ਾਰਾਂ ਲੋਕਾਂ ਦਾ ਨਾਂ ਥੇਹ ਮਿਟ ਗਿਆ। ਸਾਰੀ ਰਾਤ ਮੌਤ ਤੇ ਹਯਾਤੀ ਦਾ ਇਹ ਯੁੱਧ ਰਿਹਾ। ਫੇਰ ਅਗਲਾ ਸਾਰਾ ਦਿਨ, ਫੇਰ ਅਗਲੀ ਸਾਰੀ ਰਾਤ ਤੇ ਅਗਲਾ ਅੱਧਾ ਦਿਨ ਤੇ ਉਹ ਸ਼ੇਰ ਬਹਾਦਰ, ਸੂਰਮਾ ਵੀ ਛਾਨਣੀ ਹੋ ਗਿਆ, ਜਿਸ ਆਪਣੇ ਸਿੱਖੀ ਸਿਦਕ ਉੱਤੇ ਇੰਞ ਈ ਬਹਾਦਰੀ ਤੇ ਦਲੇਰੀ ਨਾਲ ਸਿਰ ਦਿੱਤਾ ਜਿਵੇਂ ਉਹ ਆਖਦਾ ਹੁੰਦਾ ਸੀ। ਉਹ ਵੀ ਅਮਰ ਹੋ ਗਿਆ ਤੇ ਸਿੱਖੀ ਸਿਦਕ ਨੂੰ ਵੀ ਅਮਰ ਕਰ ਗਿਆ। ਰਹਿੰਦੀ ਦੁਨੀਆ ਤੀਕਰ ਉਹਦਾ ਨਾਂ ਮੇਰੇ ਦੇਸ ਦੇ ਹਰ ਮੁਨਾਰੇ ਤੋਂ ਉੱਚਾ, ਸੂਰਜ ਵਾਂਙ ਚਮਕਦਾ ਰਵ੍ਹੇਗਾ। ਕਈ ਰਾਤਾਂ ਹਨੇਰਿਆਂ ਵਿਚ ਸ਼ਹੀਦਾਂ ਦੀਆਂ ਲੋਥਾਂ ਟਰੱਕਾਂ ਵਿਚ ਭਰ ਭਰ ਕੇ ਟੈਂਕਾਂ ਦੇ ਪਹਿਰਿਆਂ ਵਿਚ ਸ਼ਹਿਰੋਂ ਬਾਹਰ ਲਿਜਾ ਕੇ ਥੱਲੇ ਉੱਤੇ ਸੁੱਟ ਕੇ ਤੇਲ ਪਾ ਕੇ ਫੂਕੀਆਂ ਜਾਂਦੀਆਂ ਰਹੀਆਂ। ਕਿਹੜਾ ਘਰ ਹੈ ਪੰਜਾਬ ਵਿਚ ਜੀਹਦੇ ਅੱਧੇ ਜੀਅ ਉਹਨਾਂ ਹਨੇਰੀਆਂ ਰਾਤਾਂ ਵਿਚ ਉਸ ਸੁਨਹਿਰੇ ਕਲਸਾਂ ਵਾਲੇ ਦਰਬਾਰ ਸਾਹਿਬ ਵਿਚ ਨਹੀਂ ਗੁਆਚ ਗਏ ? ਕਿਹੜੀ ਜੰਗ ਏ ਦੁਨੀਆ ਵਿਚ ਹੋਈ ਜੀਹਦੇ ਵਿਚ ਏਨੇ ਬਾਲ-ਅੰਞਾਣੇ, ਸਵਾਣੀਆਂ, ਬੁੱਢੇ, ਕੁੜੀਆਂ ਚਿੜੀਆਂ, ਏਡੀ ਪਵਿੱਤਰ ਥਾਂ ਉੱਤੇ ਇੰਞ ਖ਼ਾਲੀ ਹੱਥੀਂ, ਬੇਦੋਸ਼ੇ, ਨਾ-ਹੱਕ ਮਾਰੇ ਗਏ ਨੇ ? ਕਦੋਂ ਪੰਜ ਸੌ ਵਰ੍ਹਿਆਂ ਵਿਚ ਉਹ ਪਵਿੱਤਰ ਤਲਾਅ ਇੰਜ ਇਨਸਾਨੀ ਰੱਤ ਨਾਲ ਭਰੇ ਸਨ ਕਦੇ ?

•

ਮੈਂ ਅਫ਼ਰੀਕਾ ਦੀ ਤਪਦੀ ਮਿੱਟੀ ਦਾ ਪੁੱਤਰ ਆਂ। ਇਥੋਪੀਆ ਦੀ ਇਕ ਬਸਤੀ ਦੀ ਇਕ ਕੁੱਲੀ ਵਿਚ ਮੇਰੀਆਂ ਵੱਡੀਆਂ ਦੋ ਭੈਣਾਂ ਤੇ ਮੇਰਾ ਪਿਉ-ਮਾਂ ਰਹਿੰਦੇ ਆਏ। ਉਂਞ ਤਾਂ ਮੇਰਾ ਦਾਦੀ-ਦਾਦਾ ਵੀ ਜੀਊਂਦੇ ਸਨ ਪਰ ਵੱਖਰੀ ਕੁੱਲੀ ਵਿਚ ਰਹਿੰਦੇ। ਕੁਝ ਕੁੱਕੜੀਆਂ, ਕੁਝ ਬੱਕਰੀਆਂ, ਇਕ ਗਾਂ ਤੇ ਇਕ ਖੇਤ ਸਾਡਾ ਆਪਣਾ ਸੀ, ਜੀਹਦੇ ਵਿਚ ਕਦੇ ਮੇਰਾ ਪਿਉ ਯਾਮ (ਆਲੂ) ਬੀਜਦਾ ਤੇ ਕਦੇ ਜਵਾਰ। ਮੈਂ ਬੱਕਰੀਆਂ ਚਾਰਦਾ ਘਰ ਦਾ ਕੰਮ ਕਰਦਾ।

ਬਸਤੀ ਦੇ ਚਾਰ ਚੁਫੇਰੇ ਜੰਗਲ ਤਾਂ ਨਹੀਂ ਪਰ ਬਹੁਤ ਸਾਰੀਆਂ ਸਦਾ ਹਰੀਆਂ ਰਹਿਣ ਵਾਲੀਆਂ ਝਾੜੀਆਂ ਤੇ ਕੁਝ ਰੁੱਖ ਸਨ। ਫੇਰ ਇਕ ਦਿਨ ਸੂਰਜ ਜ਼ਮੀਨ ਦੇ ਨੇੜੇ ਹੋ ਗਿਆ। ਬੱਦਲ ਜ਼ਮੀਨ ਨਾਲ ਰੁੱਸ ਗਏ। ਇਕ ਵਰ੍ਹਾ, ਦੋ ਵਰ੍ਹੇ, ਤਿੰਨ ਵਰ੍ਹੇ ਤੇ ਹੋਰ ਕਈ ਵਰ੍ਹੇ ਵਰਖਾ ਨਾ ਹੋਈ। ਪਹਿਲੋਂ ਸਾਡੀ ਖੇਤੀ ਸੁੱਕੀ, ਫੇਰ ਝਾੜੀਆਂ ਤੇ ਫੇਰ ਮਾਲ ਡੰਗਰ ਤੇ ਮਾਵਾਂ ਦਾ ਦੁੱਧ ਸੁੱਕਿਆ। ਦਾਦਾ ਆਖਦਾ ਮੀਂਹ ਤੇ ਖ਼ੁਸ਼ਹਾਲੀ ਦਾ ਦੇਵਤਾ ਸਾਡੇ ਨਾਲ ਗ਼ੁੱਸੇ ਹੋ ਗਿਆ ਏ। ਕੁੱਲੀਆਂ ਅੰਦਰ ਮੱਟੀਆਂ-ਮਟਕਿਆਂ ਵਿਚ ਪਿਆ ਹੋਇਆ ਅਨਾਜ ਕਿੰਨੇ ਕੁ ਵਰ੍ਹੇ ਚੱਲਦਾ! ਸ਼ਿਕਾਰ ਲੋਕਾਂ ਦੇ ਹੱਥ ਨਾ ਆਉਂਦਾ। ਲੋਕ ਦੌੜਨ ਤੇ ਸ਼ਿਕਾਰ ਮਾਰਨ ਜੋਗੇ ਰਹੇ ਈ ਨਹੀਂ ਸਨ। ਬਸਤੀ ਦੇ ਲੋਕ ਇਕ-ਅੱਧ ਬੱਕਰੀ ਜਾਂ ਗਾਂ ਕੋਹ ਲੈਂਦੇ ਤੇ ਸਾਰਾ ਕਬੀਲਾ ਵੰਡ ਕੇ ਖਾ ਲੈਂਦਾ। ਹਯਾਤੀ ਦੋ-ਚਾਰ ਦਿਨ



Academy of the Punjab in North America: http://www.apnaorg.com

ਹੋਰ ਵਧ ਜਾਂਦੀ। ਬਸਤੀ ਦੇ ਕੋਲ ਦੇ ਰੁੱਖਾਂ ਤੋਂ ਪੱਤਰ ਝੜ ਗਏ। ਨੰਗੀਆਂ ਟਹਿਣੀਆਂ ਉੱਤੇ ਗਿਰਝਾਂ ਬੈਠੀਆਂ ਰਹਿੰਦੀਆਂ। ਦਾਦਾ ਦੱਸਦਾ ਏ ਗਿਰਝ ਮੌਤ ਦੀ ਨਿਸ਼ਾਨੀ ਏ। ਇਕ ਇਕ ਕਰਕੇ ਢੋਰ ਡੰਗਰ ਮੁੱਕਦੇ ਗਏ। ਪਹਿਲੋਂ ਹਲਾਲ ਜਾਨਵਰ ਮਗਰੋਂ ਹਰਾਮ, ਸਭੋ ਮੁੱਕ ਗਏ ਤੇ ਭੁੱਖ ਦੇ ਢਿੱਡ ਵਿਚ ਪੈ ਗਏ। ਸੂਰਜ ਹੋਰ ਨੇੜੇ ਆ ਗਿਆ, ਜ਼ੋਰੇ ਸਵਾ ਨੇਜ਼ੇ ਉੱਤੇ ਈ ਆ ਗਿਆ ਹੋਵੇ। ਲੋਕਾਂ ਦੇ ਸਰੀਰਾਂ 'ਚੋਂ ਮਾਸ ਸੜਦਾ ਗਿਆ ਤੇ ਖੱਲ ਹੱਡੀਆਂ ਨਾਲ ਜੁੜਦੀ ਗਈ। ਇਕ ਦਿਨ ਭੁੱਖ-ਤ੍ਰੇਹ ਹੱਥੋਂ ਵਿਲਕ ਵਿਲਕ ਕੇ ਮੇਰਾ ਦਾਦਾ ਮਰ ਗਿਆ, ਫੇਰ ਕਿਰਨਮ-ਕਿਰਨੀ ਲੋਕ ਜਾਣ ਲੱਗ ਪਏ। ਪੰਜ ਵੀਹਾਂ ਤੇ ਪੰਜ ਜੀਆਂ 'ਚੋਂ, ਪੰਜ ਵੀਹਾਂ ਤੇ ਅਸਮਾਨਾਂ ਵੱਲ ਵੇਖਦੇ ਤੇ ਉੱਤੋਂ ਅਨਾਜ ਉਤਰਦਾ ਵੇਖਦੇ, ਉਡੀਕਦੇ, ਅੱਡੀਆਂ ਰਗੜ-ਰਗੜ ਕੇ ਮਰ ਗਏ। ਏਡੀ ਲਾਚਾਰੀ ਦੀ ਮੌਤ। ਬੰਦੇ ਨੂੰ ਜੰਗਲੀ ਜਾਨਵਰ ਪਾੜ ਖਾਵੇ, ਸੱਪ ਲੜ ਜਾਵੇ, ਉਹ ਦੋ ਚਾਰ ਸਾਹ ਲੈ ਕੇ ਮਰ ਜਾਵੇ, ਸੌਖੀ ਮੌਤ ਜਾਂ ਬਿਮਾਰੀ ਆ ਜਾਵੇ, ਨਿੱਕੀ ਹੋਵੇ ਜਾਂ ਵੱਡੀ, ਬੰਦਾ ਭੋਗ ਕੇ ਚੱਲਦਾ ਹੋਇਆ, ਸੌਖਾ ਕੰਮ। ਪਰ ਇਹ ਵਰ੍ਹਿਆਂ ਦੀ ਭੁੱਖ-ਤ੍ਰੇਹ ਵੀ ਰਤਾ-ਰਤਾ ਕਰ ਕੇ ਮਾਰਨ ਵਾਲੀ ਮੌਤ...ਕਹਿਤ ਦੀ ਮੌਤ ਸਭ ਮੌਤਾਂ ਤੋਂ ਮੰਦੀ ਏ। ਤੂੰ ਉਨ੍ਹਾਂ ਲੋਕਾਂ ਦੇ ਜੀਉਂਦੇ ਪਿੰਜਰ ਤੇ ਧੁੱਪੇ ਪਈਆਂ ਹੋਈਆਂ ਜੀਉਂਦੀਆਂ ਲਾਸ਼ਾਂ ਨਹੀਂ ਵੇਖੀਆਂ ਜਿਨ੍ਹਾਂ ਵਿਚ ਏਨੀ ਵੀ ਸੱਤਿਆ ਨਹੀਂ ਰਹਿ ਗਈ ਕਿ ਉਹ ਆਪਣੀਆਂ ਅੱਖਾਂ ਤੇ ਮੂੰਹ ਉੱਤੇ ਭਿਣਕਦੀਆਂ ਮੱਖੀਆਂ ਈ ਉਡਾ ਸਕਣ। ਹਿੱਲਣ ਜੁੱਲਣ ਤੋਂ ਆਰੀ, ਰਤਾ ਰਤਾ, ਭੋਰਾ ਭੋਰਾ ਮਰਦੇ ਲੋਕ। ਮੇਰਾ ਪਿਉ ਸਾਰੀ ਬਸਤੀ ਦਾ ਸਭ ਤੋਂ ਤਗੜਾ ਤੇ ਜਵਾਨ ਆਦਮੀ ਸੀ। ਸਭ ਤੋਂ ਵੱਡਾ ਸ਼ਿਕਾਰੀ ਤੇ ਸਭ ਤੋਂ ਵੱਡਾ ਪਹਿਲਵਾਨ ਜੋ ਸ਼ੇਰ ਨੂੰ ਖ਼ਾਲੀ ਹੱਥੀਂ ਫੜ ਕੇ ਉਹਦੀਆਂ ਵਰਾਛਾਂ ਚੀਰ ਦੇਂਦਾ ਸੀ, ਉਹਦਾ ਉਠਣਾ-ਬਹਿਣਾ ਤੇ ਦੂਰ ਦੀ ਗੱਲ, ਹੁਣ ਉਹ ਪਿੰਡੇ ਤੋਂ ਮੱਖੀ ਮੱਛਰ ਵੀ ਨਾ ਉਡਾ ਸਕਦਾ। ਮੇਰੀ ਮਾਂ ਮਰਨ ਤੋਂ ਪਹਿਲੋਂ ਪਾਗਲ ਹੋ ਗਈ। ਕਦੇ ਰੋਂਦੀ, ਕਦੇ ਹੱਸਦੀ। ਕਦੇ ਆਖਦੀ : ਮੈਂ ਆਪਣੀ ਡੱਬੀ ਬੱਕਰੀ ਦਾ ਦੁੱਧ ਪੀ ਰਹੀ ਆਂ। ਆਖ਼ਰੀ ਵਾਰ ਉਸ ਮੇਰੇ ਪਿਓ ਨੂੰ ਬੜੀ ਟੁੱਟੀ ਤੇ ਹੌਲੀ 'ਵਾਜ ਵਿਚ ਆਖਿਆ, 'ਰੋਟੀ ਖਾ ਲੈ' ਤੇ ਉਹ ਵੀ ਮਰ ਗਈ। ਫੇਰ ਉਸ ਦਿਨ ਮੈਂ ਉਹ ਸੁਫ਼ਨਾ ਵੇਖਿਆ—ਬਾਹਰ ਧੁੱਪੇ ਸੜਦੀ ਜ਼ਮੀਨ ਉੱਤੇ ਆਪਣੇ ਮਰਦੇ ਹੋਏ ਪਿਓ ਕੋਲ ਡਿੱਗਿਆਂ ਪਿਆਂ, ਮੈਂ ਵੇਖਿਆ ਪਈ ਸੂਰਜ 'ਚੋਂ ਇਕ ਚਿੱਟਿਆਂ ਲੀੜਿਆਂ ਵਾਲਾ ਉੱਚਾ ਤੇ ਲੰਮਾ ਜਵਾਨ ਨਿਕਲਿਆ ਏ, ਜੀਹਦੇ ਇਕ ਹੱਥ ਵਿਚ ਦੋ ਖ਼ਰਗੋਸ਼ ਤੇ ਦੂਜੇ ਹੱਥ ਵਿਚ ਬਰਛਾ ਏ। ਮੇਰੇ ਕੋਲ ਆ ਕੇ ਉਸ ਅੱਗ ਉੱਤੇ ਉਹਨਾਂ ਦਾ ਗੋਸ਼ਤ ਭੁੰਨਿਆ ਤੇ ਇਕ ਬੋਟੀ ਮੈਨੂੰ ਦਿੱਤੀ। ਜਦੋਂ ਇਕ ਗਿਰਝ ਨੇ ਆ ਕੇ ਆਪਣੀ ਡਿੰਗੀ ਬਰਛੀ ਵਰਗੀ ਤੇਜ਼ ਚੁੰਝ ਮੇਰੀ ਅੱਖ ਵਿਚ ਮਾਰ ਕੇ ਮੇਰਾ ਆਨਾ ਕੱਢ ਲਿਆ, ਉਹ ਸੁਫ਼ਨਾ ਅਜੇ ਓਸ ਆਨੇ ਵਿਚ ਜੀਉਂਦਾ ਸੀ। ਫੇਰ ਹੋਰ ਗਿਰਝਾਂ ਮੈਨੂੰ ਖਾਣ ਲੱਗ ਪਈਆਂ, ਕੁਝ ਅੱਖਾਂ ਵਿਚ ਕੱਢੇ ਹੋਏ ਮੋਰਿਆਂ 'ਚੋਂ ਦੀ ਤੇ ਕੁਝ ਢਿੱਡ 'ਚੋਂ ਦੀ। ਮੇਰਾ ਦਾਦਾ ਆਖਦਾ ਹੁੰਦਾ ਸੀ ਕਿ 'ਜਦੋਂ ਪਹਿਲਾ ਬਾਲ ਪਹਿਲੀ ਵਾਰੀ ਹੱਸਿਆ, ਉਹਦਾ ਹਾਸਾ ਹਜ਼ਾਰਾਂ ਟੋਟਿਆਂ ਵਿਚ ਟੁੱਟ ਕੇ ਇਧਰ ਉਧਰ ਖਿੱਲਰ ਗਿਆ ਤੇ ਇਹ ਪਰੀਆਂ ਦਾ ਮੁੱਢ ਸੀ।' ਇਹ ਗੱਲ ਠੀਕ ਹੋਵੇਗੀ ਪਈ ਪਰੀਆਂ ਪਹਿਲੇ ਬਾਲ ਦੇ ਪਹਿਲੇ ਹਾਸੇ



Academy of the Punjab in North America: http://www.apnaorg.com

ਨਾਲ ਜੰਮੀਆਂ। ਪਰ ਮੇਰੇ ਖ਼ਿਆਲ ਮੂਜਬ ਤੇ ਓਸ ਬਾਲ (ਜਾਂ ਹਰ ਬਾਲ) ਦੇ ਨਾਲ ਦੋ ਹੋਰ ਧਿਰਾਂ ਵੀ ਜੰਮੀਆਂ ਸਨ। ਇਕ ਭੁੱਖ ਦਾ ਦਿਓ, ਜਿਹੜਾ ਸਾਰੀ ਉਮਰ ਬਾਲ ਦੇ ਪਿੱਛੇ ਚੜ੍ਹਿਆ ਉਹਨੂੰ ਨਸਾ ਨਸਾ ਕੇ ਹਫ਼ਾ ਹਫ਼ਾ ਕੇ ਮਾਰ ਦੇਵੇ ਤੇ ਦੂਜੀ ਗਿਰਝ ਜਿਹੜੀ ਰੋਜ਼ ਉਹਦੀਆਂ ਅੱਖਾਂ, ਆਂਦਰਾਂ ਤੇ ਮਾਸ ਖਾਂਦੀ ਰਵ੍ਹੇ। ਮੇਰੇ ਮਰਨ ਨਾਲ ਪਰੀਆਂ ਤੇ ਮਰ ਗਈਆਂ ਪਰ ਭੁੱਖ ਦਾ ਦਿਓ ਤੇ ਇਨਸਾਨ ਨੂੰ ਹੌਲੀ ਹੌਲੀ ਖਾਣ ਵਾਲੀਆਂ ਗਿਰਝਾਂ ਅਜੇ ਜੀਉਂਦੀਆਂ ਨੇ। ਏਸ ਲੰਮੀ-ਚੌੜੀ ਤੇ ਰੱਜੀ-ਪੁੱਜੀ ਦੁਨੀਆ ਵਿੱਚੋਂ ਮੈਨੂੰ ਕੋਈ ਨਾ ਅੱਪੜਿਆ। ਸਾਰੀ ਦੁਨੀਆ ਵਿਚ ਜਗਣ ਵਾਲੀ ਬਿਜਲੀ ਦੇ ਬਿੱਲ ਬਰਾਬਰ ਰਕਮ ਦੀ ਇਮਦਾਦ ਮੈਨੂੰ ਤੇ ਇਥੋਪੀਆ ਨੂੰ ਕਹਿਤ, ਭੁੱਖ ਤੇ ਮੌਤ ਤੋਂ ਬਚਾ ਸਕਦੀ ਸੀ। ਜੰਗੀ ਸਮਾਨ ਉੱਤੇ ਖ਼ਰਚ ਹੋਣ ਵਾਲੀ ਰਕਮ ਨਾਲ ਸਾਰੀ ਦੁਨੀਆ ਦੇ ਬਾਲ ਹਮੇਸ਼ਾ ਲਈ ਕਹਿਤ ਤੋਂ ਆਜ਼ਾਦ ਹੋ ਸਕਦੇ ਨੇ। ਕੀ ਨਹੀਂ ?

•

ਲਹਿੰਦੇ ਪੰਜਾਬ ਦੇ ਇਕ ਸ਼ਹਿਰ ਵਿਚ ਇਕ ਪਿਉ ਨੇ ਆਪਣੇ ਚੌਹਾਂ ਮਾਸੂਮ ਬੱਚਿਆਂ ਦੀਆਂ ਧੌਣਾਂ ਛੁਰੀ ਨਾਲ ਵੱਢ ਦਿੱਤੀਆਂ, ਉਹ ਅਸੀਂ ਸਾਂ। ਮੈਂ ਤੇ ਮੇਰੀਆਂ ਤਿੰਨ ਭੈਣਾਂ ਤੇ ਆਪਣੇ ਬੱਚੇ ਕੋਹਣ ਵਾਲਾ ਮੇਰਾ ਪਿਉ। ਮੇਰਾ ਸਕਾ ਤੇ ਬਹੁਤ ਪਿਆਰ ਕਰਨ ਵਾਲਾ ਪਿਉ। ਓਸ ਆਪਣੇ ਬੱਚੇ ਏਸ ਲਈ ਹਲਾਲ ਕਰ ਸੁੱਟੇ ਪਈ ਕੱਲ੍ਹ ਨੂੰ ਵੱਡੇ ਹੋ ਕੇ ਅਸੀਂ ਭੁੱਖੇ ਨਾ ਮਰੀਏ...ਨਾ ਭੁੱਖ ਨਾ ਦਿਓ ਸਾਡੇ ਪਿੱਛੇ ਦੌੜ ਦੌੜ ਕੇ ਸਾਨੂੰ ਮਾਰੇ ਤੇ ਨਾ ਗਿਰਝਾਂ ਸਾਡਾ ਮਾਸ ਚੂੰਢਣ। ਸਾਡੀਆਂ ਸੰਘੀਆਂ ਤੇ ਛੁਰੀ ਫੇਰਨ ਤੋਂ ਪਹਿਲਾਂ ਉਹ ਕਈ ਰਾਤਾਂ ਨਾ ਸੁੱਤਾ ਤੇ ਰੋਂਦਾ ਰਿਹਾ। ਆਖ਼ਿਰ ਓਸ ਇਕ ਦਿਹਾੜੇ ਸਾਡੇ ਹੱਥ ਪੈਰ ਬੰਨ੍ਹ ਕੇ ਅਸਾਡੇ ਮੂੰਹ ਬੰਨ੍ਹ ਦਿੱਤੇ ਕਿ ਮਤਾਂ ਰੋਣ ਚੀਕਣ ਦੀ 'ਵਾਜ ਸੁਣ ਕੇ ਆਂਢੀ-ਗਵਾਂਢੀ ਆ ਜਾਣ। ਪਰ ਜੇ ਉਹਨੂੰ ਯਕੀਨ ਹੁੰਦਾ ਕਿ ਉਹਦੇ ਬਾਲਾਂ ਦੀਆਂ ਚੀਕਾਂ ਤੇ ਰੋਣ ਦੀ 'ਵਾਜ ਸੁਣ ਕੇ ਆਂਢੀ-ਗਵਾਂਢੀ ਆ ਜਾਣਗੇ ਤਾਂ ਉਹ ਸਾਨੂੰ ਮਾਰਦਾ ਈ ਕਿਉਂ ? ਓਸ ਆਖਿਆ, 'ਪਤਾ ਨਹੀਂ ਕੱਲ੍ਹ ਨੂੰ ਇਹਨਾਂ ਦਾ ਕੀ ਬਣੇ ? ਇਨਸਾਨੀ ਗਿਰਝਾਂ ਕਿਥੋਂ ਕਿਥੋਂ ਇਹਨਾਂ ਦਾ ਮਾਸ ਤੋੜ ਤੋੜ ਕੇ ਖਾਣ ?' ਤੇ ਓਸ ਅੱਥਰੂ ਭਰੀਆਂ ਅੱਖਾਂ ਨਾਲ ਆਪਣੇ ਜਿਗਰ ਦੀਆਂ ਬੋਟੀਆਂ ਨੂੰ ਆਪ ਇੱਜ਼ਤ ਦੀ ਮੌਤ ਮਾਰ ਦਿੱਤਾ। ਹੁਣ ਮੈਂ ਤੈਨੂੰ ਪੁੱਛਣਾ ਆਂ ਪਈ ਅੰਮ੍ਰਿਤਸਰ ਵਿਚ ਇਨਸਾਨੀਅਤ ਦੀ ਮੌਤ ਵੇਲੇ ਵੀ ਕਿਸੇ ਮਾਂ ਜਾਂ ਪਿਉ ਨੇ ਆਪਣੇ ਬਾਲ ਨੂੰ ਗੋਲੀਆਂ ਅੱਗੇ ਕਰ ਕੇ ਆਪਣੀ ਜਾਨ ਨਹੀਂ ਬਚਾਈ। ਇਥੋਪੀਆ, ਜਿਥੇ ਕਹਿਤ ਹੱਥੋਂ ਇਨਸਾਨੀਅਤ ਹੌਲੀ ਹੌਲੀ ਕੀੜਿਆਂ ਕਾਢਿਆਂ ਹੱਥੋਂ ਮਰ ਰਹੀ ਏ, ਕਿਸੇ ਮਾਂ ਜਾਂ ਪਿਉ ਨੇ ਮੌਤ ਨੂੰ ਪਰ੍ਹਾਂ ਹਟਾਉਣ ਲਈ ਆਪਣੇ ਬਾਲ ਦਾ ਜੀਉਂਦਾ ਜਾਂ ਮੋਇਆ ਮਾਸ ਨਹੀਂ ਖਾਧਾ, ਫੇਰੇ ਮੇਰੇ ਮੁਲਕ ਵਿਚ ਕਿਹੜਾ ਕਹਿਤ ਏ ? ਮੇਰਾ ਮੁਲਕ ਤੇ ਇਸਲਾਮੀ ਮੁਲਕ ਸਦਾਂਵਦਾ ਏ। ਇਕ ਇਸਲਾਮੀ ਮੁਲਕ ਜਿਥੇ ਇਕ ਕੁੱਤਾ ਵੀ ਕਿਸੇ ਦੂਰ-ਦੁਰਾਡੇ ਦਰਿਆ ਦੇ ਕੰਢੇ ਉੱਤੇ ਭੁੱਖ ਨਾਲ ਮਰ ਜਾਵੇ ਤਾਂ ਖ਼ਲੀਫ਼ਾ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਏ। ਏਸ ਇਸਲਾਮੀ ਮੁਲਕ ਦੇ ਸਮਾਜ ਨੂੰ ਵੀ ਇਹ ਸਵਾਲ ਪੁੱਛਣਾ ਆਂ, ਜਿਥੇ ਜੇ ਬੰਦੇ ਦਾ ਗਵਾਂਢੀ ਭੁੱਖਾ ਸੌਂ ਜਾਵੇ ਤਾਂ ਓਸ ਬੰਦੇ ਉੱਤੇ ਰੋਟੀ ਹਰਾਮ ਹੁੰਦੀ ਏ। ਇਹ ਸਵਾਲ

ਮੈਂ ਆਪਣੇ ਏਸ ਸਮਾਜ ਨੂੰ ਉਸਾਰਨ ਵਾਲੇ ਅੱਜ ਦੇ ਉਸਾਰੂਆਂ ਨੂੰ ਵੀ ਪੁੱਛਨਾ ਆਂ, ਜਿਥੇ ਅਜਿਹਾ ਸਮਾਜ ਉਸਾਰਨ ਦਾ ਹੁਕਮ ਏ, ਜੀਹਦੇ ਵਿਚ ਨਾ ਕੋਈ ਫ਼ਕੀਰ ਹੋਵੇ ਨਾ ਜ਼ਕਾਤ ਲੈਣ ਵਾਲਾ। ਮੈਂ ਇਹ ਸਵਾਲ ਆਪਣੇ ਮੁਲਕ ਦੇ ਹਰ ਸ਼ਹਿਰੀ ਤੋਂ ਵੀ ਪੁੱਛਨਾ ਆਂ ਪਈ ਮੇਰੀ ਜਾਨ ਕਿਸ ਦੇ ਖਾਤੇ ਵਿਚ ਪਈ ? ਮੇਰੇ ਪਿਉ ਦੇ, ਗਵਾਂਢੀਆਂ ਦੇ, ਮੇਰੇ ਸਮਾਜ ਦੇ ਜਾਂ ਵਕਤ ਦੇ ਖ਼ਲੀਫ਼ੇ ਦੇ ਖਾਤੇ ਵਿਚ ? ਇਕ ਚੀਨੀ ਸ਼ਾਇਰ, ਇਕ ਚੀਨੀ ਬਾਲ ਦੇ ਮਰਨ ਉੱਤੇ ਇਹ ਮਰਸੀਆ ਲਿਖਿਆ ਸੀ :

*ਉਹ ਅੱਜ ਤਿੱਤਲੀਆਂ ਪਿੱਛੇ*
*ਬਹੁਤ ਦੂਰ ਨਿਕਲ ਗਿਆ ਏ.....*

ਕੀ ਮੈਂ ਤਿੱਤਲੀਆਂ ਪਿੱਛੇ ਦੂਰ ਨਿਕਲ ਗਿਆ ਆਂ ?

ਇਹ ਮੇਰੀਆਂ ਈ ਤਿੰਨ ਮੌਤਾਂ ਨੇ। ਮੈਂ ਚੜ੍ਹਦੇ ਪੰਜਾਬ ਵਿਚ ਮਰਿਆ, ਮੈਂ ਇਥੋਪੀਆ ਵਿਚ ਮਰਿਆ, ਮੈਂ ਲਹਿੰਦੇ ਪੰਜਾਬ ਵਿਚ ਮਰਿਆ, ਮੈਂ ਰੋਜ਼ ਕਿਤੇ ਨਾ ਕਿਤੇ ਜ਼ਰੂਰ ਮਰਨਾ ਆਂ, ਮਰਦਾ ਰਵ੍ਹਾਂਗਾ ਤੇ ਪੁੰਗਰਦਾ ਰਵ੍ਹਾਂਗਾ। ਮੈਂ ਫੇਰ ਆਖਦਾ ਆਂ ਪਈ ਜਦੋਂ ਮਨੁੱਖ ਕੱਲਾ ਕੱਲਾ, ਖਿੰਡਿਆ-ਫੈਂਡਿਆ, ਵੱਖਰਾ-ਵੱਖਰਾ, ਆਪੋ-ਆਪ, ਡਰਿਆ-ਸਹਿਮਿਆ, ਪਾਟਿਆ ਹੋਇਆ, ਲੀਰੋ ਲੀਰ ਹੋ ਕੇ ਜਬਰ ਦੀ ਸੂਲ, ਸੂਲ ਦੀ ਸੂਲੀ ਟੰਗਿਆ ਲੀਰੋ ਲੀਰ ਹੋ ਕੇ ਝੁਰਦਾ ਤੁਬਕਾ ਤੁਬਕਾ ਬਣ ਕੇ ਸੜਦੀ ਮਿੱਟੀ ਉੱਤੇ ਚੋਂਦਾ ਤੇ ਗਵਾਚਦਾ ਰਹੇ ਤੇ ਉਹਦੇ, ਗੌਣ-ਬੋਲਣ, ਹੱਸਣ ਰੋਣ ਦੀਆਂ ਸਾਰੀਆਂ 'ਵਾਜਾਂ ਸਿਮਟ ਸਿਮਟਾ ਕੇ ਆਖ਼ਰੀ ਹਿਚਕੀ ਬਣ ਜਾਵਣ, ਉਹ ਕਹਾਣੀ ਕਿੰਵ ਲਿਖ ਸਕਦਾ ਏ ?

ਅੱਗੇ ਮੇਰਾ ਦੁਖ ਇਹ ਸੀ ਪਈ ਮੈਂ ਲੱਖਾਂ ਦਰਦਾਂ 'ਚੋਂ ਕਿਹੜੇ ਦਰਦ ਦੀ ਕਹਾਣੀ ਲਿਖਾਂ, ਹੁਣ ਮੇਰਾ ਦੁਖ ਇਹ ਏ ਪਈ ਮੈਂ ਕਹਾਣੀ ਕਿੰਵ ਲਿਖਾਂ ?



## مارچا ਮਾਰਚਾ

"ਸੁਣਿਆ ਹੋਏਗਾ ਪਈ ਨਾਗ, ਸੌ ਵਰ੍ਹਿਆਂ ਦਾ ਹੋ ਜਾਏ ਤਾਂ ਉਹ ਦੇਹ ਪਲਟ ਕੇ ਜੋ ਚਾਹੇ ਬਣ ਜਾਂਦਾ ਏ। ਜੇ ਉਹ ਬੰਦਾ ਬਣ ਜਾਏ ਤੇ ਉਹਦੀ ਨਿਸ਼ਾਨੀ ਇਹ ਹੁੰਦੀ ਏ ਪਈ ਉਹਦੀਆਂ ਅੱਖਾਂ ਗੋਲ ਹੁੰਦੀਆਂ ਨੇ, ਤੇ ਉਹ ਅੱਖਾਂ ਨਹੀਂ ਝਮਕਦਾ। ਉਹਦੀਆਂ ਉਂਗਲਾਂ ਵਿਚ ਪੋਟੇ ਵੀ ਨਹੀਂ ਹੁੰਦੇ। ਉਹ ਜ਼ਮੀਨ ਦੀ ਕੁੱਖ ਵਿਚ ਲੁਕੀ ਹੋਈ ਹਰ ਸ਼ੈਅ ਵੇਖ ਸਕਦਾ ਏ, ਜੋ ਬੰਦਾ ਨਹੀਂ ਵੇਖ ਸਕਦਾ ਤੇ ਹਰ ਕੰਮ ਕਰ ਸਕਦਾ ਏ, ਜੋ ਬੰਦਾ ਨਹੀਂ ਕਰ ਸਕਦਾ। ਉਹਦੇ ਵਿਚ ਚੰਗੇ ਤਕੜੇ ਜਿੰਨ ਜਿੰਨੀ ਤਾਕਤ ਤੇ ਉਸਤਾਦੀ ਹੁੰਦੀ ਏ। ਸੱਪ ਤੋਂ ਦੇਹ ਪਲਟ ਕੇ ਬਣਿਆ ਹੋਇਆ ਬੰਦਾ ਤੇ ਜਿੰਨ ਈ ਦੋ ਅਜਿਹੀਆਂ ਧਿਰਾਂ ਨੇ ਜਿਹੜੀਆਂ ਉਸ ਬੂਟੀ ਦੀ ਦੱਸ ਪਾ ਸਕਦੀਆਂ ਨੇ, ਜਿਹਦੇ ਨਾਲ ਲੱਗ ਕੇ ਕੋਈ ਸ਼ੈਅ ਵੀ ਸੋਨਾ ਬਣ ਜਾਂਦੀ ਏ।"

**ਪਹਿਲਾ ਬੰਦਾ**, ਜਿਹਦੀਆਂ ਅੱਖਾਂ ਗੋਲ ਸਨ ਤੇ ਜਿਹੜਾ ਅੱਖ ਨਹੀਂ ਸੀ ਝਮਕਦਾ, ਗੱਲ ਕਰਦਿਆਂ ਚੁੱਪ ਹੋ ਗਿਆ। ਉਸ ਠੰਡੀ ਹੁੰਦੀ ਜਾਂਦੀ ਚਾਹ ਦੇ ਘੁੱਟਾਂ ਵਿਚ ਅੰਦਰ ਸੁੱਟੀ, ਸਿਗਰਟ ਲਾ ਕੇ ਨਾਸਾਂ ਰਾਹੀਂ ਧੂੰਆਂ ਕੱਢਿਆ ਤੇ ਬੋਲਿਆ, "ਇਹਨਾਂ ਦੋ ਧਿਰਾਂ ਤੋਂ ਵੱਖ ਇਕ ਹੋਰ ਧਿਰ ਵੀ ਏ, ਤੀਜੀ ਧਿਰ...ਅੱਲ੍ਹਾ ਦੇ ਬੰਦੇ ਜਿਹੜੀ ਸ਼ੈਅ ਨੂੰ ਹੱਥ ਲਾ ਦੇਣ, ਸੋਨਾ ਬਣ ਜਾਏ। ਪਰ ਇਹ ਕੰਮ ਉਹ ਕਰਦੇ ਨਹੀਂ, ਦੁਨੀਆਦਾਰ ਜੁ ਨਹੀਂ ਹੁੰਦੇ। ਅਸੀਂ ਏਸ ਧਿਰ ਦੀ ਤਾਂ ਗੱਲ ਹੀ ਨਹੀਂ ਕਰ ਰਹੇ।" ਉਹ ਫੇਰ ਚੁੱਪ ਹੋ ਗਿਆ।

ਮੁੱਕਦੇ ਹੋਏ ਸਿਗਰਟ ਨਾਲ ਨਵਾਂ ਸਿਗਰਟ ਲਾ ਕੇ ਉਸ ਕਹਾਣੀ ਫੇਰ ਛੋਹੀ :

"ਹਾੜ ਜੇਠ ਦੇ ਦਿਨਾਂ ਵਿਚ ਇਕ ਲੁਹਾਰ ਤਪਦੀ ਭੱਠੀ ਅੱਗੇ ਬੈਠਾ, ਮੁੜ੍ਹਕੋ-ਮੁੜ੍ਹਕੀ ਹੋਇਆ ਸੰਨ੍ਹੀ ਨਾਲ ਤਪੇ ਹੋਏ ਲਾਲ ਲੋਹੇ ਦੇ ਟੋਟੇ ਨੂੰ ਵਡੀ ਅਹਿਰਣ ਉੱਤੇ ਰੱਖੀ ਹਥੌੜੇ ਨਾਲ ਕੁੱਟ ਕੁੱਟ ਕੇ ਉਹਦੀ ਸ਼ਕਲ ਨਵੀਂ ਸੂਰਤ ਵਿਚ ਢਾਲ ਰਿਹਾ ਸੀ। ਲੁਹਾਰ ਜਿਥੇ ਹਥੌੜੇ ਦੀ ਸੱਟ ਮਾਰਦਾ, ਮੁੰਡੇ ਦਾ ਵਦਾਣ ਉਥੇ ਹੀ ਆ ਕੇ ਵੱਜਦਾ। ਤਪਦੇ ਲੋਹੇ ਦੇ ਚੰਗਿਆੜੇ ਹਰ ਸੱਟ ਨਾਲ ਉੱਡਦੇ ਤੇ ਲੁਹਾਰ ਉੱਤੇ ਆ ਕੇ ਡਿੱਗਦੇ ਪਰ ਉਹ ਬੇਪ੍ਰਵਾਹ ਠੰਡੇ ਹੁੰਦੇ ਜਾਂਦੇ ਲੋਹੇ ਨੂੰ ਕੁੱਟੀ ਜਾਂਦਾ। ਜਦੋਂ ਤਪਦਾ ਹੋਇਆ ਲਾਲ ਸੂਹਾ ਲੋਹਾ ਠੰਡਾ ਹੋ ਕੇ ਕਾਲਾ-ਨੀਲਾ ਪੈ ਜਾਂਦਾ, ਉਹ ਫੇਰ ਉਹਨੂੰ ਭੱਠੀ ਵਿਚ ਬਲਦੇ, ਜਗਦੇ, ਜੀਊਂਦੇ ਕੋਲਿਆਂ ਉੱਤੇ ਰੱਖਦਾ। ਮੁੰਡਾ ਵਦਾਣ ਸੁੱਟ ਕੇ ਭੱਠੀ ਨੂੰ ਹਵਾ ਦੇਣ



Academy of the Punjab in North America: http://www.apnaorg.com

ਵਾਲਾ ਪਹੀਆ ਫੇਰਨ ਡਹਿ ਪੈਂਦਾ...ਫੇਰ ਜਦੋਂ ਲੋਹਾ ਤਪ ਕੇ ਲਾਲ ਹੋ ਜਾਂਦਾ, ਉਹ ਉਹਨੂੰ ਸੰਨ੍ਹੀ ਨਾਲ ਫੜ ਕੇ ਅਹਿਰਣ ਉੱਤੇ ਚਾੜ੍ਹਦਾ ਤੇ ਹਥੌੜੇ ਨਾਲ ਕੁੱਟਣ ਲੱਗ ਜਾਂਦਾ।

"ਲੰਘਦਾ ਜਾਂਦਾ ਇਕ ਓਪਰਾ ਬੰਦਾ, ਚੰਗੀ ਘੜੀ, ਮੁੜ੍ਹਕੋ-ਮੁੜ੍ਹਕੀ ਹੋਏ ਲੁਹਾਰ ਨੂੰ ਲੋਹੇ ਨਾਲ ਘੁਲਦਿਆਂ ਵੇਖਦਾ ਰਿਹਾ। ਰਹਿ ਨਾ ਸਕਿਆ। ਪੁੱਛਣ ਲੱਗਾ:

" 'ਭਲਿਆ! ਕੀ ਬਣਾਉਨਾ ਏਂ ਪਿਆ?'

" 'ਦਿੱਸਦਾ ਨਹੀਂ ਉ?' ਲੁਹਾਰ ਨੇ ਵਿਹਲੇ ਹੱਥ ਦੀ ਪਹਿਲੀ ਉਂਗਲੀ ਮੱਥੇ ਤੋਂ ਦੀ ਫੇਰੀ, ਮੁੜ੍ਹਕੇ ਦੀ ਇਕ ਛੱਲ ਉਂਗਲ ਅੱਗੇ ਚੜ੍ਹ ਟੁਰੀ। ਉਂਗਲ ਝਟਕ ਕੇ ਉਸ ਮੁੜ੍ਹਕਾ ਭੋਇੰ ਉੱਤੇ ਸੁੱਟਦਿਆਂ ਹੋਇਆਂ ਪੁੱਛਣ ਵਾਲੇ ਵੱਲ ਵੇਖਿਓਂ ਬਿਨਾਂ ਕਿਹਾ:

" 'ਦੇਸੀ ਹਲ ਦਾ ਫ਼ਾਲਾ!' ਤੇ ਉਹ ਸੰਨ੍ਹੀ ਨਾਲ ਕੋਲਿਆਂ ਉੱਤੇ ਰੱਖੇ ਲੋਹੇ ਦੇ ਟੁੱਕੜੇ ਦਾ ਪਾਸਾ ਪਰਤਦਾ, ਆਪਣੇ ਕੰਮ ਵਿਚ ਮਸਤ ਰਿਹਾ।

" 'ਤੈਥੋਂ ਤਾਂ ਫ਼ਾਲਾ ਤ੍ਰਕਾਲਾਂ ਤਕ ਨਹੀਂ ਬਣਨਾ ਭਲਿਆ! ਜ਼ਰਾ ਕੱਢ ਲੋਹਾ ਭੱਠੀ ਵਿੱਚੋਂ ਬਾਹਰ, ਅਸੀਂ ਤੈਨੂੰ ਫ਼ਾਲਾ ਬਣਾ ਕੇ ਵਿਖਾਉਨੇ ਆਂ।'

"ਪਹਿਲੀ ਵਾਰ ਲੁਹਾਰ ਨੇ ਅੱਖਾਂ ਉਤਾਂਹ ਚੁੱਕ ਕੇ ਬੋਲਣ ਵਾਲੇ ਨੂੰ ਵੇਖਿਆ। ਲੰਮਾ, ਚੌੜਾ, ਚਿੱਟ-ਦਾੜ੍ਹੀਆ, ਨਹਾਤਾ ਧੋਤਾ, ਨਵੇਂ ਨਕੋਰ ਲੀੜਿਆਂ ਵਿਚ ਉਹ ਓਪਰਾ ਬੰਦਾ ਲੁਹਾਰ ਨੂੰ ਕਿਸੇ ਸੌਖੇ ਬੰਦੇ ਦਾ ਪਰਾਹੁਣਾ ਲੱਗਾ।

" 'ਕੀ ਆਖਿਆ ਜੇ ਬਾਬਾ ਜੀ?' ਤਪੇ ਹੋਏ ਲੁਹਾਰ ਨੇ ਪਰਾਹੁਣੇ ਦੀ ਚਿੱਟੀ ਦਾੜ੍ਹੀ, ਨਵੇਂ ਲੀੜੇ ਤੇ ਰੁਅਬ ਦਾਬ ਵਾਲਾ ਚਿਹਰਾ ਵੇਖ ਕੇ ਹੱਸਦਿਆਂ ਹੋਇਆਂ ਪੁੱਛਿਆ। ਕੋਲ ਬੈਠੇ ਮੁੰਡੇ ਨੂੰ ਆਖਣ ਲੱਗਾ:

" 'ਕੜ੍ਹ 'ਚੋਂ ਮੰਜੀ ਕੱਢ ਦੇ ਪਰਾਹੁਣੇ ਨੂੰ। ਨਾਲੇ ਹੁੱਕੇ ਉੱਤੇ ਅੱਗ ਰੱਖ ਦੇ, ਪਾਣੀ ਪਾ ਦੇ।'

" 'ਨਾ ਭਾਈ, ਬਹਿਣਾ ਤੇ ਅਸਾਂ ਕੋਈ ਨਹੀਂ, ਪੈਂਡਾ ਲੰਮਾ ਏ। ਤੂੰ ਭੱਠੀ ਵਿੱਚੋਂ ਲੋਹਾ ਕੱਢ। ਅਸੀਂ ਤੈਨੂੰ ਫ਼ਾਲਾ ਬਣਾ ਕੇ ਦੇਂਦੇ ਜਾਈਏ।' ਪਹਿਲੀ ਵਾਰ ਤੇ ਲੁਹਾਰ ਬਾਬੇ ਦੀ ਗੱਲ ਨੂੰ ਮਖ਼ੌਲ ਹੀ ਜਾਤਾ, ਤੇ ਜਾਤਾ ਉਸ ਦੂਜੀ ਵਾਰ ਵੀ ਉਂਵੇ ਹੀ। ਪਰ ਉਸ ਸੰਨ੍ਹੀ ਨਾਲ ਲਾਲ ਲੋਹਾ ਫੜ ਕੇ ਭੱਠੀ 'ਚੋਂ ਕੱਢਿਆ ਤੇ ਲਾਗੇ ਖਲੋਤੇ ਬਾਬੇ ਵੱਲ ਕਰ ਦਿੱਤਾ।

" 'ਲੈ ਬਾਬਾ! ਤੂੰ ਬਣਾ ਲੈ ਫ਼ਾਲਾ!' ਗਿੱਠ ਡੇਢ ਗਿੱਠ ਲੰਮਾ ਤੇ ਪੋਟਾ ਕੁ ਚੌੜਾ, ਤਪਦੇ ਹੋਏ ਲਾਲ ਲੋਹੇ ਦਾ ਟੋਟਾ ਲੁਹਾਰ ਨੇ ਮਖ਼ੌਲ ਨਾਲ ਬਾਬੇ ਵੱਲ ਇੰਞ ਵਧਾਇਆ, ਜਿੱਦਾਂ ਉਹ ਬਾਬੇ ਨੂੰ ਡਰਾਉਣਾ ਚਾਹੁੰਦਾ ਸੀ, ਪਰ ਨਾ ਬਾਬਾ ਡਰ ਕੇ ਪਿਛਾਂਹ ਹੋਇਆ ਤੇ ਨਾ ਉਸ ਲੁਹਾਰ ਦੀ ਕੀਤੀ ਦਾ ਬੁਰਾ ਮੰਨਿਆ। ਉਸ ਹੱਥ ਅਗਾਂਹ ਵਧਾ ਕੇ ਅਡੋਲ ਹੀ ਤਪਦਾ ਸੜਦਾ ਲਾਲ ਲੋਹਾ ਹੱਥ ਵਿਚ ਫੜ ਲਿਆ। ਡਰ ਤੇ ਦਹਿਸ਼ਤ ਨਾਲ ਲੁਹਾਰ ਦੇ ਹੱਥੋਂ ਸੰਨ੍ਹੀ ਛੁੱਟ ਗਈ। ਹੈਰਾਨਗੀ ਨਾਲ ਉਹਦੇ ਡੇਲੇ ਬਾਹਰ ਡਿੱਗਣ ਦੇ ਨੇੜੇ ਆ ਗਏ। ਉਸ ਬੋਲਣਾ ਚਾਹਿਆ ਪਰ ਗੱਲ ਉਹਦੇ ਸੰਘ ਵਿਚ ਫਸ ਗਈ। ਬਾਬੇ ਲੁਹਾਰ ਦਾ ਮੰਦਾ ਹਾਲ ਡਿੱਠਾ ਵੀ ਤੇ ਉਹਦੇ ਤੇ ਜ਼ਾਹਿਰ ਨਾ ਹੋਣ ਦਿੱਤਾ। ਤਪਦਾ ਲੋਹਾ



Academy of the Punjab in North America: http://www.apnaorg.com

ਉਸ ਦੂਜੀ ਤਲੀ ਉੱਤੇ ਰੱਖਿਆ ਤੇ ਕੁੜਤੇ ਦੇ ਗਲਮੇ ਦੇ ਅੰਦਰ ਹੱਥ ਪਾ ਕੇ ਅੰਦਰੋਂ ਖੀਸੇ 'ਚੋਂ ਕੁਝ ਕੱਢਿਆ ਤੇ ਚੁਟਕੀ ਕੁ ਧੂੜਾ ਤਪਦੇ ਲੋਹੇ ਉੱਤੇ ਧੂੜ ਦਿੱਤਾ। ਧੂੜੇ ਨਾਲ ਲੋਹੇ 'ਚੋਂ ਇੰਞ ਧੂੰਆਂ ਨਿਕਲਿਆ ਜਿਵੇਂ ਤਪਦੇ ਲੋਹੇ ਉੱਤੇ ਪਾਣੀ ਸੁੱਟ ਦਿੱਤਾ ਗਿਆ ਹੋਵੇ। ਫੂਕ ਮਾਰ, ਬਾਬੇ, ਲੋਹੇ ਤੋਂ ਧੂੰਆਂ ਉਡਾਇਆ ਤੇ ਪਿਆਰ ਨਾਲ ਉਹਦੇ ਤੇ ਹੱਥ ਫੇਰ ਕੇ ਕਹਿਣ ਲੱਗਾ:

" 'ਲੈ ਭਲਿਆ! ਤੇਰਾ ਤਪਦਾ ਲੋਹਾ ਠੰਡਾ ਹੋ ਗਿਆ ਈ ਤੇ ਸੋਨਾ ਵੀ ਬਣ ਗਿਆ ਈ। ਅਸੀਂ ਤੇ ਤੇਰਾ ਤਪਦਾ ਫ਼ਾਲਾ ਹੀ ਬਣਾਉਣਾ ਚਾਹੁੰਦੇ ਸਾਂ ਪਰ ਤੈਨੂੰ ਸਾਡੀ ਗੱਲ ਉੱਤੇ ਧਿਆਨ ਹੀ ਨਹੀਂ ਆਇਆ...ਹੁਣ ਫ਼ਾਲਾ ਤੂੰ ਆਪ ਬਣਾ ਲੈ,' ਤੇ ਹੱਸ ਕੇ ਬਾਬੇ ਨੇ ਚਮਕਦੇ ਨਿੱਗਰ ਸੋਨੇ ਦਾ ਗਿੱਠ ਡੇਢ ਗਿੱਠ ਲੰਮਾ ਤੇ ਪੋਟਾ ਕੁ ਚੌੜਾ ਡਲਾ, ਜਿਹੜਾ ਕਦੇ ਲੋਹਾ ਸੀ, ਹੈਰਾਨੀ ਪਰੇਸ਼ਾਨੀ ਨਾਲ ਗੁੰਗ-ਪੱਥਰ ਹੋਏ ਲੁਹਾਰ ਅੱਗੇ ਸੁੱਟਿਆ ਤੇ ਚੱਲਦਾ ਹੋਇਆ। ਚੰਗੀ ਘੜੀ ਪਿੱਛੋਂ ਲੁਹਾਰ ਦੀ ਜਿਵੇਂ ਜਾਗ ਖੁੱਲ੍ਹੀ। ਓਸ ਡਰਦਿਆਂ ਡਰਦਿਆਂ ਸਾਹਮਣੇ ਪਏ ਹੋਏ ਸੋਨੇ ਦੇ ਡਲੇ ਨੂੰ ਹੱਥ ਲਾਇਆ। ਉਹ ਸੋਨਾ ਸੀ ਸੱਚੀ-ਮੁੱਚੀ ਦਾ। ਡਲਾ ਓਸ ਚਾਦਰ ਦੀ ਡੱਬ ਵਿਚ ਦਿੱਤਾ। ਬਾਬੇ ਦਾ ਕਿਧਰੇ ਕੋਈ ਨਿਸ਼ਾਨ ਨਾ ਲੱਭਾ। ਮਰਨ ਤੀਕ ਲੁਹਾਰ ਨੂੰ ਇਹੀ ਹਿਰਖ ਰਿਹਾ ਪਈ ਓਸ ਬਾਬੇ ਨਾਲ ਠੱਠਾ ਕਰਨ ਦੀ ਥਾਂ ਉਹਦੀ ਸੇਵਾ ਕਿਉਂ ਨਾ ਕੀਤੀ। ਖੌਰੇ ਖ਼ੁਸ਼ ਹੋ ਕੇ ਬਾਬਾ ਉਹਦੀਆਂ ਛੈਣੀਆਂ, ਸੰਨ੍ਹੀਆਂ, ਹਥੌੜੇ, ਵਦਾਣ ਤੇ ਅਹਿਰਣ ਵੀ ਸੋਨੇ ਦੇ ਬਣਾ ਜਾਂਦਾ। ਇਕ ਗੱਲ ਹੋਰ ਲੁਹਾਰ ਮਰਨ ਤੀਕ ਨਾ ਭੁੱਲਿਆ ਪਈ ਬਾਬੇ ਦੀਆਂ ਅੱਖਾਂ ਗੋਲ ਸਨ ਤੇ ਉਹ ਅੱਖਾਂ ਨਹੀਂ ਸੀ ਝਮਕਦਾ।"

ਉਹ ਜਿਹੜਾ ਅੱਖਾਂ ਨਹੀਂ ਸੀ ਝਮਕਦਾ ਤੇ ਜਿਸਦੀਆਂ ਅੱਖਾਂ ਗੋਲ ਮੋਲ ਸਨ, ਸਿਗਰਟ ਦਾ ਛੇਕੜਲਾ ਸੂਟਾ ਮਾਰ ਕੇ ਕਹਿਣ ਲੱਗਾ, "ਮੇਰੀ ਕਹਾਣੀ ਮੁੱਕ ਗਈ ਜੇ ਭਾਈਓ।"

"ਮੰਨਣ ਵਾਲੀ ਗੱਲ ਏ!" ਸੁਣਨ ਵਾਲਿਆਂ ਚਹੁੰਆਂ ਇਕੱਠਿਆਂ ਇਕ ਜ਼ੁਬਾਨ ਹੋ ਕੇ ਕਿਹਾ।

**ਦੂਜੇ** ਕਹਾਣੀ ਇੰਞ ਛੋਹੀ:

"ਬੂਟੀਆਂ ਵੰਨ-ਸੁਵੰਨੀਆਂ ਤੇ ਦੁਨੀਆਂ ਭਲੋ-ਭਲੀ।...ਬੂਟੀਆਂ ਵੰਨ-ਸੁਵੰਨੀਆਂ... ਕੋਈ ਮਿੱਟੀ ਨੂੰ ਸੋਨਾ ਕਰ ਦੇਣ ਵਾਲੀ, ਕੋਈ ਅੰਨ੍ਹੇ ਨੂੰ ਸੁਜਾਖਿਆਂ, ਕੋਹੜੇ ਨੂੰ ਬਲਵਾਨ, ਬੁੱਢੇ ਨੂੰ ਜਵਾਨ ਤੇ ਜਵਾਨ ਨੂੰ ਸ਼ਹਿ-ਜ਼ੋਰ ਬਣਾ ਦੇਣ ਵਾਲੀ। ਬੰਦਾ ਸਦਾ ਤੋਂ ਹਿਰਸ ਦਾ ਬੰਦਾ ਏ। ਤੇ ਸਾਰੀ ਹਯਾਤੀ ਹਿਰਸ ਦੇ ਜਾਲ ਵਿਚ ਤੜਫ਼ਦਿਆਂ ਵੇਂਵਾ ਛੱਡਦਾ ਏ। ਕਦੇ ਸੋਨਾ ਬਣਾਉਣ ਦੀ ਹਿਰਸ, ਕਦੇ ਅੰਨ੍ਹੇ ਤੋਂ ਸੁਜਾਖੇ ਹੋਣ ਦਾ ਤਮਾਅ ਤੇ ਕਦੇ ਕੋਹੜੇ ਤੋਂ ਬਲਵਾਨ ਤੇ ਬੁੱਢੇ ਤੋਂ ਜਵਾਨ ਬਣਨ ਦਾ ਸ਼ੁਦਾਅ...।

"ਕਹਾਣੀ ਇੰਞ ਏ ਪਈ ਇਕ ਬੜਾ ਸ਼ਹਿ-ਜ਼ੋਰ ਪਹਿਲਵਾਨ ਸੀ। ਉਹ ਸੱਤੂ ਪੱਲੇ ਬੰਨ੍ਹ ਕੇ ਦੂਰ ਦੇ ਇਕ ਪਹਿਲਵਾਨ ਨਾਲ ਘੁਲਣ ਲਈ ਘਰੋਂ ਨਿਕਲ ਟੁਰਿਆ। ਵਾਟ ਲੰਮੀ ਸੀ ਤੇ ਰਾਹ ਅਗਲੇ ਪਹਿਲਵਾਨ ਦੀ ਤਰ੍ਹਾਂ ਅਣਡਿੱਠਾ। ਉਹ ਰਾਤ ਦਿਨ ਜੰਗਲ-ਬੇਲੇ, ਰੱਕੜ, ਮੈਦਾਨ, ਨਦੀਆਂ, ਨਾਲੇ, ਦਰਿਆ, ਪਹਾੜ ਪੁਲਾਂਘਦਾ ਟੁਰਿਆ ਰਿਹਾ।

ਭੁੱਖ ਲੱਗਦੀ ਤਾਂ ਸੱਤੂ ਪਾਣੀ ਵਿਚ ਘੋਲ ਕੇ ਪੀ ਲੈਂਦਾ। ਅਖ਼ੀਰ ਇਕ ਅਜਿਹੇ ਰੱਕੜ ਵਿਚ ਆਣ ਵੜਿਆ ਜਿਥੇ ਪਾਣੀ ਕੋਈ ਨਹੀਂ ਸੀ। ਭੁੱਖ ਤ੍ਰੇਹ ਉਹਨੂੰ ਆਣ ਦੱਬਿਆ। ਪਹਿਲਵਾਨ ਨਿਢਾਲ ਹੋਇਆ ਟੁਰਦਾ ਰਿਹਾ ਤੇ ਅਖ਼ੀਰ ਇਕ ਛੱਪੜੀ ਕੰਢੇ ਆਣ ਖਲੋਤਾ। ਉਁਞ ਤਾਂ ਦੂਰ ਇਕ ਪਿੰਡ ਵੀ ਦਿੱਸਦਾ ਸੀ ਪਿਆ, ਪਰ ਪਹਿਲਵਾਨ ਤ੍ਰੇਹ ਹੱਥੋਂ ਢਹਿਣ ਦੇ ਨੇੜੇ ਸੀ। ਉਸ ਸੱਤੂ ਸੁੱਟੇ ਛੱਪੜੀ ਵਿਚ ਤੇ ਘੋਲ ਕੇ ਪੀ ਗਿਆ ਸਾਰੀ ਛੱਪੜੀ ਤੇ ਲੇਟ ਕੇ ਸੌਂ ਗਿਆ। ਉਥੇ ਹੀ ਛੱਪੜੀ ਦੁਆਲੇ ਕੋਈ ਬੂਟੀ ਉੱਗੀ ਹੋਈ ਸੀ ਤੇ ਉਸ ਬੂਟੀ ਦੇ ਪੱਤਰ ਕਿਰ ਕਿਰ ਡਿੱਗਦੇ ਹੋਣਗੇ ਛੱਪੜੀ ਵਿਚ ਜ਼ਰੂਰ। ਸੁੱਤੇ ਪਹਿਲਵਾਨ ਨੇ ਪਾਸਾ ਪਰਤਿਆ ਤਾਂ ਉਹਦਾ ਹੱਥ ਲਾਗੇ ਚੁਗਦੇ ਊਠ ਨੂੰ ਜਾ ਵੱਜਾ ਤੇ ਊਠ ਭੁੜਕ ਕੇ ਡਿੱਗ ਪਿਆ। ਖੜਾਕ ਨਾਲ ਪਹਿਲਵਾਨ ਦੀ ਜਾਗ ਖੁੱਲ੍ਹੀ, ਉਠਿਆ ਤੇ ਮਰੇ ਹੋਏ ਊਠ ਨੂੰ ਮੋਢੇ ਵਾਲੀ ਚਾਦਰ ਵਿਚ ਪਾ ਕੇ ਮਗਰ ਪਿੱਛੇ ਪਾ ਲਿਓ ਸੂ ਤੇ ਅਗਲੇ ਪਿੰਡ ਦੂਜੇ ਪਹਿਲਵਾਨ ਦੇ ਵਿਹੜੇ ਵਿਚ ਜਾ ਸੁੱਟਿਓ ਸੂ। ਸੋਚਿਓ ਸੂ, ਅਗਲਾ ਦਹਿਸ਼ਤ ਨਾਲ ਹੱਥ ਖੜੇ ਕਰ ਜਾਏਗਾ ਪਰ ਪਹਿਲਵਾਨ ਤਾਂ ਉਸ ਵੇਲੇ ਘਰ ਹੈ ਈ ਨਹੀਂ ਸੀ। ਪਹਿਲਵਾਨ ਦੀ ਘਰਵਾਲੀ ਨੇ ਬੂਹੇ ਅੱਗੇ ਖੌਰੂ ਪਾਉਂਦੇ ਪਹਿਲਵਾਨ ਦੇ ਕੰਧ ਤੋਂ ਦੀ ਵਿਹੜੇ ਵਿਚ ਵਗਾਹੇ, ਡਿੱਗੇ ਹੋਏ, ਮਰੇ ਹੋਏ ਊਠ ਵੱਲ ਵੇਖਿਆ ਤੇ ਆਪਣੀ ਪੰਜਾਂ ਵਰ੍ਹਿਆਂ ਦੀ ਧੀ ਨੂੰ ਬੋਲੀ, ਏਡੀ ਉੱਚੀ 'ਵਾਜ ਵਿਚ ਪਈ ਬਾਹਰ ਖਲੋਤਾ ਪਹਿਲਵਾਨ ਵੀ ਸੁਣ ਲਵੇ।

" 'ਕੁੜੀਏ, ਵੇਖ ਕੋਈ ਚਿੜੀ ਦਾ ਬੱਚਾ ਵਿਹੜੇ ਵਿਚ ਆ ਡਿੱਗ ਮਰਿਆ ਏ। ਸੁੱਟ ਇਹਨੂੰ ਬਾਹਰ!'

"ਕੁੜੀ ਨੇ ਬਹੁਕਰ ਉੱਤੇ ਮਰਿਆ ਹੋਇਆ ਊਠ ਰੱਖਿਆ ਤੇ ਬਾਹਰ ਖਲੋਤੇ ਪਹਿਲਵਾਨ ਕੋਲ ਸੁੱਟਿਆ। ਪਹਿਲਵਾਨ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਅਗਲੇ ਪਹਿਲਵਾਨ ਦੀ ਘਰਵਾਲੀ ਨੇ ਅੰਦਰੋਂ ਆਖਿਆ :

" 'ਵੀਰਾ! ਜੰਗਲ ਵਿਚ ਬਾਲਣ ਲੈਣ ਗਿਆ ਈ, ਪਹਿਲਵਾਨ। ਰੋਜ਼ ਆਪਣੇ ਛਾਹ ਵੇਲੇ ਲਈ ਦਸ ਗੱਡੇ ਬਾਲਣ ਲਿਆਉਂਦਾ ਏ। ਤੂੰ ਬਹਿ ਜਾ, ਲੱਸੀ ਪਾਣੀ ਪੀ, ਪਰ ਜੇ ਕੋਈ ਕਾਹਲ ਦਾ ਕੰਮ ਏ ਤੇ ਉਹਨੂੰ ਮਿਲ ਲੈ ਜੰਗਲ ਵਿਚ ਜਾ ਕੇ। ਉਁਞ ਉਹ ਆਉਂਦਾ ਈ ਹੋਣਾ ਏ। ਜਿਹੜਾ ਬੰਦਾ ਦਸ ਗੱਡੇ ਬਾਲਣ ਖਿੱਚੀ ਲਿਆਉਂਦਾ ਹੋਏਗਾ, ਉਹ ਪਹਿਲਵਾਨ ਈ ਹੋਏਗਾ, ਜਿਸਨੂੰ ਤੂੰ ਲੱਭਦਾ ਫਿਰਨਾ ਏਂ।'

"ਪਹਿਲਵਾਨ ਜੰਗਲ ਨੂੰ ਟੁਰ ਪਿਆ। ਅੱਗੋਂ ਦਸ ਗੱਡੇ ਬਾਲਣ ਦੇ ਲੱਦੇ, ਇਕ ਦੂਜੇ ਨਾਲ ਬੱਧੇ, ਖਿੱਚੀ ਲਿਆਉਂਦਾ ਦੂਜਾ ਪਹਿਲਵਾਨ ਟੁਰਿਆ ਆਉਂਦਾ ਮਿਲਿਓ ਸੂ। ਦੋਵੇਂ ਉਥੇ ਹੀ ਘੁਲਣ ਡਹਿ ਪਏ। ਕੋਲ ਦੀ ਇਕ ਬੀਬੀ ਛਾਹ ਵੇਲਾ ਲਈ ਜਾਂਦੀ ਸੀ। ਉਹਨੂੰ ਪਹਿਲਵਾਨ ਆਖਣ ਲੱਗੇ, 'ਬੀਬੀ! ਭੈਣਾਂ! ਜ਼ਰਾ ਖਲੋ ਕੇ ਸਾਡਾ ਘੋਲ ਵੇਖ ਤੇ ਸਾਡੀ ਮੁਨਸਫ਼ੀ ਕਰਦੀ ਜਾ। ਆਲੇ-ਦੁਆਲੇ ਹੋਰ ਕੋਈ ਬੰਦਾ ਪਰਿੰਦਾ ਤੇ ਹੈ ਨਹੀਂ।'

"ਬੀਬੀ ਕਹਿਣ ਲੱਗੀ :

" 'ਵੀਰੋ! ਮੈਂ ਤੇ ਅੱਗੇ ਈ ਆਪਣੇ ਘਰਵਾਲੇ ਦਾ ਛਾਹ ਵੇਲਾ ਚਿਰਕੇ ਲਈ



Academy of the Punjab in North America: http://www.apnaorg.com

ਪਈ ਜਾਨੀ ਆਂ। ਮੇਰੇ ਕੋਲ ਖਲੋਣ ਦਾ ਵਕਤ ਤੇ ਵਿਹਲ ਨਹੀਂ, ਪਰ ਤੁਹਾਡੀ ਮਿੰਨਤ ਵੀ ਮੈਂ ਮੰਨਣੋਂ ਬਿਨਾਂ ਰਹਿ ਨਹੀਂ ਸਕਦੀ। ਤੁਸੀਂ ਘੁਲੋ ਮੈਂ ਤੁਹਾਡੀ ਮੁਨਸਫ਼ੀ ਜ਼ਰੂਰ ਕਰਾਂਗੀ।' ਤੇ ਉਸ ਦੋਵੇਂ ਘੁਲਦੇ ਪਹਿਲਵਾਨ ਆਪਣੀ ਤਲੀ ਉੱਤੇ ਚਾੜ੍ਹ ਲਏ ਤੇ ਆਪਣੇ ਰਾਹ ਟੁਰੀ ਗਈ...।

" 'ਕਹਾਣੀ ਤਾਂ ਅਗਾਂਹ ਵੀ ਚੱਲਦੀ ਏ ਪਰ ਮੈਂ ਏਥੇ ਈ ਮੁਕਾਉਨਾ ਆਂ, ਕਿਉਂ ਜੁ ਅਸਲ ਗੱਲ ਤੇ ਸਾਹਮਣੇ ਆ ਗਈ ਏ।' ਕਹਾਣੀ ਸੁਣਾਉਣ ਵਾਲੇ ਕਹਾਣੀ ਮੁਕਾਉਂਦਿਆਂ ਚਹੁੰਆਂ ਸੁਣਨ ਵਾਲਿਆਂ ਵੱਲ ਵੇਖ ਕੇ ਆਖਿਆ।

"ਮੰਨ ਲੈਣ ਵਾਲੀ ਗੱਲ ਏ!" ਚਹੁੰਆਂ ਸੁਣਨ ਵਾਲਿਆਂ ਇਕ ਜ਼ਬਾਨ ਹੋ ਕੇ ਕਿਹਾ।

**ਤੀਜੇ** ਆਖਿਆ :

"ਜਿਹੜੀ ਕਹਾਣੀ ਮੈਂ ਤੁਹਾਨੂੰ ਸੁਣਾਉਣ ਲੱਗਾ ਆਂ, ਉਹ ਨਿੱਕੀ ਜਿਹੀ ਏ...ਇਕ ਨਾਈ ਦੀ ਦੁਕਾਨ ਵਿਚ ਇਕ ਬੰਦਾ ਆ ਕੇ ਕੰਘੀ ਮੰਗਦਾ ਏ ਤਾਂ ਜੁ ਉਹ ਆਪਣੇ ਖਿੱਲਰੇ ਹੋਏ ਬੋਦੇ ਵਾਹ ਸਕੇ। ਨਾਈ ਨੇ ਆਉਣ ਵਾਲੇ ਨੂੰ ਕੰਘੀ ਦੇ ਦਿੱਤੀ ਪਰ ਕੁਝ ਮੂੰਹ ਵੱਟ ਕੇ ਤੇ ਸ਼ੀਸ਼ੇ ਅੱਗੇ ਪਈ ਹੋਈ ਕੁਰਸੀ ਉੱਤੇ ਲੱਤ ਰੱਖ ਕੇ, ਉਸ ਪਰ੍ਹਾਂ ਪਈ ਹੋਈ ਇਕ ਕੁਰਸੀ ਵੱਲ ਇਸ਼ਾਰਾ ਕੀਤਾ। ਮਤਲਬ ਸੀ ਪਈ ਉਥੇ ਬਹਿ ਕੇ ਵਾਲ ਵਾਹ ਲਏ। ਉਸ ਕੁਰਸੀ ਤੋਂ ਸ਼ੀਸ਼ਾ ਨਹੀਂ ਸੀ ਲੱਭਦਾ। ਖ਼ਾਲੀ ਕੰਘੀ ਵਾਹ ਕੇ ਟੁਰ ਜਾਣ ਵਾਲੇ ਨੇ ਕਿਹੜਾ ਕੋਈ ਧਾਈ-ਪੈਸਾ ਦੇਣਾ ਸੀ? ਕੰਘੀ ਵਾਹੁਣ ਵਾਲੇ ਨੇ ਨਾਈ ਨੂੰ ਦੱਸਿਆ ਪਈ ਉਹ ਬਿਨਾਂ ਸ਼ੀਸ਼ੇ ਦੇ ਹੀ ਬੋਦੇ ਵਾਹ ਲਏਗਾ। ਉਸ ਕੁਰਸੀ ਉੱਤੇ ਬਹਿ ਕੇ ਆਰਾਮ ਨਾਲ ਹੀ ਆਪਣਾ ਸਿਰ ਮੋਢਿਆਂ ਤੋਂ ਲਾਹਿਆ, ਗੋਦੀ ਵਿਚ ਰੱਖਿਆ, ਤਸੱਲੀ ਨਾਲ ਬੋਦੇ ਵਾਹੇ, ਸਿਰ ਫੇਰ ਮੋਢਿਆਂ ਤੇ ਰੱਖਿਆ, ਕੰਘੀ ਗੁੰਗ ਹੋਏ ਨਾਈ ਹੱਥ ਫੜਾ ਕੇ ਕੁਝ ਕਹੇ ਬਿਨਾਂ ਦੁਕਾਨ 'ਚੋਂ ਅਡੋਲ ਹੀ ਨਿਕਲ ਗਿਆ। ਵਾਹਵਾ ਚਿਰ ਮਗਰੋਂ ਜਦੋਂ ਨਾਈ ਦੀ ਸੁਰਤ ਕਾਇਮ ਹੋਈ, ਉਹ ਦੌੜ ਕੇ ਗੁਆਂਢੀ ਦੀ ਹੱਟੀ ਉੱਤੇ ਗਿਆ ਅਤੇ ਉਹਨੂੰ ਆਪਣੀ ਵੇਖੀ ਸੁਣਾਈ। ਨਾਈ ਨੂੰ ਅਜੇ ਸਾਹ ਚੜ੍ਹਿਆ ਹੋਇਆ ਸੀ, ਜਦੋਂ ਹੱਟੀ ਵਾਲੇ ਨੇ ਨਿੰਮ੍ਹਾ ਜਿਹਾ ਹੱਸ ਕੇ ਦੋਹਾਂ ਹੱਥਾਂ ਨਾਲ ਅਡੋਲ ਈ ਆਪਣਾ ਸਿਰ ਮੋਢਿਆਂ ਤੋਂ ਲਾਹ ਕੇ ਨਾਈ ਅੱਗੇ ਕੀਤਾ ਤੇ ਕਿਹਾ, 'ਭਲਾ ਇੰਞ ਹੀ ਤੇਰੇ ਗਾਹਕ ਨੇ ਆਪਣਾ ਸਿਰ ਮੋਢਿਆਂ ਤੋਂ ਲਾਹਿਆ ਸੀ ਨਾ?' "

"ਮੰਨ ਲੈਣ ਵਾਲੀ ਗੱਲ ਏ! ਮੰਨ ਲੈਣ ਵਾਲੀ ਗੱਲ ਏ!!" ਚਾਰੇ ਸੁਣਨ ਵਾਲੇ ਇਕ ਜ਼ਬਾਨ ਹੋ ਕੇ ਬੋਲੇ।

**ਚੌਥੇ** ਇਕ ਊਂਡਾ ਜਿਹਾ ਸਾਹ ਲੈ ਕੇ ਆਪਣੀ ਗੱਲ ਛੇੜੀ...

"ਉਸ ਨਗਰੀ ਦੇ ਲੋਕ ਤੇ ਸੋਨੇ ਦੀ ਤਮਾਅ (ਲਾਲਚ) ਵਿਚ ਉੱਕੇ ਅੰਨ੍ਹੇ ਈ ਹੋ ਗਏ। ਨਾ ਉਹਨਾਂ ਨੂੰ ਰਿਸ਼ਤਿਆਂ ਦੀ ਪਛਾਣ ਰਹੀ ਤੇ ਨਾ ਆਪਣੇ ਹੱਕਾਂ ਤੇ ਫ਼ਰਜ਼ਾਂ ਦੀ ਸਿਆਣ। ਨਾ ਉਹਨਾਂ ਦੇ ਪੱਲੇ ਕੋਈ ਸੱਚ ਰਿਹਾ ਤੇ ਨਾ ਹੱਥ ਵਿਚ ਕੋਈ ਅਸੂਲ। ਉਹ ਭੇਡਾਂ ਦੇ ਇੱਜੜ ਵਾਂਗ ਸੋਨੇ ਦੀ ਰੱਤੀ ਪਿੱਛੇ ਇਕ ਦੂਜੇ ਤੋਂ ਵਧ ਵਧ ਕੇ ਮੈਂ-ਮੈਂ ਕਰਦੇ ਫਿਰਦੇ ਤੇ ਇਹਦੇ ਮਾਸੇ-ਮਾਸੇ ਤੋਂ ਬਘਿਆੜਾਂ ਵਾਂਗ ਇਕ ਦੂਜੇ ਨੂੰ ਉਧੇੜਦੇ

ਹਾਕਮ ਕਸਾਈ ਬਣ ਗਏ ਤੇ ਇਨਸਾਫ਼ ਉਸ ਨਗਰੀ 'ਚੋਂ ਖੰਭ ਲਾ ਕੇ ਉੱਡ ਗਿਆ। ਵੱਡਾ ਛੋਟੇ ਨੂੰ ਖਾਣ ਡਹਿ ਪਿਆ ਤੇ ਤਗੜਾ ਮਾੜੇ ਨੂੰ। ਮਾਵਾਂ ਪੁੱਤਰਾਂ ਅੱਗੇ ਆਪਣਾ ਦੁੱਧ ਵੇਚਣ ਲੱਗ ਪਈਆਂ ਤੇ ਭਰਾ ਭੈਣਾਂ ਦੇ ਨੱਕਾਂ ਵਿੱਚੋਂ ਸੋਨੇ ਦੀਆਂ ਤੀਲੀਆਂ ਧੂਹਣ ਡਹਿ ਪਏ। ਪਿਉ ਪੁੱਤਰਾਂ ਨੂੰ ਰੱਤੀ-ਰੱਤੀ ਸੋਨੇ ਵੱਟੇ ਵੇਚਣ ਚੜ੍ਹ ਪਏ ਤੇ ਪੁੱਤਰ ਪਿਉਆਂ ਨੂੰ ਮਾਸਾ-ਮਾਸਾ ਸੋਨੇ ਤੋਂ ਵਟਾਉਂਦੇ ਫਿਰਦੇ। ਢਿੱਡ ਢਿੱਡ ਨੂੰ ਖਾਣ ਡਹਿ ਪਿਆ ਤੇ ਅੰਗ ਅੰਗ ਨੂੰ। ਨਗਰੀ ਦੇ ਲੋਕਾਂ ਸੋਨੇ ਨੂੰ ਈ ਆਪਣਾ ਸਭ ਕੁਝ ਮਿੱਥ ਲਿਆ—ਦੁਨੀਆਂ ਵੀ, ਦੀਨ ਵੀ ਤੇ ਰੱਬ ਵੀ। ਫਿਰ ਪਿਛਾਂਹ ਬਾਕੀ ਕਿਹੜੇ ਸਾਕ ਤੇ ਕਿਹੜੇ ਰਿਸ਼ਤੇ ਰਹਿ ਗਏ ਤੇ ਕਿਹੜੀਆਂ ਗੱਲਾਂ ? ਉਂਵ ਉਸ ਨਗਰੀ ਦੇ ਲੋਕਾਂ ਨੂੰ ਸੋਨੇ ਤੋਂ ਦੂਰ ਰਹਿਣ ਲਈ ਆਖਿਆ ਗਿਆ ਸੀ...। ਮਰਦਾਂ ਨੂੰ ਤੇ ਸੋਨਾ ਪਾਉਣ ਦੀ ਸਿੱਧੀ ਮਨਾਹੀ ਸੀ ਤੇ ਸਵਾਣੀਆਂ ਨੂੰ ਸਾਦਾ ਰਹਿਣ ਦਾ ਹੁਕਮ ਸੀ, ਪਰ ਉਹ ਭੁੱਲ ਗਏ ਹਰ ਸ਼ੈਅ ਖ਼ੁਦਾ ਵਾਲੀ। ਜਦੋਂ ਬੰਦਾ, ਬੰਦਾ ਹੀ ਨਾ ਰਹੇ ਤਾਂ ਫੇਰ ਅਸਮਾਨਾਂ ਵੱਲ ਕੌਣ ਵੇਖਦਾ ਏ ਤੇ ਹਦਾਇਤਾਂ ਹੁਕਮ ਕੌਣ ਸੁਣਦਾ ਗਿਣਦਾ ਏ ! ਪਰ ਉਹ ਤੇ ਬਰ-ਹੱਕ (ਸੱਚੋ ਸੱਚ) ਏ ਤੇ ਉਹਦੀ ਪਕੜ ਵੀ ਬਰ-ਹੱਕ !!! ਏਥੇ ਵੀ ਤੇ ਆਖ਼ਰ ਵਿਚ ਵੀ ਆਣ ਪਕੜੇ ਗਏ ਉਹ ਵੀ ਇਕ ਦਿਹਾੜੇ...

"ਉਹਨਾਂ ਨੂੰ ਆਖਿਆ ਗਿਆ, 'ਕਿਉਂ ਨਾ ਇਹ ਸੋਨਾ ਤੁਹਾਡੇ ਕੋਲੋਂ ਖੋਹ ਲਿਆ ਜਾਵੇ, ਜਿਹੜਾ ਤੁਹਾਡੇ ਕੋਲੋਂ ਬੰਦਿਆਈ ਖੋਹੀ ਤੁਰਿਆ ਜਾਂਦਾ ਏ ?'

"ਉਹ ਵਿਲਕੇ, 'ਸਾਥੋਂ ਸੋਨਾ ਨਾ ਖੋਹੋ। ਇਹਦੇ ਬਿਨਾਂ ਅਸੀਂ ਜੀਊਂਦੇ ਨਹੀਂ ਰਹਿ ਸਕਦੇ ਤੇ ਬੰਦਿਆਈ ਦੀ ਸਾਨੂੰ ਲੋੜ ਕੋਈ ਨਹੀਂ, ਬੇਸ਼ੱਕ ਸਾਰੀ ਦੀ ਸਾਰੀ ਖੋਹ ਲੈ।' ਤੇ ਇਹ ਆਖਦਿਆਂ ਉਹ ਆਪਣੇ ਝੂਠ ਤੇ ਆਪਣੀ ਮਨਾਫ਼ਕਤ ਉੱਤੇ ਆਪਣੇ ਦਿਲਾਂ ਵਿਚ ਹੱਸੇ। ਕਿਉਂਜੁ ਬੰਦਿਆਈ ਦਾ ਭੋਰਾ ਤੇ ਉਹਨਾਂ ਵਿਚ ਹੈ ਹੀ ਨਹੀਂ ਸੀ ਤੇ ਉਹਨਾਂ ਤੋਂ ਖੁੱਸਣਾ ਕੀ ਸੀ ? ਨਿਰੀ ਬੰਦੇ ਵਾਲੀ ਸ਼ਕਲ ਸੂਰਤ !! ਸੋਨਾ ਪੱਲੇ ਹੋਵੇ ਤਾਂ ਸ਼ਕਲ ਸੂਰਤ ਵੇਖਦਾ ਈ ਕੌਣ ਏ ?

"ਉਹਨਾਂ ਨੂੰ ਫੇਰ ਪੁੱਛਿਆ ਗਿਆ, 'ਕੀ ਜੇ ਤੁਹਾਡੇ ਕੋਲ ਤੁਹਾਡਾ ਸਾਰਾ ਸੋਨਾ ਰਹਿਣ ਦਿੱਤਾ ਜਾਵੇ ਤਾਂ ਤੁਹਾਨੂੰ ਬੇਸ਼ੱਕ ਬਾਂਦਰ, ਸੂਰ, ਗਿੱਦੜ, ਕੁੱਤਾ, ਬਿੱਲਾ, ਖੋਤਾ ਕੁਝ ਵੀ ਬਣਾ ਦਿੱਤਾ ਜਾਵੇ ?'

"'ਕੁਝ ਵੀ ਬਣਾ ਦਿੱਤਾ ਜਾਏ !' ਉਹਨਾਂ ਰੋਂਦੀਆਂ ਵਿਲਕੀਆਂ ! 'ਪਰ ਸਾਥੋਂ ਸਾਡਾ ਸੋਨਾ ਨਾ ਖੋਹਿਆ ਜਾਵੇ।'

"ਤੇ ਉਹਨਾਂ ਨੂੰ ਖੋਤੇ ਬਣਾ ਦਿੱਤਾ ਗਿਆ। ਬੰਦਿਆਂ ਤੋਂ ਖੋਤੇ ਬਣ ਜਾਣ ਤੇ ਉਹ ਨਾ ਰੋਏ, ਨਾ ਵਿਲਕੇ, ਨਾ ਉਹਨਾਂ ਮੁਆਫ਼ੀ ਮੰਗੀ, ਨਾ ਤੋਬਾ-ਤਿੱਲਾ ਕੀਤੀ ਸਗੋਂ ਉਹ ਖੋਤੇ ਬਣਨ ਤੇ ਬਹੁਤ ਖ਼ੁਸ਼ ਸਨ। ਉਹਨਾਂ ਦਾ ਸੋਨਾ ਤੇ ਉਹਨਾਂ ਦੇ ਕੋਲ ਰਹਿ ਗਿਆ, ਖ਼ੂਨ ਪਸੀਨੇ ਦੀ ਉਹਨਾਂ ਦੀ ਕਮਾਈ। ਉਹ ਅੱਗੇ ਵਾਂਗ ਸਵੇਰੇ ਉੱਠ ਕੇ ਮੱਖਣ, ਜੈਮ, ਟੋਸਟ ਤੇ ਫਰਾਈ ਆਂਡਿਆਂ ਦਾ ਨਾਸ਼ਤਾ ਕਰਦੇ। ਮਰਸਡੀਜ਼ ਕਾਰਾਂ ਵਿਚ ਚੜ੍ਹਦੇ...ਰੇਸ਼ਮ ਤੇ ਕੀਮਖ਼ਾਬ ਪਾਉਂਦੇ-ਹੰਢਾਉਂਦੇ...ਰਾਤਾਂ ਨੂੰ ਏਅਰ ਕੰਡੀਸ਼ਨਡ ਕਮਰਿਆਂ ਵਿਚ ਫ਼ੋਮ ਦੇ ਬਿਸਤਰਿਆਂ ਉੱਤੇ ਸੌਂਦੇ...ਅੱਠ-ਅੱਠ ਕਨਾਲ ਦੀਆਂ ਕੋਠੀਆਂ ਵਿਚ



Academy of the Punjab in North America: http://www.apnaorg.com

ਰਹਿੰਦੇ। ਹਾਂ ਉਹਨਾਂ ਆਪਣੀਆਂ ਲਗਾਮਾਂ ਤੇ ਪਲਾਣੇ ਸੋਨੇ ਦੇ ਤੇ ਝੁੱਲਾਂ ਰੇਸ਼ਮ ਦੀਆਂ ਬਣਵਾ ਲਈਆਂ ਸਨ...ਤੇ ਬੰਦਿਆਈ ਗਵਾ ਕੇ ਉਹਨਾਂ ਨੂੰ ਭੋਰਾ ਵੀ ਹਿਰਖ ਨਹੀਂ ਸੀ, ਮਾਸਾ ਵੀ ਅਫ਼ਸੋਸ ਨਹੀਂ ਸੀ। ਉਹ ਅੱਗੇ ਵਾਂਗ ਟੀਟਣੇ ਮਾਰਦੇ ਫਿਰਦੇ...ਬੰਦਿਆਈ ਉਹਨਾਂ ਕੋਲ ਅੱਗੇ ਹੈ ਵੀ ਕਿੰਨੀ ਕੁ ਸੀ ? ਇਕ ਸ਼ਕਲੋਂ-ਸੂਰਤ ਈ ਬੰਦਿਆਂ ਵਾਲੀ ਸੀ ਤੇ ਸੋਨਾ ਜੇ ਪੱਲੇ ਹੋਵੇ ਤੇ ਸ਼ਕਲ ਸੂਰਤ ਦਾ ਕੀ ਹੁੰਦਾ ਏ ? ਤੇ ਕੌਣ ਵੇਖਦਾ ਏ ? ਉਹ ਸੋਚ ਕੇ ਖ਼ੁਸ਼ ਹੁੰਦੇ ਪਈ ਉਹਨਾਂ ਫ਼ਾਇਦੇ ਦਾ ਸੌਦਾ ਕੀਤਾ ਏ ਤੇ ਸਸਤੇ ਛੁੱਟ ਗਏ ਨੇ !"

ਕਹਾਣੀ ਸੁਣਾਉਣ ਵਾਲੇ ਨੇ ਕਹਾਣੀ ਮੁਕਾਈ ਤੇ ਹੌਕਾ ਭਰਿਆ। ਉਹਦੀਆਂ ਅੱਖਾਂ ਵਿਚ ਅੱਥਰੂ ਪਏ ਲਿਸ਼ਕਦੇ ਸਨ !!!

ਚਾਰੇ ਸੁਣਨ ਵਾਲੇ ਕਹਾਣੀ ਦੀ ਗੰਭੀਰਤਾ ਦੇ ਕਲਾਵੇ 'ਚੋਂ ਇਕੱਠੇ ਹੀ ਨਿਕਲੇ ਤੇ ਬੇਯਕੀਨੀ ਵਿਚ ਇਕੱਠੇ ਹੀ ਭੜਿਆ ਪਏ, "ਮੰਨਣ ਵਾਲੀ ਗੱਲ ਨਹੀਂ। ਮੰਨਣ ਵਿਚ ਆਉਣ ਵਾਲੀ ਗੱਲ ਨਹੀਂ।"

"ਕਿਹੜੀ ਗੱਲ ਮੰਨਣ ਵਾਲੀ ਨਹੀਂ ?" ਕਹਾਣੀ ਸੁਣਾਉਣ ਵਾਲਾ ਗੁੱਸੇ ਵਿਚ ਕਹਿਣ ਲੱਗਾ : "ਕੀ ਉਹ ਜਜ਼ਾ ਤੇ ਸਜ਼ਾ ਦਾ ਮਾਲਿਕ ਨਹੀਂ ?"

"ਬੇਸ਼ੱਕ ਉਹ ਜਜ਼ਾ ਤੇ ਸਜ਼ਾ ਦਾ ਮਾਲਕ ਏ, ਉਹ ਹਰ ਸ਼ੈਅ ਦਾ ਮਾਲਕ ਏ। ਉਹ ਜੋ ਚਾਹਵੇ ਕਰ ਸਕਦਾ ਏ, ਜਿਹਨੂੰ ਚਾਹਵੇ ਮੁਆਫ਼ ਕਰ ਦੇਵੇ, ਜਿਹਨੂੰ ਚਾਹਵੇ ਸਜ਼ਾ ਦੇਵੇ।"

"ਫੇਰ ਕੀ ਪਿਛਲੀਆਂ ਉੱਮਤਾਂ ਨੂੰ ਨਾ-ਫ਼ੁਰਮਾਨੀ ਉੱਤੇ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ?"

"ਬੇਸ਼ੱਕ ਦਿੱਤੀਆਂ ਗਈਆਂ ਨੇ।"

"ਫੇਰ ਕੀ ਇਹ ਸਜ਼ਾ ਉਸ ਨਗਰੀ ਦੇ ਲੋਕਾਂ ਦੀਆਂ ਬਦਕਾਰੀਆਂ ਤੋਂ ਵੱਧ ਏ ?"

"ਵੱਧ ਘੱਟ ਦਾ ਉਹ ਆਪ ਮਾਲਕ ਏ। ਜੋ ਚਾਹਵੇ ਫ਼ੈਸਲਾ ਕਰੇ। ਅਸੀਂ ਆਖਣ ਵਾਲੇ ਕੌਣ ਆਂ ?"

"ਫੇਰ ਏਸ ਕਹਾਣੀ ਵਿਚ ਕਿਹੜੀ ਬਾਤ ਏ, ਜੋ ਤੁਹਾਡੇ ਮੰਨਣ ਵਿਚ ਨਹੀਂ ਆਈ ?"

"ਬਸ ਏਨੀ ਕੁ ਗੱਲ ਪਈ ਬੰਦਿਆਂ ਤੋਂ ਖੋਤੇ ਬਣ ਜਾਵਣ ਉੱਤੇ ਉਸ ਨਗਰੀ ਦੇ ਲੋਕਾਂ ਨੂੰ ਮਾਸਾ ਵੀ ਹਿਰਖ ਨਹੀਂ ਹੋਇਆ, ਰਤਾ ਵੀ ਅਫ਼ਸੋਸ ਨਹੀਂ ਹੋਇਆ !" ਚਾਰੇ ਇਕੱਠੇ ਵਿਲਕੇ।

"ਮਾਸਾ ਵੀ ਹਿਰਖ ਨਹੀਂ ਹੋਇਆ, ਰਤਾ ਵੀ ਅਫ਼ਸੋਸ ਨਹੀਂ ਹੋਇਆ !" ਕਹਾਣੀ ਸੁਣਾਉਣ ਵਾਲੇ ਨੇ ਇਕ ਲੰਮਾ ਹੌਕਾ ਭਰ ਕੇ ਕਿਹਾ : "ਨਾ ਉਦੋਂ ਸੀ, ਨਾ ਹੁਣ ਏ। ਹਾਕਮ, ਰਈਅਤ, ਅਫ਼ਸਰ, ਮਾਤਹਿਤ, ਸੌਦਾਗਰ, ਵਾਹੀਵਾਨ, ਸ਼ਾਇਰ, ਅਦੀਬ, ਦਾਨਿਸ਼ਵਰ, ਵਕੀਲ, ਮੁਨਸਿਫ਼, ਮਜ਼ਦੂਰ ਹਰ ਕੋਈ ਖ਼ੁਸ਼ ਸੀ ਤੇ ਖ਼ੁਸ਼ ਏ। ਅਜੇ ਵੀ ਤੇ ਟੀਟਣੇ ਮਾਰਦਾ ਫਿਰਦਾ ਏ, ਬੰਦਿਆਈ ਗਵਾ ਕੇ। ਬੰਦੇ ਦੀ ਜੂਨ 'ਚੋਂ ਨਿਕਲ ਕੇ ਖੋਤਾ ਬਣ ਜਾਣ ਤੇ ਕਿਸੇ ਨੂੰ ਵੀ ਮਾਸਾ ਹਿਰਖ ਨਹੀਂ, ਕਿਸੇ ਨੂੰ ਵੀ ਮਾਸਾ ਅਫ਼ਸੋਸ ਨਹੀਂ। ਸੋਨਾ ਅਜੇ ਵੀ ਉਹਨਾਂ ਦਾ ਦੀਨ ਈਮਾਨ ਏ, ਸਭ ਕੁਝ ਏ।"

ਚਹੁੰਆਂ ਕਹਾਣੀ ਸੁਣਨ ਵਾਲਿਆਂ ਦੀਆਂ ਅੱਖਾਂ ਹੁਣ ਚੜ੍ਹੀਆਂ ਨਦੀਆਂ ਲੱਗਦੀਆਂ ਸਨ। ਬੜਾ ਚਿਰ ਚੁੱਪ ਰਹਿਣ ਪਿੱਛੋਂ ਉਹ ਚਾਰੇ ਇਕੱਠੇ ਇਕ ਜ਼ੁਬਾਨ ਹੋ ਕੇ ਬੋਲੇ, "ਅਫ਼ਸੋਸ ਬੰਦੇ ਦੀ ਨੀਵਿਆਈ ਤੇ ਬੰਦੇ ਦੇ ਏਨਾ ਥੱਲੇ ਡਿੱਗ ਪੈਣ ਤੇ!"

ਸਾਵਣ ਭਾਦਰੋਂ ਦੀ ਦੁਪਹਿਰ ਹੋਣ ਕਰਕੇ ਹੋਟਲ ਦੇ ਏਅਰ ਕੰਡੀਸ਼ਨਡ ਹਾਲ ਵਿਚ ਰਸ਼ ਤੇ ਰੌਲਾ ਵਧਦਾ ਜਾਂਦਾ।

**ਪੰਜਵੇਂ** ਰੁਮਾਲ ਨਾਲ ਅੱਖਾਂ ਪੂੰਝ ਕੇ ਆਖਿਆ:

"ਏਸ ਕਹਾਣੀ ਮਗਰੋਂ ਮੈਂ ਤੇ ਹੁਣ ਆਪਣੀ ਕਹਾਣੀ ਸੁਣਾਉਣ ਜੋਗਾ ਹੀ ਨਹੀਂ ਪਰ ਕੀ ਤੁਹਾਡੇ 'ਚੋਂ ਕਿਸੇ ਕੋਲ ਇਕ ਤੋਲਾ ਸੋਨਾ ਹੈ ਏ?"

"ਇਕ ਤੋਲਾ ਸੋਨਾ—ਉਹ ਕਾਹਦੇ ਲਈ?" ਚਾਰਾਂ ਇਕ ਜ਼ੁਬਾਨ ਹੋ ਕੇ ਪੁੱਛਿਆ।

"ਦਸ ਪਿਆਲੀਆਂ ਚਾਹ ਦਾ ਬਿੱਲ ਦੇਣ ਲਈ।"

"ਸਾਡਾ ਸੋਨੇ ਨਾਲ ਕੀ ਕੰਮ?" ਚਹੁੰਆਂ ਇਕ ਜ਼ੁਬਾਨ ਹੋ ਕੇ ਕਿਹਾ। "ਦੁਨੀਆਂ ਦੀ ਏਸ ਮਿੱਟੀ ਨਾਲ ਸਾਡਾ ਕੀ ਕੰਮ?"

"ਠੀਕ ਏ।" ਉਸ ਬੈਰੇ ਨੂੰ ਬਿੱਲ ਲਿਆਉਣ ਦਾ ਇਸ਼ਾਰਾ ਕੀਤਾ ਤੇ ਆਪਣੇ ਚਹੁੰਆਂ ਸੰਗੀਆਂ ਨੂੰ ਕਿਹਾ:

"ਤੁਸੀਂ ਚੱਲੋ, ਮੈਂ ਬਿੱਲ ਦੇ ਕੇ ਤੁਹਾਨੂੰ ਆ ਰਲਣਾ ਵਾਂ।"

ਉਹਨਾਂ 'ਚੋਂ ਜਿਹੜਾ ਅੱਖਾਂ ਨਹੀਂ ਸੀ ਝਮਕਦਾ ਤੇ ਜਿਹਦੀਆਂ ਅੱਖਾਂ ਗੋਲ ਸਨ, ਕਹਿਣ ਲੱਗਾ: "ਬਿੱਲ ਦਿਤਿਓਂ ਬਿਨਾ ਈ ਖਿਸਕ ਚਲਨੇ ਆਂ, ਸਾਨੂੰ ਕਿਹੜਾ ਕਿਸੇ ਫੜ ਲੈਣਾ ਏ?"

ਪੰਜਵੇਂ ਦੇ ਮੱਥੇ ਉਥੇ ਇਕ ਵੱਟ ਪਿਆ ਪਰ ਉਸ ਨਰਮ 'ਵਾਜ ਵਿਚ ਕਿਹਾ: "ਅਜਿਹੇ ਧੱਕੇ-ਧਰੋਹ ਤੇ ਹੇਰਾ-ਫੇਰੀਆਂ ਆਦਮ-ਜ਼ਾਦਿਆਂ ਦਾ ਕੰਮ ਏ, ਸਾਡਾ ਨਹੀਂ।" ਫੇਰ ਉਹ ਚਹੁੰਆਂ ਨੂੰ ਕਹਿਣ ਲੱਗਾ, "ਤੁਸੀਂ ਚੱਲੋ ਤੇ ਮੈਂ ਆਇਆ।"

ਉਹ ਚਾਰੇ ਅੱਖ ਝਮਕਣ ਜਿੰਨੇ ਚਿਰ ਵਿਚ ਗ਼ਾਇਬ ਹੋ ਗਏ। ਬੈਰਾ ਬਿੱਲ ਲੈ ਕੇ ਆਇਆ ਤਾਂ ਪੰਜਾਂ ਦੀ ਥਾਂ 'ਕੱਲਾ ਬੈਠਾ ਸੀ।

"ਇਕ ਤੋਲਾ ਸੋਨਾ!" ਬੈਰੇ ਚੀਨੀ ਦੀ ਵੱਡੀ ਪਲੇਟ ਵਿਚ ਬਿੱਲ ਉਹਦੇ ਅੱਗੇ ਰੱਖਿਆ।

"ਇਹ ਪਲੇਟ ਹੋਵੇਗੀ ਕੋਈ ਪਾ ਪੱਕੇ ਕੁ ਦੀ?" ਬੈਰੇ ਨੂੰ ਗਾਹਕ ਦਾ ਸੁਆਲ ਅਜੀਬ ਲੱਗਿਆ। ਸਿਰ ਹਿਲਾ ਕੇ ਕਹਿਣ ਲੱਗਾ: "ਪਾ ਤੋਂ ਵੱਧ ਹੋਵੇਗੀ ਜਨਾਬ।"

"ਲੈ ਫੇਰ!" ਗਾਹਕ ਨੇ ਪਲੇਟ ਬੈਰੇ ਨੂੰ ਪਰਤਾ ਦਿੱਤੀ ਤੇ ਬੋਲਿਆ: "ਚੀਨੀ ਦੀ ਪਲੇਟ ਦਾ ਮੁੱਲ ਤੇ ਚਾਹ ਦਾ ਬਿੱਲ ਹੋਟਲ ਨੂੰ ਦੇ ਕੇ ਬਾਕੀ ਆਪ ਰੱਖ ਲਵੀਂ।"

ਹੈਰਾਨ ਬੈਰੇ ਦੇ ਹੱਥ ਵਿਚ ਪਾਸੇ ਦੇ ਸੋਨੇ ਦੀ ਪਲੇਟ ਫੜੀ ਸੀ ਤੇ ਗਾਹਕ ਗ਼ਾਇਬ ਸੀ।



## گوکھڑو ਗੋਖੜੂ

ਮੂੰਹ ਹਨੇਰੇ ਭੋਲੇ ਭਰਾਈ ਨੂੰ ਸਕੂਲ ਵਾਲੇ ਪਿੱਪਲ ਦੇ ਟਹਿਣ ਨਾਲ ਝੂਲਦਿਆਂ ਸਭ ਤੋਂ ਪਹਿਲੋਂ ਕਿਸ ਵੇਖਿਆ ਸੀ? ਇਹਦਾ ਤਾਂ ਕਿਸੇ ਨੂੰ ਪਤਾ-ਥਹੁ ਈ ਨਹੀਂ ਸੀ। ਪਰ ਪਲ ਦੋ ਪਲ ਵਿਚ ਸਾਰੇ ਪਿੰਡ ਨੂੰ ਚਾਨਣ ਹੋ ਗਿਆ। ਲੰਬੜਦਾਰ ਪੱਗ ਸਿਰ ਤੇ ਵਲ੍ਹੇਟਦਾ ਚੜ੍ਹਿਆ ਆਪਣੀ ਟੈਰ ਉੱਤੇ ਦੌੜ ਪਿਆ ਥਾਣੇ ਵੱਲ। ਤੇ ਪਿੰਡ ਦਾ ਹਰ ਇਆਣਾ ਸਿਆਣਾ ਇਕੱਠਾ ਹੋਇਆ ਸਕੂਲ ਵਾਲੇ ਪਿੱਪਲ ਥੱਲੇ। ਲਾਗੇ ਕੋਈ ਡਰਦਾ ਜਾਏ ਨਾ, ਦੂਰ ਖਲੋ ਕੇ ਤਾੜੀ ਲਾ ਕੇ ਵੇਖੀ ਜਾਵਣ ਭੋਲੇ ਭਰਾਈ ਨੂੰ, ਜਿਹੜਾ ਹਾੜ ਦੀ ਉਸ ਸਵੇਰ-ਸਵੇਰ ਨਿੰਮ੍ਹੀ-ਨਿੰਮ੍ਹੀ 'ਵਾ ਨਾਲ ਹੌਲੀ-ਹੌਲੀ ਪਿਆ ਝੂਲਦਾ ਸੀ। ਇਕ ਨਵੇਂ ਜਿਹੇ ਨਹਿਣ (ਇਕ ਲੰਮਾ ਤੇ ਮਜ਼ਬੂਤ ਰੱਸਾ) ਦਾ ਇਕ ਸਿਰਾ ਪੀਚਵੀਂ ਗੰਢ ਨਾਲ ਪਿੱਪਲ ਦੇ ਵੱਡੇ ਟਹਿਣ ਨਾਲ ਬੱਧਾ ਹੋਇਆ ਤੇ ਦੂਜਾ ਸਿਰਾ ਤਿਲਕਣੀ ਗੰਢ ਨਾਲ ਭੋਲੇ ਭਰਾਈ ਦੀ ਧੌਣ ਦੇ ਮਾਸ ਵਿਚ ਖੁਭਿਆ ਹੋਇਆ ਸੀ ਤੇ ਭਰਾਈ ਭੋਇੰ ਤੋਂ ਕੋਈ ਹੱਥ ਕੁ ਉੱਤੇ ਟੰਗਿਆ ਹੋਇਆ ਖੁੱਲ੍ਹੇ ਮੂੰਹ ਤੇ ਅੱਡੀਆਂ ਅੱਖੀਆਂ ਨਾਲ ਪਤਾ ਨਹੀਂ ਕਿਧਰ ਵੇਖੀ ਜਾ ਰਿਹਾ ਸੀ। ਉਹਦੀ ਗਾਂਢਿਆਂ ਨਾਲ ਭਰੀ ਹੋਈ ਜੁੱਤੀ ਦੇ ਉੱਤੇ ਉਹਦੀ ਮਾੜੀ ਤੇ ਪੁਰਾਣੀ ਡੰਗੋਰੀ ਦਾ ਇਕ ਸਿਰਾ ਟਿਕਿਆ ਹੋਇਆ ਤੇ ਢੋਲ, ਡੱਗਾ, ਉਸਦੀਆਂ ਖੱਦਰ ਦੀਆਂ ਖ਼ਾਲੀ ਬਗ਼ਲੀਆਂ ਏਧਰ ਉਧਰ ਖਿਲਰੀਆਂ ਪਈਆਂ ਸਨ। ਓਦਣ ਚੌਧਵਾਂ ਰੋਜ਼ਾ ਸੀ।

ਕੁਝ ਮੁੰਡਿਆਂ ਖੁੰਡਿਆਂ ਦਾ ਦਿਲ ਭੋਲੇ ਭਰਾਈ ਨੂੰ ਉਸ ਔਕੜ ਵਿੱਚੋਂ ਕੱਢਣ ਨੂੰ ਚਾਹੁੰਦਾ ਸੀ, ਪਰ ਲਾਗੇ ਖਲੋਤੇ ਬਾਬੇ ਅੱਲ੍ਹਾ ਲੋਕ ਝਿੜਕ ਕੇ ਉਹਨਾਂ ਨੂੰ ਕਿਹਾ:

"ਨ ਉਹਦੀ ਕਿਸੇ ਸ਼ੈਅ ਨੂੰ ਛੇੜਿਆ ਜੇ, ਨ ਉਹਨੂੰ ਹੱਥ ਲਾਇਆ ਜੇ, ਜਦੋਂ ਤੀਕ ਸਾਈਂ ਨਹੀਂ ਅੱਪੜ ਜਾਂਦੇ, ਨਹੀਂ ਤਾਂ ਮਰ ਜਾਉਗੇ।" ਕੋਲੋਂ ਕਿਸੇ ਹੋਰ ਸਿਆਣੇ ਆਖਿਆ, "ਬੱਝਣ ਵਿਚ ਕੀ ਕਸਰ ਰਹਿ ਗਈ ਏ, ਭਾਈ! ਪਤਾ ਨਹੀਂ ਇਹ ਭੋਲਾ ਸਾਡੇ ਪਿੰਡ ਦੇ ਸਿਰ ਈ ਕਿਉਂ ਚੜ੍ਹਿਆ ਏ?" ਉਦੋਂ ਤਕ ਲੰਬੜਦਾਰ ਥਾਣੇ ਤੋਂ ਪਰਤ ਕੇ ਆਉਂਦਾ, ਤਿੰਨ ਸਿਪਾਹੀ ਵੀ ਨਾਲ ਲੈ ਆਇਆ ਸੀ। ਉਸ ਪਿੱਪਲ ਹੇਠ ਇਕੱਠੀ ਖ਼ਲਕਤ ਨੂੰ ਸੁਣਾ ਕੇ ਉੱਚੀ ਸਾਰੀ ਕਿਹਾ, "ਥਾਣੇਦਾਰ ਸਾਹਿਬ ਮਗਰ ਟੁਰਿਆ ਆਉਂਦਾ ਏ।" ਫੇਰ ਉਹ ਸਿਪਾਹੀਆਂ ਦੇ ਟਾਂਗੇ ਵਾਲੇ ਵੱਲ ਗਿਆ।



Academy of the Punjab in North America: http://www.apnaorg.com

ਬੋਝੇ ਵਿੱਚੋਂ ਦਸਾਂ ਰੁਪਿਆਂ ਦਾ ਨੋਟ ਲੁਕਾ ਕੇ ਕੱਢਿਆ, ਉਹਦੀ ਮੁੱਠ ਵਿਚ ਦੇਂਦਿਆਂ ਉਹਨੂੰ ਕਹਿਣ ਲੱਗਾ, "ਟਾਂਗਾ ਖੋਲ੍ਹ ਲੈ ਵੀਰ ਮੇਰਿਆ ਤੇ ਘੋੜੇ ਨੂੰ ਛਾਵੇਂ ਬੰਨ੍ਹ ਕੇ ਪੱਠੇ-ਦੱਥੇ ਪਾ ਲੈ।" ਚੌਕੀਦਾਰ ਨੂੰ ਉਸ ਸਕੂਲ ਵਿੱਚੋਂ ਕੁਰਸੀਆਂ ਮੇਜ਼ ਕੱਢਣ ਤੇ ਪਿੰਡੋਂ ਮੰਜੀਆਂ ਲਿਆਉਣ ਦਾ ਹੁਕਮ ਦਿੱਤਾ। ਲਾਗੇ ਖਲੋਤੇ ਇਕ ਤੇਲੀ ਮੁੰਡੇ ਨੂੰ ਉਸ ਭੋਲੇ ਭਰਾਈ ਦੇ ਵਾਰਸਾਂ ਨੂੰ ਖ਼ਬਰ ਕਰਨ ਘੱਲਿਆ। ਭੋਲੇ ਭਰਾਈ ਦਾ ਪਿੰਡ ਨਾਲ ਦੇ ਪਿੰਡ ਤੋਂ ਅਗਲਾ ਸੀ।

ਥੋੜ ਚਿਰ ਵਿਚ ਹੀ ਭੋਲੇ ਭਰਾਈ ਦੀ ਘਰਵਾਲੀ ਵੈਣ ਪਾਉਂਦੀ, ਛਾਤੀ ਉੱਤੇ ਦੁਹੱਥੜਾ ਮਾਰਦੀ, ਨਾਲ-ਨਾਲ ਭੋਲੇ ਦਾ ਜਵਾਨ ਸਾਲਾ ਸੁਣੱਕੇ ਮਾਰਦਾ ਤੇ ਮਗਰ-ਮਗਰ ਭੋਲੇ ਦੇ ਵਿਲਕਦੇ ਤਿੰਨ ਬਾਲ ਆਣ ਅੱਪੜੇ। ਸਾਰੇ ਪਿੰਡ ਨੂੰ ਇਕੱਠਿਆਂ ਹੋਇਆਂ ਵੇਖ ਕੇ ਭੋਲੇ ਦੀ ਘਰਵਾਲੀ ਦੇ ਵੈਣ ਇਕ ਵਾਰ ਤਾਂ ਉੱਚੇ ਹੋ ਗਏ। ਉਹ ਆਪਣੇ ਭਰਾ ਤੇ ਆਪਣੇ ਬਾਲਾਂ ਨਾਲ ਲੋਕਾਂ ਦੀ ਭੀੜ ਚੀਰ ਕੇ ਅਗਾਂਹ ਹੋਈ ਤੇ ਝੂਲਦੇ ਭੋਲੇ ਨੂੰ ਵੇਖ ਕੇ ਠਠੰਬਰ ਕੇ ਖਲੋ ਗਈ ਤੇ ਪੱਥਰ ਹੋਈਆਂ ਖ਼ਾਲੀ ਖ਼ਾਲੀ ਨਜ਼ਰਾਂ ਨਾਲ ਆਪਣੇ ਘਰਵਾਲੇ ਨੂੰ ਵੇਖਦੀ ਰਹੀ। ਭੋਲੇ ਦੇ ਸਾਲੇ ਨੇ ਬਾਲਾਂ ਨੂੰ ਅਗਾਂਹ ਪਿਓ ਵੱਲ ਵਧਣ ਤੋਂ ਰੋਕਿਆ, "ਕੋਈ ਲਾਗੇ ਨਾ ਜਾਏ।" ਇਕ ਸਿਪਾਹੀ ਨੇ ਕੜਕ ਕੇ ਹੁਕਮ ਦਿੱਤਾ। ਭੋਲਾ ਅਜੇ ਵੀ ਪਿੱਪਲ ਨਾਲ ਈ ਪਿਆ ਝੂਲਦਾ ਸੀ। ਸਿਪਾਹੀਆਂ ਅਤੇ ਲੰਬੜਦਾਰ ਦਾ ਕਹਿਣਾ ਸੀ ਪਈ ਜਿੰਨਾ ਚਿਰ ਤਕ ਥਾਣੇਦਾਰ ਸਾਹਿਬ ਆ ਕੇ ਖ਼ੁਦ ਆਪਣੀ ਅੱਖੀਂ ਮੌਕਾ ਨਾ ਦੇਖ ਲੈਣ, ਲਾਸ਼ ਨੂੰ ਕਿਸੇ ਹੱਥ ਨਹੀਂ ਲਾਉਣਾ। ਲੰਬੜਦਾਰ ਨੇ ਭੋਲੇ ਦੇ ਸਾਲੇ ਨੂੰ ਇਕ ਲਾਂਭੇ ਸੱਦ ਕੇ ਹੌਲੀ ਜਿਹੀ ਆਖਿਆ, "ਅਫ਼ਸਰਾਂ ਦੀ ਰੋਟੀ ਲਈ ਚਾਰ ਕੁੱਕੜ ਤੇ ਦੋ ਸੇਰ ਘਿਉ ਖ਼ਾਲਸ ਦੇਸੀ ਚਾਹੀਦਾ ਏ। ਛੇਤੀ ਬੰਦੋਬਸਤ ਕਰ ਕੇ ਲਿਆਓ ਤੇ ਨਾਲੇ ਅਫ਼ਸਰਾਂ ਦੇ ਟਾਂਗੇ ਨੂੰ ਸੌ ਰੁਪਏ ਭਾੜਾ, ਜਿਹੜਾ ਮੈਂ ਕੋਲੋਂ ਦੇ ਦਿੱਤਾ ਏ।"

"ਅਫ਼ਸਰ ਲੋਕ ਰੋਜ਼ੇ ਨਹੀਂ ਰੱਖਦੇ ?" ਭੋਲੇ ਦੇ ਸਾਲੇ ਨੇ ਮਸਾਂ ਈ ਪੁੱਛਿਆ।

ਲੰਬੜਦਾਰ ਉਹਨੂੰ ਝਿੜਕ ਕੇ ਬੋਲਿਆ, "ਸਫ਼ਰ ਵਿਚ ਰੋਜ਼ੇ ਮਾਫ਼ ਹੁੰਦੇ ਨੇ। ਨਾਲੇ ਅਫ਼ਸਰ ਲੋਕ ਤੇ ਬਾਦਸ਼ਾਹ ਹੁੰਦੇ ਨੇ, ਇਹਨਾਂ ਨੂੰ ਤਾਂ ਖ਼ੁਦਾ ਵੀ ਨਹੀਂ ਪੁੱਛਦਾ, ਤੂੰ ਦੌੜ ਤੇ ਲਿਆ ਸ਼ੈਵਾਂ ਛੇਤੀ। ਅਫ਼ਸਰਾਂ ਆਉਂਦਿਆਂ ਈ ਰੋਟੀ ਖਾਣੀ ਏ। ਅਜੇ ਪਤਾ ਨਹੀਂ ਸਾਡੇ ਤੇ ਕੀ ਵਾਪਰਨੀ ਏ ? ਕਰਨੀ ਤੁਹਾਡੀ ਭਰ ਸਾਰਾ ਪਿੰਡ ਰਿਹਾ ਏ।"

ਭੋਲੇ ਦਾ ਸਾਲਾ ਮੂੰਹ ਲਮਕਾ ਕੇ ਦੌੜ ਵਗਿਆ। ਵਿਚਾਰਾ ਪਤਾ ਨਹੀਂ ਕਿਧਰੋਂ ਤੇ ਕਿਂਵ ਚਾਰ ਕੁੱਕੜ, ਦੋ ਸੇਰ ਪੱਕੇ ਘਿਉ ਤੇ ਸੌ ਰੁਪਏ ਲਿਆ ਕੇ ਲੰਬੜਦਾਰ ਦੇ ਘਰ ਛੱਡ ਕੇ ਫੇਰ ਪਿੱਪਲ ਹੇਠ ਆ ਬੈਠਾ। ਲੰਬੜਦਾਰ ਦੇ ਘਰ ਚਾਰਾਂ ਵਿੱਚੋਂ ਦੋ ਕੁੱਕੜ ਕੁਸ ਕੇ ਹਾਂਡੀ ਚੜ੍ਹ ਗਏ ਤੇ ਤੰਦੂਰ ਉੱਤੇ ਘਿਉ ਵਿਚ ਗੁੰਨ੍ਹੀਆਂ ਰੋਟੀਆਂ ਪੱਕਣ ਲੱਗ ਪਈਆਂ। ਅਜੇ ਤਕ ਥਾਣੇਦਾਰ ਨਹੀਂ ਸੀ ਅੱਪੜਿਆ।

ਰੋਟੀ ਵੇਲੇ ਦੇ ਗੇੜ ਵਿਚ ਮੁੜ੍ਹਕੋ-ਮੁੜ੍ਹਕੀ ਹੋਇਆ ਥਾਣੇਦਾਰ ਸ਼ੇਖ਼ ਅਲਫ਼ਦੀਨ ਪਿੱਪਲ ਹੇਠ ਆਪਣੇ ਘੋੜੇ ਤੋਂ ਉਤਰਿਆ। ਲੰਬੜਦਾਰ ਨੇ ਦੌੜ ਕੇ ਅਫ਼ਸਰ ਦੇ ਘੋੜੇ ਦੀ ਵਾਗ ਫੜੀ, ਤੇ ਰਕਾਬ ਨੂੰ ਹੱਥ ਪਾ ਕੇ ਉਹਨੂੰ ਉਤਰਨ ਵਿਚ ਮੱਦਦ ਦਿੱਤੀ।



Academy of the Punjab in North America: http://www.apnaorg.com

ਥਾਣੇਦਾਰ ਆਪਣਾ ਪਿਸਤੌਲ, ਟੋਪੀ ਤੇ ਰੂਲ ਮੇਜ਼ ਤੇ ਰੱਖਿਆ ਤੇ ਕੁਰਸੀ ਉੱਤੇ ਡਿੱਗ ਪਿਆ। ਇੱਕੋ ਵਾਰ ਦੌੜ ਕੇ ਚੌਕੀਦਾਰ ਤੇ ਦੋ ਤੇਲੀ ਮੁੰਡਿਆਂ ਪੱਖੇ ਫੜੇ ਤੇ ਥਾਣੇਦਾਰ ਨੂੰ ਚਾਰ ਚੁਫੇਰਿਉਂ ਝੱਲ ਮਾਰਨ ਲੱਗ ਪਏ।

"ਸਭ ਸ਼ੈਵਾਂ ਉਥੇ ਦੀਆਂ ਉਥੇ ਨੇ ਸਰਕਾਰ, ਕਿਸੇ ਹੱਥ ਨਹੀਂ ਲਾਇਆ, ਸਰਕਾਰ।" ਲੰਬੜਦਾਰ ਭੋਲੇ ਦੀ ਲਾਸ਼, ਜੁੱਤੀ, ਢੋਲ ਤੇ ਡੰਗੋਰੀ ਵੱਲ ਇਸ਼ਾਰਾ ਕਰ ਕੇ ਥਾਣੇਦਾਰ ਨੂੰ ਦੱਸਿਆ।

"ਇਹਨੂੰ ਥੱਲੇ ਲਾਹੋ!" ਥਾਣੇਦਾਰ ਆਪਣਾ ਮੂੰਹ ਤੇ ਗੰਜਾ ਸਿਰ ਲੰਬੜਦਾਰ ਦੀ ਸਾਫ਼ ਸੁਥਰੀ ਮੋਢੇ ਵਾਲੀ ਚਾਦਰ ਨਾਲ ਪੂੰਝਦਿਆਂ ਬੋਲਿਆ, "ਇਹ ਮਾਂ ਦਾ ਖ਼ਸਮ ਕਿਹੜੇ ਮੌਸਮ ਵਿਚ ਪੀਂਘ ਝੂਟ ਰਿਹਾ ਏ ?"

ਦੋ ਮੁੰਡਿਆਂ ਫੁਰਤੀ ਨਾਲ ਪਿੱਪਲ ਉੱਤੇ ਚੜ੍ਹ ਕੇ ਰੱਸਾ ਵੱਢਿਆ ਤੇ ਅਡੋਲ ਈ ਭੋਲੇ ਦੀ ਲਾਸ਼ ਫੜ ਕੇ ਲਾਗੇ ਪਈ ਖ਼ਾਲੀ ਮੰਜੀ ਉੱਤੇ ਰੱਖ ਦਿੱਤੀ।

ਮਰਨ ਵਾਲੇ ਬਾਰੇ ਮੰਦਾ ਬੋਲਣਾ ਪਿੰਡਾਂ ਵਿਚ ਚੰਗਾ ਨਹੀਂ ਸਮਝਿਆ ਜਾਂਦਾ। ਏਸ ਲਈ ਈ ਅੱਲ੍ਹਾ ਲੋਕ ਬੋਲ ਪਿਆ, "ਰੋਜ਼ਿਆਂ ਵਿਚ ਮਰਨ ਵਾਲਾ ਸਿੱਧਾ ਬਹਿਸ਼ਤ ਵਿਚ ਜਾਂਦਾ ਏ ਸ਼ੇਖ਼ ਜੀ।"

ਥਾਣੇਦਾਰ ਅੱਲ੍ਹਾ ਲੋਕ ਵੱਲ ਇਕ ਤ੍ਰਿੱਖੀ ਨਜ਼ਰ ਨਾਲ ਵੇਖਿਆ ਤੇ ਮੂੰਹ ਵੱਟ ਕੇ ਕਹਿਣ ਲੱਗਾ, "ਪਤਾ ਨਹੀਂ ਬਹਿਸ਼ਤ ਵਿਚ ਉਹ ਜਾਂਦਾ ਏ ਕਿ ਤੁਸੀਂ ਸਾਰੇ।"

ਅੱਲ੍ਹਾ ਲੋਕ ਥਾਣੇਦਾਰ ਦੀ ਧਮਕੀ ਝੱਲ ਗਿਆ। ਕਰਾਰੀ 'ਵਾਜ ਵਿਚ ਬੋਲਿਆ, "ਸਾਡੇ ਜਿਹੇ ਗੁਨਾਹੀ ਕਿਥੇ ਮਰਦੇ ਨੇ ਰੋਜ਼ਿਆਂ ਵਿਚ।"

ਥਾਣੇਦਾਰ ਸਮਝ ਗਿਆ ਅੱਲ੍ਹਾ ਲੋਕ ਭਾਰ ਨਹੀਂ ਝੱਲਦਾ ਤੇ ਉਹ ਹੱਸ ਪਿਆ, "ਤੇ ਏਸ ਭਰਾਈ ਨੂੰ ਕਿਨ੍ਹੇ ਫਾਹ ਦੇ ਕੇ ਬਹਿਸ਼ਤ ਵਿਚ ਘੱਲ ਦਿੱਤਾ ਏ ਬਾਬਾ ਲੋਕਾ ?"

ਬਾਬਾ ਅੱਲ੍ਹਾ ਲੋਕ ਸੱਚ-ਮੁੱਚ ਦਾ ਅੱਲ੍ਹਾ ਲੋਕ ਸੀ। ਅੱਸੀ ਵਰ੍ਹਿਆਂ ਦਾ ਬੁੱਢਾ ਪਰ ਦਲੇਰ ਤੇ ਖਰਾ। ਮਾਲਕ ਉਹ ਭਾਵੇਂ ਤਿੰਨਾਂ ਕਿੱਲਿਆਂ ਦਾ ਸੀ, ਪਰ ਸਾਰੇ ਪਿੰਡ ਦਾ ਮੁਹਤਬਰ ਬੰਦਾ ਸੀ। ਥਾਣੇਦਾਰ ਦੀ ਗੱਲ ਸੁਣ ਕੇ ਠੱਠਾ ਮਾਰ ਕੇ ਹੱਸਿਆ। ਕਹਿਣ ਲੱਗਾ, "ਬੰਦੇ ਨੂੰ ਫਾਹੇ ਲਾਉਣਾ ਤਾਂ ਅਫ਼ਸਰਾਂ, ਸਰਕਾਰਾਂ ਤੇ ਬਾਦਸ਼ਾਹਾਂ ਦਾ ਕੰਮ ਏ, ਥਾਣੇਦਾਰ ਜੀ। ਅਸੀਂ ਜੱਟ ਵਿਚਾਰੇ ਤੇ ਫਾਹੇ ਲੱਗਣ ਲਈ ਜੰਮਦੇ ਹਾਂ। ਤੁਸੀਂ ਲਾਓ ਸਾਨੂੰ ਜਿਹੜੇ ਫਾਹੇ ਲਾਉਣਾ ਜੇ। ਏਸ ਭਰਾਈ ਵਿਚਾਰੇ ਨਾਲ ਕਿਸੇ ਦੀ ਕੀ ਦੁਸ਼ਮਣੀ ਸੀ, ਜਿਹੜਾ ਕਿਸੇ ਇਹਨੂੰ ਫਾਹੇ ਲਾਉਣਾ ਸੀ।"

"ਤੇ ਇਹ ਆਪਣੇ ਆਪ ਲੱਗ ਗਿਆ ਫਾਹੇ ?" ਥਾਣੇਦਾਰ ਕੜਕ ਕੇ ਸਾਰੀ ਖ਼ਲਕਤ ਨੂੰ ਸੁਣਾ ਕੇ ਕਹਿਣ ਲੱਗਾ, "ਜੇ ਏਸ ਆਪ ਹੀ ਫਾਹ ਲੈਣਾ ਸੀ ਤਾਂ ਇਹਦੇ ਆਪਣੇ ਪਿੰਡ ਵਿਚ ਕੋਈ ਰੁੱਖ ਨਹੀਂ ਸੀ। ਤੂੰ ਦੱਸ ਲੰਬੜਦਾਰ!"

ਉਦੋਂ ਤਕ ਡੰਗਰ ਚਾਰਨ ਪੱਠੇ ਲੈਣ ਗਏ ਤੇ ਗਹਾਈ ਕਰਦੇ ਪਿੰਡੋਂ ਬਾਹਰ ਗਏ ਹੋਏ ਸਾਰੇ ਲੋਕ ਥਾਣੇਦਾਰ ਦੇ ਹੁਕਮ ਨਾਲ ਵਾਪਸ ਪਿੰਡ ਆ ਗਏ ਹੋਏ ਸਨ। ਸਾਰਾ ਪਿੰਡ ਈ ਸਕੂਲ ਵਾਲੇ ਪਿੱਪਲ ਹੇਠ ਜਮ੍ਹਾਂ ਸੀ।

ਲੰਬੜਦਾਰ ਉੱਠ ਕੇ ਪੱਗ ਸਵਾਹਰੀ ਕੀਤੀ ਤੇ ਥਾਣੇਦਾਰ ਸਾਹਮਣੇ ਹੱਥ ਜੋੜ

ਕੇ ਅਦਬ ਨਾਲ ਬੋਲਿਆ, "ਭੋਲਾ ਭਰਾਈ ਪੰਦਰਾਂ ਵੀਹਾਂ ਵਰ੍ਹਿਆਂ ਤੋਂ ਸਾਡੀਆਂ ਖੂਹੀਆਂ ਉੱਤੇ ਲੱਜਾਂ ਤੇ ਸਾਡੀਆਂ ਮਸੀਤਾਂ ਵਿਚ ਸਫ਼ਾਂ ਪਾਉਂਦਾ ਨਾਲੇ ਰੋਜ਼ਿਆਂ ਵਿਚ ਸਰਘੀ ਵੇਲੇ ਢੋਲ ਵਜਾ ਕੇ ਲੋਕਾਂ ਨੂੰ ਉਠਾਉਂਦਾ। ਏਸ ਤੋਂ ਪਹਿਲੋਂ ਇਹ ਕੰਮ ਇਹਦਾ ਪਿਉ ਕਰਦਾ ਸੀ। ਇਹਦੀ ਨਾ ਕਿਸੇ ਨਾਲ ਦੁਸ਼ਮਣੀ ਤੇ ਨਾ ਕਿਸੇ ਨਾਲ ਯਾਰੀ। ਭਲਾਮਾਣਸ ਤੇ ਨੇਕ ਆਦਮੀ ਤੇ ਏਸ ਗੱਲ ਦੀ ਸੌਂਹ ਸਾਡੇ ਚਾਰ ਪੰਜ ਪਿੰਡ ਦੇ ਸਕਦੇ ਨੇ। ਭੋਲਾ ਤਾਂ ਕਿਸੇ ਨੂੰ ਕੰਨੀਂ ਪਾਇਆ ਵੀ ਨਹੀਂ ਸੀ ਦੁਖਦਾ। ਅੱਜ ਵਾਲੀ ਗੱਲ ਕਿੰਞ ਹੋਈ ? ਕਿਉਂ ਹੋਈ ? ਕੁਝ ਸਮਝ ਨਹੀਂ ਆਉਂਦੀ।"

"ਮੈਂ ਨਹੀਂ ਮੰਨਦਾ। ਮੈਂ ਨਹੀਂ ਮੰਨਦਾ!" ਥਾਣੇਦਾਰ ਹੱਥ ਹਿਲਾ ਕੇ ਗੁੱਸੇ ਨਾਲ ਲੰਬੜਦਾਰ ਦੀ ਗੱਲ ਰੱਦ ਕਰਦਾ ਬੋਲਿਆ, "ਇਹਨੂੰ ਤੁਹਾਡੇ ਪਿੰਡ ਵਿੱਚੋਂ ਕਿਸੇ ਮਾਰਿਆ ਏ। ਕਿਹਨੇ ? ਤੁਸੀਂ ਦੱਸੋ, ਨਹੀਂ ਤਾਂ ਮੈਂ ਸਾਰੇ ਪਿੰਡ ਨੂੰ ਬੰਨ੍ਹ ਕੇ ਲੈ ਜਾਵਾਂਗਾ।"

ਏਨੇ ਚਿਰ ਵਿਚ ਪਿੰਡ ਵੱਲੋਂ ਰੋਟੀ ਦੇ ਥਾਲਾਂ ਉੱਤੇ ਰੰਗ-ਬਰੰਗੇ ਪੋਣੇ ਆਉਂਦੇ ਨਜ਼ਰੀਂ ਆਏ। ਸਕੂਲ ਤੇ ਪਿੰਡ ਦੀ ਆਬਾਦੀ ਵਿਚ ਇੱਕੋ ਪੈਲੀ ਦੀ ਵਿੱਥ ਸੀ। ਸਕੂਲ ਦੇ ਕਮਰੇ ਵਿਚ ਰੋਟੀ ਖਾ ਕੇ ਅਫ਼ਸਰ ਬਾਹਰ ਨਿਕਲੇ, ਤਫ਼ਤੀਸ਼ ਫੇਰ ਸ਼ੁਰੂ ਹੋ ਗਈ।

"ਤੂੰ ਦੱਸ ਬਾਬਾ ਅੱਲ੍ਹਾ ਲੋਕਾ!" ਥਾਣੇਦਾਰ ਨੇ ਆਪਣੇ ਮੱਟ ਜਿੱਡੇ ਢਿੱਡ ਤੋਂ ਵੱਡੀ ਸਰਕਾਰੀ ਕਾਲੀ ਪੇਟੀ ਢਿੱਲੀ ਕਰਦਿਆਂ ਕਿਹਾ, "ਤੂੰ ਸਿਆਣਾ ਆਦਮੀ ਏਂ, ਲਾ ਕੋਈ ਗਵੇੜ।"

"ਸਮਝ ਨਹੀਂ ਆਉਂਦੀ ਮੋਤੀਆਂ ਵਾਲਿਆ।" ਬਾਬੇ ਅੱਲ੍ਹਾ ਲੋਕ ਦੱਸਿਆ, "ਕਿਸੇ ਭੋਲੇ ਨੂੰ ਕਾਹਨੂੰ ਮਾਰਨਾ ਸੀ ਤੇ ਜੇ ਏਸ ਆਪ ਫਾਹਾ ਲੈਣਾ ਸੀ, ਤਾਂ ਫਿਰ ਇਹ ਘਰੋਂ ਅੱਧੀ ਰਾਤੀਂ ਮੋਢੇ ਬਗਲੀ ਤੇ ਗਲ ਵਿਚ ਢੋਲ ਪਾ ਕੇ ਕਿਉਂ ਨਿਕਲਿਆ। ਤੇ ਫੇਰ ਇਹ ਕੰਮ ਏਸ ਏਥੇ ਈ ਆ ਕੇ ਕਿਉਂ ਕੀਤਾ! ਰਾਹ ਵਿਚ ਰੁੱਖ ਸੌ ਸੈਂਕੜੇ, ਇਹ ਆਬਾਦੀ ਵਿਚ ਕਿਉਂ ਆਉਂਦਾ ?"

"ਫੇਰ ਕਾਤਲ ਦਿਓ ?" ਥਾਣੇਦਾਰ ਜਿਵੇਂ ਬਾਬੇ ਅੱਲ੍ਹਾ ਲੋਕ ਰਾਹੀਂ ਸਾਰੇ ਪਿੰਡ ਨੂੰ ਘੇਰ ਲਿਆ। ਅੱਗੋਂ ਭੋਲੇ ਦੀ ਮੰਜੀ ਕੋਲ ਬੈਠੀ ਹੌਲੀ-ਹੌਲੀ ਰੋਂਦੀ ਉਹਦੀ ਘਰਵਾਲੀ ਨੂੰ ਪੁੱਛਣ ਲੱਗਾ, "ਤੂੰ ਦੱਸ ਮਾਈ! ਕਿਸੇ ਨਾਲ ਇਹਦਾ ਵੈਰ ? ਕੋਈ ਦੁਸ਼ਮਣੀ ? ਕੋਈ ਚੋਰੀ ਯਾਰੀ ?"

"ਕਿਸੇ ਨਾਲ ਸਾਡਾ ਕੁਝ ਨਹੀਂ ਸਰਕਾਰ! ਨਾ ਦੁਸ਼ਮਣੀ ਨਾ ਵੈਰ!" ਭੋਲੇ ਦੀ ਘਰਵਾਲੀ ਰੋਂਦਿਆਂ ਕਹਿਣ ਲੱਗੀ, "ਇਹ ਲੋਕ ਸਾਡੇ ਮਾਈ ਬਾਪ ਨੇ। ਅਸੀਂ ਤੇ ਕਈਆਂ ਪੁਸ਼ਤਾਂ ਤੋਂ ਇਹਨਾਂ ਦੀ ਮਿਹਨਤ ਮਜ਼ਦੂਰੀ ਕਰ ਕੇ ਇਹਨਾਂ ਦਾ ਈ ਖਾਂਦੇ ਟੁਰੇ ਆਉਨੇ ਆਂ। ਸਾਡਾ ਕਿਸੇ ਤੇ ਸ਼ੱਕ ਨਹੀਂ। ਜਾਨ ਅੱਲ੍ਹਾ ਨੂੰ ਦੇਣੀ ਏਂ।" ਤੇ ਉਹ ਚੁੱਪ ਕਰ ਗਈ।

ਥਾਣੇਦਾਰ ਉੱਠ ਕੇ ਖਲੋ ਗਿਆ। ਉਸ ਆਪਣੀ ਪਤਲੂਨ ਖਿੱਚ ਕੇ ਉਤਾਂਹ ਚਾੜ੍ਹੀ, ਪੇਟੀ ਕੱਸੀ, ਪਿਸਤੌਲ ਗਲ ਪਾਇਆ, ਰੂਲ ਕੱਛੇ ਮਾਰਿਆ, ਟੋਪੀ ਨੂੰ ਉਂਗਲੀ ਉੱਤੇ ਘੁਮਾਂਦਿਆਂ ਉਸ ਚੌਕੀਦਾਰ ਨੂੰ ਘੋੜਾ ਕੱਸ ਕੇ ਲਿਆਉਣ ਦਾ ਆਖਿਆ ਤੇ ਪਿੰਡ ਵਾਲਿਆਂ ਨੂੰ ਸੁਣਾ ਕੇ ਉੱਚੀ ਸਾਰੀ ਕਹਿਣ ਲੱਗਾ, "ਕੋਈ ਨਹੀਂ ਮੰਨਦਾ ਭਈ ਭੋਲੇ ਭਰਾਈ ਦਾ ਕਤਲ ਸਿੱਧੀ ਤਰ੍ਹਾਂ।"



Academy of the Punjab in North America: http://www.apnaorg.com

ਲੋਕ ਚੁੱਪ ਚਾਪ ਸਹਿਮੇ ਡਰੇ ਬੈਠੇ ਸਨ। ਚੌਕੀਦਾਰ ਘੋੜਾ ਕੱਸ ਕੇ ਲੈ ਆਇਆ। ਉਹਦੀ ਵਾਗ ਫੜ ਕੇ ਥਾਣੇਦਾਰ ਨੇ ਚੌਕੀਦਾਰ ਤੇ ਤਿੰਨ ਤੇਲੀ ਮੁੰਡਿਆਂ ਨੂੰ ਭੋਲੇ ਭਰਾਈ ਦੀ ਮੰਜੀ ਚੁੱਕਣ ਦਾ ਇਸ਼ਾਰਾ ਦਿੱਤਾ ਤੇ ਉੱਠ ਕੇ ਤਿਆਰ ਖਲੋਤੇ ਸਿਪਾਹੀਆਂ ਨੂੰ ਹੁਕਮ ਜਾਰੀ ਕੀਤਾ, "ਸਾਰੇ ਪਿੰਡ ਨੂੰ ਬੰਨ੍ਹ ਲਓ—ਸਾਰੇ ਮੁੰਡੇ, ਜਵਾਨ, ਗੱਭਰੂ, ਅੱਧਖੜ ਤੇ ਬੁੱਢੇ। ਇਹਨਾਂ ਦੀਆਂ ਪੱਗਾਂ ਨਾਲ ਇਹਨਾਂ ਦੇ ਹੱਥ ਪਿੱਛੇ ਬੰਨ੍ਹ ਲਓ ਤੇ ਕਰ ਲਓ ਲਾਮ ਡੋਰੀ ਤੇ ਲੈ ਚਲੋ ਥਾਣੇ।" ਫੇਰ ਲੰਬੜਦਾਰ ਵੱਲ ਮੂੰਹ ਕਰ ਕੇ ਕਹਿਣ ਲੱਗਾ, "ਚੱਲ ਬਈ ਲੰਬੜਾ, ਲੱਗ ਤੂੰ ਵੀ ਅੱਗੇ। ਤੂੰ ਸਾਡਾ ਯਾਰ ਏਂ। ਏਸ ਲਈ ਤੈਨੂੰ ਇਹ ਰਿਆਇਤ ਏ ਭਈ ਤੇਰੇ ਹੱਥ ਨਹੀਂ ਬੰਨ੍ਹਦੇ।"

ਕੋਈ ਇਕ ਬੰਦਾ ਨਾ ਡਰ ਕੇ ਦੌੜਿਆ, ਨਾ ਘਾਬਰ ਕੇ ਪਿਛਾਂਹ ਹੋਇਆ ਸਗੋਂ ਸਾਰੇ ਵਾਰੋ-ਵਾਰੀ ਹੱਥ ਪਿੱਛੇ ਕਰਦੇ ਗਏ ਤੇ ਸਿਪਾਹੀ ਉਹਨਾਂ ਦੀਆਂ ਪੱਗਾਂ ਨਾਲ ਉਹਨਾਂ ਦੇ ਹੱਥ ਬੰਨ੍ਹਦੇ ਗਏ। ਬਾਬੇ ਅੱਲ੍ਹਾ ਲੋਕ ਤੇ ਇਕ ਹੋਰ ਬੁੱਢੇ ਦੇ ਹੱਥ ਸਿਪਾਹੀ ਬੰਨ੍ਹਣ ਲੱਗੇ ਤਾਂ ਥਾਣੇਦਾਰ ਨੇ ਹੁਕਮ ਜਾਰੀ ਕੀਤਾ, "ਇਹ ਬੁੱਢੇ ਛੱਡ ਦਿਓ, ਇਹ ਵਿਚਾਰੇ ਟੁਰਨੋਂ ਫਿਰਨੋਂ ਵੀ ਆਰੀ ਨੇ। ਇਹਨਾਂ ਨੂੰ ਕਿਥੇ ਮੋਢਿਆਂ ਉੱਤੇ ਚੁੱਕੀ ਫਿਰੋਗੇ।"

ਬਾਬਾ ਅੱਲ੍ਹਾ ਲੋਕ ਡੰਗੋਰੀ ਦੇ ਆਸਰੇ ਮੰਜੀ ਤੋਂ ਉਠਿਆ, ਕਹਿਣ ਲੱਗਾ, "ਸ਼ੇਖ਼ ਜੀ! ਤੇਰੀ ਬੜੀ ਮਿਹਰਬਾਨੀ ਪਰ ਜਦੋਂ ਮੇਰੇ ਸਾਰੇ ਬੱਚੜੇ ਤੂੰ ਬੰਨ੍ਹ ਕੇ ਲੈ ਚਲਿਆ ਏਂ, ਮੈਂ ਪਿਛਾਂਹ ਰਹਿ ਕੇ ਕੀ ਕਰਾਂਗਾ ?" ਤੇ ਉਹ ਸਾਰਿਆਂ ਤੋਂ ਅੱਗੇ ਲੱਗ ਕੇ ਟੁਰ ਪਿਆ।

"ਖਲੋ ਜਾ ਬਾਬਾ," ਲੰਬੜਦਾਰ ਨੇ ਅੱਲ੍ਹਾ ਲੋਕ ਨੂੰ 'ਵਾਜ ਮਾਰੀ ਤੇ ਅੱਲ੍ਹਾ ਲੋਕ ਖਲੋ ਗਿਆ। ਲੰਬੜਦਾਰ ਥਾਣੇਦਾਰ ਨੂੰ ਲੈ ਕੇ ਇਕ ਪਾਸੇ ਟੁਰ ਪਿਆ। ਥਾਣੇਦਾਰ ਹੱਥੋਂ ਘੋੜੀ ਦੀ ਵਾਗ ਫੜ ਕੇ ਚੌਕੀਦਾਰ ਨੂੰ ਫੜਾ ਕੇ ਦੂਰ ਜਾਣ ਦਾ ਇਸ਼ਾਰਾ ਕਰਦਿਆਂ ਹੋਇਆਂ ਥਾਣੇਦਾਰ ਨੂੰ ਕਹਿਣ ਲੱਗਾ, "ਸਰਕਾਰ ਇਹ ਬੰਦੇ ਬੇ-ਗੁਨਾਹ ਨੇ। ਸਾਰੇ ਪਿੰਡ ਨੂੰ ਨਵ੍ਹਾ ਧਵਾ ਕੇ ਬੇਸ਼ੱਕ ਮਸੀਤੇ ਚਾੜ੍ਹ ਲੈ।"

ਥਾਣੇਦਾਰ ਨੂੰ ਦਿਹਾੜੀ ਗੁੱਲ ਹੋ ਜਾਣ ਦਾ ਦੁਖ ਸੀ। ਲੰਬੜਦਾਰ ਨੂੰ ਝਿੜਕ ਕੇ ਬੋਲਿਆ, "ਕਤਲਾਂ ਦੇ ਫ਼ੈਸਲੇ ਮਸੀਤਾਂ ਵਿਚ ਨਹੀਂ ਹੁੰਦੇ। ਹਾਂ ਕੋਈ ਕੰਮ ਦੀ ਗੱਲ ਕਰੇਂ ਤਾਂ ਵਿੱਚੋਂ ਕੋਈ ਰਾਹ ਵੀ ਨਿਕਲੇ।"

"ਜੋ ਹੁਕਮ ਕਰੋ ਸਰਕਾਰ।" ਲੰਬੜਦਾਰ ਨੇ ਹੱਥ ਜੋੜ ਕੇ ਕਿਹਾ, "ਮਾਈ ਬਾਪ, ਜੋ ਹੁਕਮ ਹੋਵੇ।"

"ਹਜ਼ਾਰ ਰੁਪਇਆ ਘਰ ਪ੍ਰਤੀ।"

"ਤੇ ਕਤਲ!" ਲੰਬੜਦਾਰ ਨੇ ਪੁੱਛਿਆ।

"ਭੋਲੇ ਦੇ ਸਾਲੇ ਤੇ ਪਾ ਦਿਆਂਗੇ।" ਥਾਣੇਦਾਰ ਨੇ ਸੋਚ ਕੇ ਜਵਾਬ ਦਿੱਤਾ।

"ਪੰਜਾਹ ਘਰ, ਤੇ ਹਜ਼ਾਰ ਰੁਪਇਆ ਘਰ ਪ੍ਰਤੀ!" ਲੰਬੜਦਾਰ ਨੇ ਮਿੰਟ ਸਕਿੰਟ ਵਿਚ ਹਿਸਾਬ ਜੋੜਿਆ। ਮਿੰਨਤ ਨਾਲ ਕਹਿਣ ਲੱਗਾ, "ਹਜ਼ਾਰ ਰੁਪਇਆ ਘਰ ਪ੍ਰਤੀ ਤੇ ਅਸੀਂ ਦੇਣ ਜੋਗੇ ਨਹੀਂ। ਸੌ ਰੁਪਇਆ ਘਰ ਪ੍ਰਤੀ ਲੈ ਲਉ।"

"ਇਹ ਬੰਦਾ ਮਰਿਆ ਏ ਕੁੱਤਾ ਨਹੀਂ ? ਕੀ ਮੁੱਲ ਪਾਇਆ ਈ ਕਤਲ ਦਾ।"

ਥਾਣੇਦਾਰ ਨੇ ਲੰਬੜਦਾਰ ਨੂੰ ਡਾਂਟਿਆ। ਲੰਬੜਦਾਰ ਵਿਲਕਿਆ, "ਸਰਕਾਰ ਹਾੜ੍ਹੀ ਕੋਈ ਨਹੀਂ ਜੇ ਏਸ ਵਾਰੀ। ਭੁੱਖ ਈ ਭੁੱਖ ਜੇ ਪਿੰਡ ਵਿਚ। ਏਸ ਵਾਰ ਤਾਂ ਕਣਕਾਂ ਮੀਂਹ ਨੇ ਮਾਰ ਛੱਡੀਆਂ ਨੇ। ਸਿੱਟੇ ਝੜ ਗਏ ਸਰਕਾਰ। ਅੱਧੇ ਮੀਂਹ ਨਾਲ ਤੇ ਅੱਧੇ ਗਿੱਲੀਆਂ ਕਣਕਾਂ ਸੁਕਾਉਂਦਿਆਂ ਫੋਲਦਿਆਂ ਤੇ ਗਹਾਈਆਂ ਵੀ ਹੁਣ ਹਾੜ ਵਿਚ ਹੋਣ ਲੱਗੀਆਂ ਜੇ। ਜੱਟਾਂ ਨੂੰ ਤੇ ਏਸ ਵਾਰੀ ਤੂੜੀ ਬਚਣੀ ਜੇ ਨਿਰੀ। ਉਹ ਵੀ ਕਾਲੇ ਸਵਾਹ ਨਾੜ ਦੀ। ਸੌ ਰੁਪਇਆ ਘਰ ਪ੍ਰਤੀ ਵੀ ਦਿੱਤਾ ਜਾਵੇ ਤਾਂ ਬੜੀ ਗੱਲ ਏ।"

ਉਥੇ ਖਲੋਤਿਆਂ ਈ ਥਾਣੇਦਾਰ ਨੇ ਸਿਪਾਹੀਆਂ ਨੂੰ 'ਵਾਜ ਮਾਰ ਕੇ ਹੁਕਮ ਦਿੱਤਾ, "ਟੋਰੋ ਇਹਨਾਂ ਨੂੰ ਥਾਣੇ ਵੱਲ।"

ਸਿਪਾਹੀ ਬੰਦਿਆਂ ਦੇ ਹੱਥ ਬੰਨ੍ਹ ਕੇ ਹੁਕਮ ਦੀ ਉਡੀਕ ਵਿਚ ਖਲੋਤੇ ਸਨ। ਫ਼ੌਰਨ ਬੋਲੇ, "ਚਲੋ ਭਈ ਸੜਕ ਨੂੰ।"

ਟਾਂਗੇ ਵਾਲਾ ਛੇਤੀ-ਛੇਤੀ ਟਾਂਗਾ ਜੋੜਨ ਲੱਗ ਪਿਆ। ਚੌਕੀਦਾਰ ਘੋੜਾ ਥਾਣੇਦਾਰ ਨੂੰ ਫੜਾ ਕੇ ਭੋਲੇ ਭਰਾਈ ਦੀ ਮੰਜੀ ਵੱਲ ਦੌੜਿਆ। ਚਾਰ ਬੰਦਿਆਂ ਭੋਲੇ ਦੀ ਮੰਜੀ ਚੁੱਕ ਲਈ ਤੇ ਉਹ ਸੜਕ ਨੂੰ ਟੁਰ ਪਏ। ਉਹਨਾਂ ਦੇ ਨਾਲ ਨਾਲ ਬਾਬਾ ਅੱਲ੍ਹਾ ਲੋਕ ਵੀ ਠਿੱਲ੍ਹ ਪਿਆ। ਥਾਣੇਦਾਰ ਘੋੜੇ ਉੱਤੇ ਚੜ੍ਹਿਆ ਤੇ ਲੰਬੜਦਾਰ ਨੂੰ ਕਹਿਣ ਲੱਗਾ, "ਚੱਲ ਭਾਈ ਮੀਆਂ।"

ਪਿੰਡ ਦੀਆਂ ਸਾਰੀਆਂ ਜ਼ਨਾਨੀਆਂ, ਜਿਹੜੀਆਂ ਆਬਾਦੀ ਦੇ ਅਖ਼ੀਰ ਤੇ ਉੱਗੇ ਉੱਚੇ-ਉੱਚੇ ਅੱਕਾਂ ਪਿੱਛੇ ਲੁੱਕ ਕੇ, ਪਿੱਪਲ ਹੇਠ ਵਾਲੀ ਸਾਰੀ ਗੱਲਬਾਤ ਪਈਆਂ ਸੁਣਦੀਆਂ ਸਨ, ਪੱਥਰ ਦੇ ਬੁੱਤਾਂ ਵਾਂਗ ਖਲੋਤੀਆਂ ਦੀਆਂ ਖਲੋਤੀਆਂ ਰਹਿ ਗਈਆਂ। ਪਰ ਫੇਰ ਐਨ ਉਸ ਵੇਲੇ ਜਿਸ ਵੇਲੇ ਬੱਧੇ ਬੰਦੇ ਤੇ ਪੁਲਸ ਪਿੱਪਲ ਥੱਲਿਉਂ ਸੜਕ ਨੂੰ ਟੁਰੇ, ਇਕ ਮੈਲੀ ਚਾਦਰ ਵਾਲੀ ਸਵਾਣੀ ਪਿੰਡ ਦੀਆਂ ਜ਼ਨਾਨੀਆਂ ਵਿੱਚੋਂ ਤੀਰ ਵਾਂਗ ਨਿਕਲੀ ਤੇ ਸੜਕ ਨੂੰ ਦੌੜੀ। ਉਹ ਬੱਧਿਆਂ ਬੰਦਿਆਂ ਦੀਆਂ ਪਾਲਾਂ ਅੱਗੇ ਦੋਵੇਂ ਬਾਹਾਂ ਖਲਾਰ ਕੇ ਖਲੋ ਗਈ, ਜਿਵੇਂ ਉਹਨਾਂ ਦਾ ਰਾਹ ਡੱਕ ਕੇ ਖਲੋ ਗਈ ਹੋਵੇ। ਸਿਪਾਹੀ, ਜਿਹੜੇ ਬੰਦਿਆਂ ਦੀਆਂ ਪੱਗਾਂ ਦੀਆਂ ਲਾਮ ਡੋਰੀ ਵਾਲੇ ਸਿਰੇ ਫੜੀ ਪਿੱਛੇ ਪਿੱਛੇ ਆਉਂਦੇ ਸਨ, ਦੌੜ ਕੇ ਅਗਾਂਹ ਨੂੰ ਵਧੇ। ਉਹਨਾਂ ਤੋਂ ਪਹਿਲੇ ਥਾਣੇਦਾਰ ਵੀ ਘੋੜੇ ਨੂੰ ਅੱਡੀ ਲਾ ਕੇ ਅਗਾਂਹ ਵਧਿਆ ਤੇ ਸਵਾਣੀ ਦੇ ਕੋਲ ਆ ਖਲੋਤਾ। ਲੰਬੜਦਾਰ ਦੌੜ ਕੇ ਤੇ ਬਾਬਾ ਅੱਲ੍ਹਾ ਲੋਕ ਤੇਜ਼-ਤੇਜ਼ ਟੁਰ ਕੇ ਵੀ ਉਥੇ ਅੱਪੜ ਗਏ।

ਸਵਾਣੀ ਪਾੜੇ ਵਾਲੀ ਕੁੱਕੜੀ ਵਾਂਗ ਅਜੇ ਵੀ ਹੱਥਾਂ ਦੇ ਖੰਭ ਖਲਾਰ ਕੇ ਉਹਨਾਂ ਦਾ ਰਾਹ ਡੱਕੀ ਖਲੋਤੀ ਸੀ। ਉਹਦੀ ਚਾਦਰ ਕਦੋਂ ਦੀ ਉਹਦੇ ਸਿਰ ਤੋਂ ਲਹਿ ਕੇ ਉਹਦੇ ਗਲ ਵਿਚ ਪਈ ਹੋਈ ਸੀ। ਬਾਬੇ ਅੱਲ੍ਹਾ ਲੋਕ ਨੇ ਕੋਲ ਖਲੋਤੇ ਲੰਬੜਦਾਰ ਵੱਲ ਮੂੰਹ ਕਰ ਕੇ ਹੈਰਾਨੀ ਨਾਲ ਹੌਲੀ ਜਿਹੀ ਪੁੱਛਿਆ, "ਗਾਮੇ ਦੇ ਘਰੋਂ ?" ਹੈਰਾਨ ਹੋਏ ਲੰਬੜਦਾਰ ਨੇ ਜਿਵੇਂ ਸੁਫ਼ਨਾ ਵੇਖਦਿਆਂ ਆਖਿਆ, "ਆਹੋ, ਗਾਮੇ ਦੇ ਘਰਵਾਲੀ ! ਸਿੱਧੀ !" ਹੈਰਾਨੀ ਨਾਲ ਚੁੱਪ-ਚਾਪ ਖਲੋਤਿਆਂ ਬੰਦਿਆਂ ਵਿੱਚੋਂ ਪਹਿਲੋਂ ਥਾਣੇਦਾਰ ਹੋਸ਼ ਵਿਚ ਆਇਆ। ਰੱਜ ਕੇ ਸੋਹਣੀ, ਅੱਧਖੜ ਉਮਰ ਦੀ ਪਰੀਆਂ ਵਰਗੀ ਸਵਾਣੀ ਵੱਲ ਵੇਖ ਕੇ ਹੌਲੀ ਜਿਹੀ ਕਹਿਣ ਲੱਗਾ, "ਤੂੰ ਕੌਣ ਏਂ ਤੇ ਕੀ ਚਾਹਨੀ ਏਂ ?"



Academy of the Punjab in North America: http://www.apnaorg.com

"ਮੈਂ ਕੌਣ ਆਂ ?" ਸਵਾਣੀ ਜਿਵੇਂ ਇੱਕੋ ਵਾਰ ਜਾਗ ਪਈ ਹੋਵੇ। ਆਪਣੀ ਚਾਦਰ ਸਿਰ ਉੱਤੇ ਲੈ ਕੇ ਤੇ ਬਾਬੇ ਅੱਲ੍ਹਾ ਲੋਕ ਤੇ ਲੰਬੜਦਾਰ ਵੱਲੋਂ ਘੁੰਡ ਕੱਢ ਕੇ ਬੋਲੀ, "ਬਾਬਾ ਅੱਲ੍ਹਾ ਲੋਕ ਏਸ ਪਿੰਡ ਦਾ ਮਾਲਕ ਵੀ ਏ ਤੇ ਸਾਈਂ ਵੀ। ਮੈਂ ਬਾਬੇ ਅੱਲ੍ਹਾ ਲੋਕ ਦੀ ਨੂੰਹ-ਧੀ ਆਂ।" ਫੇਰ ਉਹ ਅਗਾਂਹ ਵਧ ਕੇ ਬੱਧੇ ਗਾਮੇ ਦੇ ਕੋਲ ਜਾ ਕੇ ਖਲੋ ਗਈ ਤੇ ਕਹਿਣ ਲੱਗੀ, "ਏਸ ਜੱਟ ਦੀ ਮੈਂ ਘਰਵਾਲੀ ਆਂ ਤੇ ਇਹ ਸਾਰੇ ਬੰਦੇ ਜਿਨ੍ਹਾਂ ਨੂੰ ਤੂੰ ਨਿਹੱਕ ਬੰਨ੍ਹੀ ਲਈ ਜਾਨਾਂ ਏਂ ਮੇਰੇ ਦਿਉਰ ਨੇ, ਜੇਠ ਨੇ, ਵੀਰ ਨੇ।"

ਥਾਣੇਦਾਰ ਉੱਚੀ ਸਾਰੀ ਹੱਸਿਆ। ਬਾਬੇ ਅੱਲ੍ਹਾ ਲੋਕ ਵੱਲ ਵੇਖ ਕੇ ਬੋਲਿਆ, "ਬਾਬਾ! ਤੇਰੀ ਨੂੰਹ ਸ਼ੁਦੈਣ ਏ।"

ਬਾਬੇ ਅੱਲ੍ਹਾ ਲੋਕ ਤੋਂ ਪਹਿਲੋਂ ਈ ਸਿੱਧੀ ਬੋਲ ਪਈ, "ਸ਼ੁਦੈਣ ਮੈਂ ਨਹੀਂ, ਸ਼ੁਦਾਈ ਤੂੰ ਏਂ, ਜਿਦ੍ਹੇ ਕੋਲੋਂ ਇਹ ਨਿੱਕੀ ਜਿਹੀ ਘੁੰਡੀ ਵੀ ਨਹੀਂ ਖੁੱਲ੍ਹੀ।"

ਸ਼ੇਖ਼ ਥਾਣੇਦਾਰ ਨੇ ਸਿੱਧੀ ਦੀ ਗੱਲ ਦਾ ਬੁਰਾ ਨਾ ਮੰਨਿਆ। ਹੱਸ ਕੇ ਕਹਿਣ ਲੱਗਾ, "ਲੋਕ ਆਖਦੇ ਨੇ ਜੱਟੀਆਂ ਪੱਥਰ ਤੇ ਲੋਹੇ ਦੀਆਂ ਬਣੀਆਂ ਹੁੰਦੀਆਂ ਨੇ, ਪਰ ਘਰਵਾਲੇ ਨੂੰ ਥਾਣੇ ਵੱਲ ਟੁਰਿਆ ਵੇਖ ਕੇ ਮਿੱਟੀ ਹੋ ਜਾਂਦੀਆਂ ਨੇ। ਜਾਹ ਬੀਬੀ ਘਰ ਤੇ ਅੰਨ ਪਾਣੀ ਦੀ ਫ਼ਿਕਰ ਕਰ। ਗਾਮੇ ਤੇ ਤੇਰੇ ਬਾਕੀ ਦਿਉਰਾਂ, ਜੇਠਾਂ ਤੇ ਵੀਰਾਂ ਦੇ ਰੋਜ਼ੇ ਅਸੀਂ ਅੱਜ ਥਾਣੇ ਵਿਚ ਖੁਲ੍ਹਾ ਦਿਆਂਗੇ।"

ਸਿੱਧੀ ਨੇ ਵੀ ਥਾਣੇਦਾਰ ਦੀ ਗੱਲ ਦਾ ਬੁਰਾ ਨਾ ਮੰਨਿਆ। ਨਿੰਮ੍ਹਾ ਜਿਹਾ ਹੱਸ ਕੇ ਚਹਿਕੀ, "ਸਾਨੂੰ ਵੱਡਿਆਂ ਦੇ ਸਾਹਮਣੇ ਉੱਚੀ ਬੋਲਣ ਦਾ ਹੁਕਮ ਨਹੀਂ, ਵੀਰਾ! ਚੱਲ, ਮੈਂ ਤੇ ਸ਼ੁਦੈਣ ਹੋਈ, ਲੋਹੇ ਤੋਂ ਮਿੱਟੀ ਹੋ ਗਈ ਹੋਈ, ਪਰ ਤੈਨੂੰ ਥਾਣੇਦਾਰ ਕਿਨ੍ਹੇ ਬਣਾ ਦਿੱਤਾ ਏ ? ਇਹ ਵੀ ਨਹੀਓਂ ਪੁੱਛਿਆ ਪਈ ਜਿਹੜੇ ਰੱਸੇ ਨਾਲ ਭੋਲੇ ਫਾਹ ਲਿਆ ਏ, ਉਹ ਰੱਸਾ ਕਿਥੋਂ ਆਇਆ ਏ ਤੇ ਭੋਲੇ ਦੇ ਬੋਝੇ ਵਿਚ ਕੀ ਏ ? ਬੜੀ ਬਹਾਦਰੀ ਕਰ ਕੇ ਲਈ ਜਾਨਾਂ ਏਂ ਸਾਰਾ ਪਿੰਡ ਬੰਨ੍ਹ ਕੇ।"

ਥਾਣੇਦਾਰ ਘੋੜੇ ਤੋਂ ਉਤਰ ਆਇਆ। ਬੰਦਿਆਂ ਨੂੰ ਪਿਛਾਂਹ ਮੁੜਨ ਦਾ ਇਸ਼ਾਰਾ ਕਰ ਕੇ ਪਿੱਪਲ ਹੇਠ ਆ ਬੈਠਾ। "ਰੱਸਾ ਮੇਰੇ ਕੋਲ ਲਿਆਓ, ਭੋਲੇ ਦਾ ਬੋਝਾ ਫੋਲੋ।" ਥਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ। ਸਿੱਧੀ ਵੱਲ ਵੇਖ ਕੇ ਕਹਿਣ ਲੱਗਾ, "ਰੱਸਾ ਕਿਦ੍ਹਾ ਏ ? ਭੋਲੇ ਦੇ ਬੋਝੇ ਵਿਚ ਕੀ ਏ ? ਤੇ ਭੋਲੇ ਨੂੰ ਫਾਹ ਕਿਸ ਦਿੱਤਾ ਏ ?"

"ਰੱਸਾ ਸਾਡਾ ਏ," ਸਿੱਧੀ ਘੁੰਡ ਕੱਢੀ ਖਲੋਤੀ ਦੱਸਣ ਲੱਗੀ। "ਭੋਲੇ ਭਰਾਈ ਦੇ ਬੋਝੇ ਵਿਚ ਨੇ ਮੇਰੇ ਦਸਾਂ ਤੋਲਿਆਂ ਦੇ ਗੋਖੜੂ—ਪਾਸੇ ਦੇ ਸੋਨੇ ਦੇ ਤੇ ਫਾਹ ਭੋਲੇ ਨੂੰ ਕਿਸੇ ਨਹੀਂ ਦਿੱਤਾ, ਉਸ ਆਪ ਲਿਆ ਏ। ਪਰ ਪਹਿਲਾਂ ਤੂੰ ਸਾਰਿਆਂ ਬੰਦਿਆਂ ਦੀਆਂ ਕੱਸੀਆਂ ਹੋਈਆਂ ਮੁਸ਼ਕਾਂ ਖੋਲ੍ਹ ਤੇ ਮੈਂ ਤੈਨੂੰ ਸਾਰੀ ਗੱਲ ਦੱਸਨੀ ਆਂ, ਸਾਰੇ ਪਿੰਡ ਸਾਹਮਣੇ !"

"ਬੰਦਿਆਂ ਨੂੰ ਖੋਲ੍ਹ ਦਿਓ !" ਹੈਰਾਨ ਪਰੇਸ਼ਾਨ ਥਾਣੇਦਾਰ ਨੇ ਸੁੱਤੀ ਜਿਹੀ 'ਵਾਜ ਵਿਚ ਸਿਪਾਹੀਆਂ ਨੂੰ ਕਿਹਾ।

ਬੱਧਿਆਂ ਦੀਆਂ ਮੁਸ਼ਕਾਂ ਖੁੱਲ੍ਹ ਗਈਆਂ ਤੇ ਉਹ ਸਾਰੇ ਫੇਰ ਪਿੱਪਲ ਹੇਠ ਡੱਠੀਆਂ ਮੰਜੀਆਂ ਤੇ ਆ ਬੈਠੇ ? ਗਾਮੇ ਦੇ ਚਿਹਰੇ ਦਾ ਰੰਗ ਉੱਡ ਗਿਆ। ਪਤਾ ਨਹੀਂ ਅੱਗੋਂ

ਕੀ ਨਿਕਲੇ ? ਸਾਰੇ ਪਿੰਡ ਸਾਹਮਣੇ ਉਹਦੇ ਹੱਥ ਪਿਛਾਂਹ ਬੰਨ੍ਹੇ ਤੇ ਉਹਨੂੰ ਭੋਰਾ ਘਾਟ ਨਾ ਆਈ, ਪਰ ਹੁਣ ਨਮੋਸ਼ੀ ਵਿਚ ਉਹਨੂੰ ਭੋਇੰ ਵਿਰਲ ਨਹੀਂ ਸੀ ਪਈ ਦੇਂਦੀ। ਉਹਦੇ ਦਿਲ ਵਿਚ ਸੌ ਤਰ੍ਹਾਂ ਦੇ ਵਿਸਵਿਸੇ ਆਉਂਦੇ ਪਏ ਸਨ। ਉਹਦੀ ਹਾਲਤ ਵੇਖ ਕੇ ਬਾਬੇ ਅੱਲ੍ਹਾ ਲੋਕ ਨੇ ਉਹਨੂੰ ਸੈਨਤ ਮਾਰੀ ਤੇ ਸੱਦ ਕੇ ਆਪਣੇ ਕੋਲ ਮੰਜੀ ਤੇ ਬਿਠਾ ਕੇ ਪੁੱਛਿਆ, "ਇਹ ਸਾਰਾ ਕੁਝ ਕੀ ਏ ?"

"ਅੱਲ੍ਹਾ ਦੀਆਂ ਅੱਲ੍ਹਾ ਈ ਜਾਣੇਂ ਬਾਬਾ।" ਗਾਮੇ ਨੂੰ ਆਪ ਕੁਝ ਪਤਾ ਹੁੰਦਾ ਤਾਂ ਦੱਸਦਾ।

"ਅੱਲ੍ਹਾ ਭਲੀ ਕਰੇਗਾ। ਹੌਸਲਾ ਰੱਖ।" 'ਕੱਲੇ ਗਾਮੇ ਨੂੰ ਬਾਬੇ ਦੇ ਤਸੱਲੀ ਦੇਣ ਨਾਲ ਬੜਾ ਹੌਸਲਾ ਹੋਇਆ।

ਇਕ ਸਿਪਾਹੀ ਨੇ ਰੱਸਾ ਤੇ ਦੂਜੇ ਮੈਲੀ ਜਿਹੀ ਮਲਮਲ ਦੀ ਟਾਕੀ ਵਿਚ ਬੱਧੇ ਹੋਏ ਗੋਖੜੂ ਥਾਣੇਦਾਰ ਦੀ ਮੇਜ਼ ਉੱਤੇ ਲਿਆ ਕੇ ਰੱਖ ਦਿੱਤੇ। ਪੋਟਲੀ ਖੋਲ੍ਹਦਿਆਂ ਸੋਨੇ ਦੇ ਭਾਰੇ ਗੋਖੜੂ ਵੇਖ ਕੇ ਥਾਣੇਦਾਰ ਦੀਆਂ ਅੱਖਾਂ ਵਿਚ ਹਿਰਸ ਦੀ ਚਮਕ ਆਈ। ਘੜੀ ਕੁ ਪਹਿਲੋਂ ਤੀਕ ਉਹਨੂੰ ਆਪਣੀ ਦਿਹਾੜੀ ਮਾਰੇ ਜਾਣ ਦਾ ਜਿਹੜਾ ਦੁਖ ਸੀ, ਗੋਖੜੂ ਹੱਥ ਵਿਚ ਆਉਂਦਿਆਂ ਬਹੁਤ ਘੱਟ ਗਿਆ। ਅੱਲ੍ਹਾ ਤੇ ਪੱਥਰ ਵਿਚ ਵੀ ਕੀੜੇ ਨੂੰ ਰੋਜ਼ੀ ਦਿੰਦਾ ਏ, ਤੇ ਥਾਣੇਦਾਰ ਸ਼ੇਖ਼ ਦਾ ਰਿਜ਼ਕ ਲੱਗਾ ਈ ਏਸ ਪਿੰਡ ਵਿਚ ਹੋਇਆ ਸੀ। ਉਹ ਪੁਰਾਣਾ ਏਸ ਇਲਾਕੇ ਦਾ ਥਾਣੇਦਾਰ ਸੀ ਤੇ ਉਹਦੀ ਰੋਟੀ ਦਾ ਇਕ ਹਿੱਸਾ ਏਸ ਪਿੰਡ ਵਿੱਚੋਂ ਈ ਚੱਲ ਰਿਹਾ ਸੀ। ਬੇਈਮਾਨ ਵੀ ਉਹ ਰੱਜ ਕੇ ਸੀ ਤੇ ਵੱਢੀ ਵੀ ਉਹ ਮੰਗ ਕੇ ਲੈ ਲੈਂਦਾ। ਏਸ ਪਿੰਡ ਦੇ ਹਰ ਬੰਦੇ ਕੋਲੋਂ ਉਹ ਕੁਝ ਨਾ ਕੁਝ ਝਾੜਦਾ ਰਹਿੰਦਾ। ਏਸ ਲਈ ਈ ਉਸ ਸਿੱਧੀ ਦੀਆਂ ਕੌੜੀਆਂ ਗੱਲਾਂ ਦਾ ਵੀ ਬੁਰਾ ਨਾ ਮੰਨਿਆ। ਹੁਣ ਉਹ ਦਿਲ ਹੀ ਦਿਲ ਵਿਚ ਹਿਸਾਬ ਲਾ ਰਿਹਾ ਸੀ ਜੇ ਸਿੱਧੀ ਦੇ ਆਖਣ ਮੂਜਬ ਭੋਲਾ ਆਪ ਫਾਹਾ ਲੈ ਕੇ ਮਰਿਆ ਤਾਂ ਉਹਨੂੰ ਏਸ ਪਿੰਡ ਵਿੱਚੋਂ ਕੀ 'ਗਰਾਹੀ ਹੋਏਗੀ। ਸਾਰੇ ਪਿੰਡ ਦੀ ਥਾਂ ਹੁਣ ਦੋ ਮੁਲਜ਼ਮ ਰਹਿ ਗਏ। ਸਿੱਧੀ ਤੇ ਗਾਮਾ। ਪਰ ਅਜੇ ਵੀ ਕੀ ਪਤਾ, ਹੋਰ ਕੌਣ ਕੌਣ ਲਿਬੜੇਗਾ।

"ਗੱਲ ਕਰ ਧੀਏ ਭੈਣੇ।" ਥਾਣੇਦਾਰ ਨੇ ਪਿੰਡ ਦੇ ਸਾਹਮਣੇ ਪਿੰਡ ਦੀ ਨੂੰਹ ਨੂੰ ਮਿੱਠੇ ਹੋ ਕੇ ਪੁੱਛਣ ਦੀ ਸਿਆਣਪ ਕੀਤੀ, "ਹੁਣ ਅਗਲੀ ਘੁੰਡੀ ਵੀ ਖੋਲ੍ਹ।"

ਪਿੰਡ ਦੇ ਸਾਰੇ ਲੋਕ ਪੂਰੀਆਂ ਅੱਖਾਂ ਖੋਲ੍ਹ ਕੇ ਬੜੇ ਧਿਆਨ ਨਾਲ ਸਿੱਧੀ ਦੀ ਗੱਲ ਸੁਣ ਰਹੇ ਸਨ, ਜਿਹੜੀ ਹੌਲੀ-ਹੌਲੀ ਬੋਲ ਕੇ ਕਹਿ ਰਹੀ ਸੀ, "ਸੌ ਹੱਥ ਰੱਸਾ ਤੇ ਸਿਰੇ ਤੇ ਗੰਢ, ਗੱਲ ਬਸ ਏਨੀ ਏ ਪਈ ਮੈਨੂੰ ਤਿਲ੍ਹਕਣੀ ਗੰਢ ਨਹੀਂ ਦੇਣੀ ਆਉਂਦੀ ਤੇ ਬੱਸ ਸਾਰਾ ਫ਼ਸਾਦ ਏਸ ਈ ਗੱਲ ਨੇ ਪਾਇਆ। ਮੈਂ ਮਰਨਾ ਸੀ ਤੇ ਉਹ ਵੀ ਫਾਹ ਲੈ ਕੇ। ਘਰੋਂ ਪੰਜਾਲੀ ਨਾਲੋਂ ਮੈਂ ਨਹਿਣ (ਰੱਸਾ) ਖੋਲ੍ਹਿਆ ਤੇ ਬਾਹਰ ਨੂੰ ਟੁਰ ਪਈ। ਸਕੂਲ ਵਾਲਾ ਪਿੱਪਲ ਪਿੰਡੋਂ ਹਟ ਕੇ ਵੀ ਸੀ ਤੇ ਇਹਦੇ ਟਹਿਣ ਵੀ ਨੀਵੇਂ ਸਨ। ਪਿੱਪਲ ਥੱਲੇ ਆ ਕੇ ਮੈਂ ਰੱਸਾ ਖੋਲ੍ਹਿਆ, ਉਦੋਂ ਨਾਲ ਦੇ ਪਿੰਡੋਂ ਭੋਲਾ ਭਰਾਈ ਢੋਲ ਵਜਾ ਕੇ ਲੋਕਾਂ ਨੂੰ ਸਰਘੀ ਲਈ ਜਗਾ ਰਿਹਾ ਸੀ, ਉਸ ਪਿੰਡੋਂ ਭੋਲੇ ਸਿੱਧਾ ਸਾਡੇ ਪਿੰਡ ਆਉਣਾ ਸੀ। ਉਹਦਾ ਰਾਹ ਵੀ ਸਾਡੇ ਪਿੰਡ ਵਿਚ ਵੜਨ ਵਾਲਾ, ਏਸ ਪਿੱਪਲ ਦੇ ਥੱਲਿਉਂ ਦੀ ਲੰਘਦਾ

Academy of the Punjab in North America: http://www.apnaorg.com



ਸੀ। ਉਹਦੇ ਢੋਲ ਦੀ 'ਵਾਜ ਨੇੜੇ ਆ ਰਹੀ ਸੀ, ਪਰ ਅਜੇ ਉਹ ਨਾਲ ਦੇ ਪਿੰਡ ਈ ਸੀ। ਉਹਨੂੰ ਆਉਂਦਿਆਂ ਅਜੇ ਚੰਗੀ ਘੜੀ ਲੱਗਣੀ ਸੀ, ਤੇ ਮੈਂ ਉਦੋਂ ਤਕ ਆਪਣੇ ਕੰਮ ਤੋਂ ਵਿਹਲੀ ਵੀ ਹੋ ਗਈ ਹੋਣਾ ਸੀ। ਦੋ ਤਿੰਨ ਵਾਰ ਰੱਸਾ ਟਹਿਣ ਉੱਤੇ ਸੁੱਟਿਆ ਤਾਂ ਕਿਧਰੇ ਜਾ ਕੇ ਰੱਸਾ ਟਹਿਣ ਨੂੰ ਪਿਆ। ਰੱਸੇ ਦਾ ਲਮਕਦਾ ਸਿਰਾ ਫੜ ਕੇ ਮੈਂ ਥੱਲੇ ਖਿੱਚ ਲਿਆ ਤੇ ਦੋਵੇਂ ਸਿਰੇ ਫੜ ਕੇ ਜਿਉਂ ਖਲੋਤੀ, ਜਿਉਂ ਲੱਗੀ ਗੰਢਾਂ ਦੇਣ ਪਰ ਮੈਨੂੰ ਤਿਲ੍ਹਕਣੀ ਗੰਢ ਨਹੀਂ ਸੀ ਦੇਣੀ ਆਉਂਦੀ। ਗੰਢਾਂ ਵੀ ਦੋ ਦੇਣੀਆਂ ਸਨ। ਇਕ ਉੱਤੇ ਟਹਿਣ ਨਾਲ ਤੇ ਇਕ ਥੱਲੇ ਵਾਲੀ ਗੰਢ ਦਾ ਗਲਾਵਾਂ ਧੌਣ ਨੂੰ ਪਾ ਕੇ ਟਹਿਣ ਨਾਲ ਲਮਕ ਜਾਣਾ ਸੀ ਤੇ ਬੱਸ। ਪਰ ਮੈਂ ਕੱਚੀ ਜਹਾਨ ਦੀ। ਨਾ ਮੈਨੂੰ ਗੰਢਾਂ ਮਾਰਨੀਆਂ ਆਉਂਦੀਆਂ ਸਨ, ਨਾ ਹੀ ਲਮਕ ਕੇ ਫਾਹ ਲੈਣ ਦਾ ਵਲ..." ਸਿੱਧੀ ਭੋਰੇ ਸਾਹ ਲੈਣ ਲਈ ਖਲੋ ਗਈ।

ਲੋਕੀਂ ਸਾਹ ਘੁੱਟੀ ਸਿੱਧੀ ਦੀ ਗੱਲ ਸੁਣ ਰਹੇ ਸਨ, ਜਿਹੜੀ ਪਿੰਡ ਦੀ ਬੜੀ ਸੁਖੀ, ਬੜੀ ਸੌਖੀ, ਬੜੀ ਸੁਘੜ ਤੇ ਬੜੀ ਭਾਗਵਾਨ ਗਿਣੀ ਜਾਂਦੀ ਸੀ।

ਸਿੱਧੀ ਗੱਲ ਟੋਰਨ ਲੱਗੀ ਸੀ, ਜਦੋਂ ਥਾਣੇਦਾਰ ਬੇਸਬਰੀ ਨਾਲ ਪੁੱਛਣ ਲੱਗਾ, "ਪਰ ਕੁੜੇ, ਤੂੰ ਫਾਹ ਕਿਉਂ ਲੈਣਾ ਚਾਹੁੰਦੀ ਸੈਂ ? ਇਹ ਤਾਂ ਜੁਰਮ ਏ।"

"ਹੋਵੇਗਾ ਜੁਰਮ," ਸਿੱਧੀ ਦਲੇਰੀ ਨਾਲ ਕਹਿਣ ਲੱਗੀ, "ਮੈਂ ਫਾਹ ਕਿਉਂ ਲੈਣ ਲੱਗੀ ਸਾਂ ਮੇਰੇ ਘਰ ਦੀ ਗੱਲ ਏ। ਤੁਹਾਨੂੰ ਤਾਂ ਮੈਂ ਦੱਸਣੋਂ ਰਹੀ, ਨਾ ਹੀ ਤੁਹਾਨੂੰ ਏਸ ਗੱਲ ਦੀ ਕੋਈ ਲੋੜ ਏ।"

"ਭਲਾ ਨਾ ਸਹੀ।" ਥਾਣੇਦਾਰ ਗੱਲ ਸੁਣਨ ਦੇ ਸ਼ੌਕ ਵਿਚ ਕਹਿਣ ਲੱਗਾ, "ਫੇਰ ?"

"ਫੇਰ।" ਸਿੱਧੀ ਹੌਕਾ ਭਰ ਕੇ ਬੋਲੀ, "ਮੈਂ ਅਜੇ ਰੱਸੇ ਨੂੰ ਪੁੱਠੀਆਂ ਸਿੱਧੀਆਂ ਗੰਢਾਂ ਮਾਰ ਰਹੀ ਸਾਂ ਤੇ ਭੋਲਾ ਭਰਾਈ ਆ ਗਿਆ। ਪੰਦਰ੍ਹਵੀਂ ਰਾਤ ਦੇ ਚੰਨ ਦੀ ਲੋਅ ਤੇ ਪਿੱਪਲ ਦੇ ਛੌਰੇ ਵਿਚ ਖਲੋਤਿਆਂ ਮੈਨੂੰ ਉਸ ਵੇਲੇ ਵੇਖ ਕੇ ਇਕ ਵਾਰ ਤਾਂ ਉਹ ਡਰ ਗਿਆ। ਪਰ ਮੈਂ ਉਹਨੂੰ ਦੱਸਿਆ ਭਈ ਮੈਂ ਕੌਣ ਆਂ ? ਤੇ ਉਥੇ ਉਸ ਵੇਲੇ ਕਿਸ ਮੁਸੀਬਤ ਨੂੰ ਫੜੀ ਖਲੋਤੀ ਆਂ। ਭੋਲਾ ਭਲਾ ਲੋਕ, ਨੇਕ ਆਦਮੀ ਸਾਡੇ ਘਰਾਂ ਤੋਂ ਖਾਣ ਵਾਲਾ, ਕਦੇ ਉਤਾਂਹ ਕਰ ਕੇ ਨਾ ਵੇਖਣ ਵਾਲਾ, ਮੈਨੂੰ ਮੇਰੇ ਇਰਾਦੇ ਤੋਂ ਮੋੜਦਾ ਰਿਹਾ, ਸਮਝਾਉਂਦਾ ਰਿਹਾ, ਤਰਲਾ ਮਿੰਨਤ ਵੀ ਕਰਦਾ ਰਿਹਾ ਤੇ ਮੈਂ ਵਾਸਤੇ ਪਾਉਂਦੀ, ਤਰਲੇ ਮਾਰਦੀ ਰਹੀ, ਪਈ ਉਹ ਰੱਸੇ ਨੂੰ ਗੰਢਾਂ ਦੇ ਦੇਵੇ ਤੇ ਮੈਨੂੰ ਫਾਹਾ ਲੈਣ ਦਾ ਵਲ ਦੱਸ ਦੇਵੇ। ਮੈਂ ਉਹਨੂੰ ਰੱਬ ਰਸੂਲ ਦਾ ਵਾਸਤਾ ਦਿੱਤਾ ਤੇ ਆਪਣੇ ਗੋਖੜੂ ਹੱਥਾਂ ਵਿੱਚੋਂ ਲਾਹ ਕੇ ਉਹਦੇ ਹੱਥ ਫੜਾ ਦਿੱਤੇ, ਭੋਲਾ ਇਨਕਾਰ ਨਾ ਕਰ ਸਕਿਆ ਤੇ ਮੰਨ ਗਿਆ। ਉਸ ਆਪਣੀ ਪੱਗ ਦਾ ਇਕ ਸਿਰਾ ਪਾੜ ਕੇ ਗੋਖੜੂ ਉਹਦੇ ਵਿਚ ਬੱਧੇ ਤੇ ਆਪਣੇ ਕੁੜਤੇ ਦੇ ਅੰਦਰਲੇ ਬੋਝੇ ਵਿਚ ਪਾ ਕੇ ਉਸ ਢੋਲ ਗਲੋਂ ਲਾਹ ਕੇ ਭੋਇੰ ਤੇ ਰੱਖਿਆ। ਡੱਗੋਰੀ ਹੱਥੋਂ ਰੱਖ ਕੇ ਉਸ ਰੱਸੇ ਦੇ ਇਕ ਸਿਰੇ ਨੂੰ ਤਿਲ੍ਹਕਣੀ ਗੰਢ ਦੇ ਕੇ ਰੱਸਾ ਖਿੱਚਿਆ। ਤਿਲ੍ਹਕਣੀ ਗੰਢ ਉਤਾਂਹ ਚੜ੍ਹ ਗਈ ਤੇ ਟਹਿਣ ਨਾਲ ਜਾ ਕੇ ਚੰਬੜ ਗਈ। ਰੱਸੇ ਦੇ ਦੂਜੇ ਸਿਰੇ ਨੂੰ ਮੇਰੇ ਕੱਦ, ਭੋਇੰ ਨਾਲ ਹੇਠੋਂ ਉੱਤੋਂ ਨਾਪ ਕੇ ਉਸ ਬੜੀ ਸਮਝਦਾਰੀ ਨਾਲ

"ਇਹ ਗੱਲ ਪੱਥਰ ਤੇ ਲੀਕ ਏ।" ਅੱਜ ਵਾਲੇ ਬਾਬੇ ਦੀ ਗੱਲ ਟੋਕ ਕੇ ਕਿਹਾ, "ਅਸੀਂ ਗੱਲ ਚੋਰੀ ਲੱਭਣ ਦੀ ਪਏ ਕਰਦੇ ਆਂ, ਚੋਰੀ ਕਰਨ ਦੀ ਨਹੀਂ ਤੇ ਨਾ ਹੀ ਇਹ ਕਿ ਚੋਰੀ ਕਿਉਂ ਕੀਤੀ ਜਾਂਦੀ ਏ।"

ਬਾਬੇ ਟੋਕੇ ਜਾਵਣ ਦਾ ਬੁਰਾ ਮੰਨਿਆ ਵੀ, ਤੇ ਜ਼ਾਹਰ ਨਾ ਕੀਤਾ। ਹੱਸ ਕੇ ਬੋਲਿਆ, "ਮੈਂ ਓਧਰ ਈ ਟੁਰਿਆ ਆਉਂਦਾ ਸਾਂ, ਡੇਢ ਕਰੋੜ ਵਰ੍ਹਿਆਂ ਦੀਆਂ ਗੱਲਾਂ ਨਾਲ ਭਰੇ ਹੋਏ ਆਪਣੇ ਵਿਹੜੇ ਵਿੱਚੋਂ ਇਕ ਗੱਲ ਚੁੱਕ ਕੇ ਕੱਢਣ ਲਈ ਵੀ ਤੇ ਕੁਝ ਵਕਤ ਚਾਹੀਦਾ ਏ।"

"ਠੀਕ ਐ!" ਚੜ੍ਹਦੇ ਵੱਲੋਂ ਆਉਣ ਵਾਲੇ ਨੇ ਬਾਬੇ ਦੀ ਗੱਲ ਦੀ ਹਮਾਇਤ ਕੀਤੀ ਤੇ ਅੱਜ ਵਾਲੇ ਵੱਲ ਵੇਖ ਕੇ ਕਹਿਣ ਲੱਗਾ, "ਇਕ ਤੇ ਇਹ ਹਰ ਗੱਲ ਵਿਚ ਬੜੀ ਛੇਤੀ ਕਾਹਲਾ ਪੈ ਜਾਂਦਾ ਏ।"

"ਛੋਟਾ ਤੇ ਥੋੜ੍ਹ-ਦਿਲਾ ਜੋ ਹੋਇਆ!" ਅੱਜ ਵਾਲੇ ਨਮੋਸ਼ੀ ਨਾਲ ਕਿਹਾ—"ਚਲੋ ਗੱਲ ਕਰੋ, ਹੁਣ ਮੈਂ ਵਿਚ ਨਹੀਂ ਬੋਲਦਾ!"

"ਜੰਮ ਜੰਮ ਕੇ ਬੋਲ ਜਵਾਨਾ! ਤੂੰ ਤੇ ਸਾਡੀ 'ਵਾਜ ਐਂ!"

ਲਹਿੰਦੇ ਵਾਲੇ ਨੇ ਅੱਜ ਵਾਲੇ ਦੀ ਸ਼ਰਮਸਾਰੀ ਮਿਟਾਉਣ ਦਾ ਚਾਰਾ ਕਰਦਿਆਂ ਆਖਿਆ—"ਹੁਣ ਮੈਂ ਆਉਨਾ ਗੱਲ ਵੱਲ!"

"ਚਲੋ!" ਚੜ੍ਹਦੇ ਵਾਲੇ ਥੋਰੇ ਹੁੰਗਾਰਾ ਭਰਿਆ। ਬਾਬਾ ਕਹਿਣ ਲੱਗਾ, "ਰਾਹ ਦੇ ਨਾਲ ਇਕ ਢਾਰੀ ਸੀ ਕਿਸੇ ਦੀ। ਖੁਰਲੀਆਂ ਉੱਤੇ ਮਾਲ ਡੰਗਰ ਬੱਧਾ ਹੋਇਆ। ਦੋ ਚਾਰ ਮੰਜੀਆਂ ਟਾਹਲੀਆਂ ਦੀ ਛਾਵੇਂ ਪਈਆਂ ਹੋਈਆਂ ਪਰ ਬੰਦੇ ਉਥੇ ਕੋਈ ਨਾ। ਇਕ ਬੁੱਢਾ ਬਾਬਾ ਡੰਗੋਰੀ ਦੇ ਆਸਰੇ ਹੌਲੀ ਹੌਲੀ ਰਿੜ੍ਹਿਆ ਜਾਂਦਾ ਸੀ। ਰਾਹੀ ਬਹੁਤ ਹੀ ਬੁੱਢਾ ਸੀ। ਉਹਦਾ ਸਿਰ ਤੇ ਹੱਥ ਕਿਸੇ ਬਿਮਾਰੀ ਨਾਲ ਉਹਦੇ ਤੋਂ ਬੇਕਾਬੂ ਹੋ ਕੇ ਹਿੱਲੀ ਜਾਂਦੇ, ਲੱਕ ਝੁਕ ਕੇ ਕਮਾਨ ਵਾਂਙੂ ਦੂਹਰਾ ਹੋ ਗਿਆ ਹੋਇਆ, ਖੱਲ ਹੱਡੀਆਂ ਦੇ ਨਾਲ ਚੰਬੜੀ ਹੋਈ, ਮਾੜੇ ਸਰੀਰ ਦਾ ਭਾਰ ਵੀ ਮਾੜੀਆਂ ਛਿਲਤ ਵਰਗੀਆਂ ਲੱਤਾਂ ਚੁੱਕਣ ਤੋਂ ਆਰੀ, ਜੇ ਹੱਥ ਵਿਚ ਡੰਗੋਰੀ ਨਾ ਹੋਵੇ ਤੇ ਭਾਵੇਂ ਟੁਰ ਈ ਨਾ ਸਕੇ। ਲੰਘਦਿਆਂ ਢਾਰੀ ਵੱਲ ਧਿਆਨ ਜੁ ਮਾਰਿਆ ਸੂ—ਇਕ ਨਵੀਂ ਨਕੋਰ ਮੰਜੀ ਨਜ਼ਰੀਂ ਪਈ। ਨਵੇਂ ਰਾਂਗਲੇ ਪਾਵੇ, ਮੁੰਜ ਦੇ ਮਹੀਨ ਤੇ ਵਾਲਾਂ ਵਾਂਙ ਬਰੀਕ ਵਾਣ ਦੀ ਉਣੀ ਹੋਈ, ਚਿੱਟੇ ਸੂਤਰ ਦੀ ਦੌਣ ਵਿੱਚੋਂ ਝਾਤੀਆਂ ਮਾਰਦੇ ਰੰਗੀਨ ਸੇਰੂ...ਛੈਲ ਛਬੀਲੀ ਨਾਰ ਵਾਂਙ ਕੱਸੀ ਕਸਾਈ ਤੇ ਅੱਖਾਂ ਵਿਚ ਖੁੱਭ ਜਾਵਣ ਵਾਲੀ ਮੰਹਣੀ। ਰਾਹੀ ਆਪਣੀ ਡੰਗੋਰੀ ਉੱਤੇ ਦੋਹਾਂ ਹੱਥਾਂ ਦਾ ਆਸਰਾ ਕਰ ਕੇ ਇਕ ਵਾਰ ਸਿੱਧਾ ਖਲੋ ਗਿਆ ਤੇ ਬਾਜ਼ ਵਾਂਙ ਚਾਰ ਚੁਫੇਰੇ ਧਿਆਨ ਫੇਰਿਓ ਸੂ। ਪਰ ਨਾ ਆਦਮ ਨਾ ਆਦਮ ਜ਼ਾਤ। ਉਹਦੀਆਂ ਅੱਖਾਂ ਚਮਕੀਆਂ ਤੇ ਬੈਠੇ ਸ਼ਿਕਾਰ ਵੱਲ ਸ਼ਹਿ ਲਾ ਕੇ ਹੌਲੀ ਹੌਲੀ ਪੋਲੇ ਪੋਲੇ ਪੈਰੀਂ ਟੁਰਦੇ ਬਾਹਰਲੇ ਬਿੱਲੇ ਵਾਂਙੂ ਟੁਰਿਆ। ਫੇਰ ਉਹ ਇਕ ਧਰੱਕ ਮਾਰ ਕੇ ਮੰਜੀ ਦੇ ਕੋਲ ਜਾ ਖਲੋਤਾ। ਫੇਰ ਇਕ ਲੰਮਾ ਸਾਹ ਲੈ ਕੇ ਹੌਲੀ ਜਿਹੀ ਮੰਜੀ ਉੱਤੇ ਬਹਿ ਗਿਆ ਤੇ ਪਿਆਰ ਨਾਲ ਹੌਲੀ ਹੌਲੀ ਉਹਦੀਆਂ ਸੰਘੀਆਂ ਉੱਤੇ ਹੱਥ ਫੇਰਨ ਲੱਗ ਪਿਆ। ਕੀ ਵਿੱਛੜ ਕੇ, ਕਿਸੇ ਮਿਲਦੇ ਹੋਏ ਆਸ਼ਕ ਨੇ ਏਨੇ ਪਿਆਰ ਨਾਲ ਆਪਣੇ ਮਹਿਬੂਬ ਦੇ ਵਾਲਾਂ ਜਾਂ ਪਿੰਡੇ ਉੱਤੇ ਹੱਥ ਫੇਰਿਆ ਹੋਣਾ ਏ? ਦੂਰੋਂ ਵੇਖਣ ਵਾਲੇ ਨੂੰ ਲੱਗਦਾ, ਕੋਈ ਥੱਕਿਆ ਟੁੱਟਿਆ



Academy of the Punjab in North America: http://www.apnaorg.com

ਰਾਹੀ ਮੰਜੀ ਵੇਖ ਕੇ ਉੱਤੇ ਜਾ ਡਿੱਗਿਆ ਏ। ਪਰ ਉਹ ਅੰਦਰੋਂ ਉਸ ਮੰਜੀ ਅੱਗੇ ਦਿਲ ਹਾਰੀ ਬੈਠਾ ਸੀ। ਮੰਜੀ ਉਹਨੂੰ ਜੋੜ ਕੇ ਆਪਣੇ ਨਾਲ ਬੰਨ੍ਹ ਲਿਆ ਹੋਇਆ ਸੀ। ਉਹ ਮੰਜੀ ਨੂੰ ਖਾ ਜਾਵਣ ਦਾ ਕੋਈ ਰਾਹ ਪਿਆ ਲੱਭਦਾ ਸੀ। ਨੈਣਾਂ ਪ੍ਰਾਣਾਂ ਵਿਚ ਭੋਰਾ ਵੀ ਸਾਹ ਸਤ ਹੁੰਦਾ ਤਾਂ ਉਹ ਮੰਜੀ ਨੂੰ ਚੁੱਕ ਕੇ ਲੈ ਜਾਂਦਾ, ਪਰ ਹਾਇ ਓ ਬੁਢੇਪਿਆ!

ਉਸ ਆਪਣੀ ਡੰਗੋਰੀ ਮੰਜੀ ਦੇ ਸੰਘੇ ਵਿਚ ਅੜਾਈ ਤੇ ਗੁੱਛੂ ਮੁੱਛੂ ਹੋ ਕੇ ਅੱਖਾਂ ਤੇ ਹੱਥ ਰੱਖ ਕੇ ਜਿਵੇਂ ਸੌਂ ਗਿਆ ਪਰ ਵਿੱਚੋਂ ਉਹ ਜਾਗਦਾ ਪਿਆ ਸੀ। ਅਖ਼ੀਰ ਉਹ ਇਕ ਲੰਮਾ ਸਾਹ ਲੈ ਕੇ ਉੱਠ ਬੈਠਾ। ਸਿਖਰ ਦੁਪਹਿਰ ਵਿਚ ਦੂਰ ਦੂਰ ਤੀਕ ਬੰਦਾ ਤੇ ਬੰਦਾ, ਕੋਈ ਜਨੌਰ ਵੀ ਨਜ਼ਰ ਨਹੀਂ ਸੀ ਆਉਂਦਾ। ਬੁੱਢੇ ਉੱਠ ਕੇ ਮੰਜੀ ਦੀ ਦੌਣ ਖੋਲ੍ਹੀ। ਦੌਣ ਦੇ ਦੋਵੇਂ ਸਿਰੇ ਪੈਂਦਾਂ ਵੱਲ ਦੇ ਸੇਰੂਆਂ ਨੂੰ ਤੇ ਪਾਵਿਆਂ ਨੂੰ ਬੱਧੇ, ਤੇ ਦੌਣ ਧੌਣ ਦੇ ਪਿੱਛੋਂ ਦੀ ਕਰ ਕੇ, ਮੋਢਿਆਂ ਤੋਂ ਦੀ ਪਾ ਕੇ ਕੱਛਾਂ ਦੇ ਹੇਠ ਦੀ ਕੱਢ ਲਈ ਤੇ ਡੰਗੋਰੀ ਫੜ ਕੇ ਬੀਂਡੀ ਜੁੱਤੇ ਸੰਢੇ ਵਾਂਙੂ ਮੰਜੇ ਨੂੰ ਖਿੱਚਣ ਲੱਗ ਪਿਆ। ਮੰਜੀ ਘੱਟੇ ਭਰੇ ਸਿੱਧੇ ਪੱਧਰੇ ਰਾਹ ਉੱਤੇ, ਪਿੱਛੇ ਪਿੱਛੇ ਘਸੀਟਦੀ ਰਹੀ। ਬੁੱਢਾ ਰਾਹੀ ਦੋ ਪੈਰ ਟੁਰਦਾ ਤੇ ਥੱਕ ਕੇ ਖਲੋ ਜਾਂਦਾ। ਫੇਰ ਸਾਹ ਸਵਾਹਰਾ ਕਰ ਕੇ ਟੁਰ ਪੈਂਦਾ। ਦੋ ਚਾਰ ਪੈਲੀਆਂ ਦੂਰ ਜਾਂਦਿਆਂ ਉਹਨੂੰ ਜਿਵੇਂ ਅੱਧਾ ਦਿਨ ਲੱਗ ਗਿਆ ਤੇ ਮਗਰੋਂ ਸਾਈਂ ਵੀ ਖੁਰੇ ਉੱਤੇ ਟੁਰਦੇ ਟੁਰਦੇ ਸਿਰ ਤੇ ਅੱਪੜ ਗਏ। ਬੁੱਢੇ ਨੂੰ ਫੜੇ ਜਾਵਣ ਦਾ ਡਰ ਨਹੀਂ ਸੀ, ਮੰਜੀ ਨਾ ਲੈ ਜਾ ਸਕਣ ਦਾ ਹਿਰਖ ਸੀ। ਸਾਈਆਂ ਵੀ ਧੌਲੀ ਦਾੜ੍ਹੀ ਤੇ ਹੱਡੀਆਂ ਦੇ ਬੁੱਕ ਨੂੰ ਮੰਜੀ ਨਾਲ ਇੰਞ ਤਰਲੇ ਮਾਰਦਿਆਂ ਵੇਖਿਆ ਤੇ ਹੱਸ ਪਏ। ਇਕ ਨੇ ਕਿਹਾ, "ਬਾਬਾ! ਹੁਣ ਤੇਰੇ ਇਹੋ ਜਿਹੀ ਮੰਜੀ ਤੇ ਸੌਣ ਦੇ ਕਿਹੜੇ ਦਿਨ ਨੇ? ਚੋਰੀ ਦੀ ਗਵਾਹੀ ਖੁਰਾ ਦੇਂਦਾ ਏ। ਜਿੰਨਾ ਚੋਰ ਉਸਤਾਕਾਰ ਹੁੰਦਾ ਏ ਓਦੂੰ ਵੱਧ ਉਸਤਾਕਾਰ ਖੋਜੀ ਉਹਨੂੰ ਅੱਪੜ ਪੈਂਦਾ ਏ। ਚੋਰ ਖੁਰਾ ਮਾਰਨ ਦੇ ਲੱਖ ਚਾਰੇ ਮਾਰਦਾ ਏ। ਰੜੇ ਤੋਂ ਦੀ ਤੁਰਦਾ ਡੰਡੀਆਂ ਵੱਟਾਂ ਤੋਂ ਲੰਘਦਾ ਡੰਗਰ ਦਰਿਆ ਵਿਚ ਪਾ ਕੇ ਕੋਹਾਂ ਦੂਰ ਪਾਣੀਓਂ ਪਾਣੀ ਸੁੱਟੀ ਜਾਂਦਾ, ਪਰ ਸਿਆਣਾ ਖੋਜੀ ਅਖ਼ੀਰ ਖੁਰਾ ਜਾ ਫੜਦਾ। ਖੋਜੀ ਆਲੇ-ਦੁਆਲੇ ਦੇ ਚੋਰਾਂ ਯਾਰਾਂ ਦਿਆਂ ਪੈਰਾਂ ਦਾ ਵੀ ਭੇਤੀ ਹੁੰਦਾ। ਪੈਰ ਵੇਖ ਕੇ ਈ ਬੰਦਾ ਲੱਭ ਲੈਂਦਾ। ਸਿਆਣ ਵਿਚ ਖੁਰਾ ਨਾ ਆਉਂਦਾ ਤੇ ਉਹਨੂੰ ਦੱਬ ਲੈਂਦਾ ਤੇ ਅਖ਼ੀਰ ਸ਼ੱਕ ਵਾਲੇ ਨੂੰ ਫੜ ਕੇ ਖੁਰੇ ਤੇ ਚਾੜ੍ਹ ਲੈਂਦਾ। ਹਜ਼ਾਰਾਂ ਲੱਖਾਂ ਵਰ੍ਹਿਆਂ ਤੋਂ ਇੰਞ ਹੀ ਖੁਰੇ ਰਾਹੀਂ ਚੋਰੀਆਂ ਲੱਭਦੀਆਂ ਰਹੀਆਂ, ਪਰ ਪੱਕੀਆਂ ਸੜਕਾਂ ਖੁਰਿਆਂ ਦੀਆਂ ਦੁਸ਼ਮਣ ਨਿਕਲੀਆਂ। ਹੁਣ ਮਾਲ ਡੰਗਰ ਪੱਕੀ ਸੜਕ ਤੇ ਚਾੜ੍ਹ ਕੇ ਟਰੱਕ ਵਿਚ ਸੁੱਟ ਤੇ ਜਿਥੇ ਮਰਜ਼ੀ ਲੈ ਜਾਉ। ਇਕ ਜ਼ਿਲ੍ਹੇ ਵਿੱਚੋਂ ਦੂਜੇ ਜ਼ਿਲ੍ਹੇ ਵਿਚ ਤੇ ਇਕ ਸੂਬੇ ਵਿੱਚੋਂ ਦੂਸਰੇ ਸੂਬੇ ਵਿਚ। ਪੱਕੀਆਂ ਸੜਕਾਂ ਤੇ ਚੋਰਾਂ ਦੀਆਂ ਸਾਥੀ ਨਿਕਲੀਆਂ!"

ਬਾਬੇ ਨੇ ਹੌਕਾ ਭਰ ਕੇ ਆਪਣੀ ਲੰਮੀ ਚਿੱਟੀ ਦਾੜ੍ਹੀ ਤੇ ਹੱਥ ਫੇਰਿਆ ਤੇ ਚੁੱਪ ਕਰ ਗਿਆ। ਬੋਦਿਆਂ ਵਿਚ ਕੰਘੀ ਕਰ ਕੇ ਅੱਜ ਵਾਲੇ ਨੇ ਆਪਣੀ ਗੱਲ ਸ਼ੁਰੂ ਕੀਤੀ: "ਮੇਰੇ ਆਏ ਪ੍ਰਾਹੁਣੇ ਸ਼ਹਿਰੋਂ, ਦੋ ਮੇਰੇ ਸਾਕ ਪੱਕੀ ਬੈਠਕ ਵਿਚ ਬੈਠਿਆਂ, ਇਕ ਮੇਰੇ ਨੌਕਰ ਤੇ ਦੋ ਆਪਣੀ ਪੱਤੀ ਦੇ ਮੁੰਡਿਆਂ ਸਾਹਮਣੇ ਉਹਨਾਂ ਸਲਵਾਰਾਂ ਕਮੀਜ਼ਾਂ ਲਾਹ ਕੇ ਆਪਣੇ ਆਪਣੇ ਬਰੀਫ਼ ਕੇਸਾਂ ਵਿੱਚੋਂ ਚਾਦਰਾਂ ਕੁੜਤੇ ਕੱਢੇ ਤੇ ਪਾਏ। ਇਕ ਜਣੇ ਆਪਣੇ ਬੋਝੇ ਵਿੱਚੋਂ 2000 ਰੁਪਇਆ ਕੱਢ ਕੇ ਆਪਣੇ ਬਰੀਫ਼ ਕੇਸ ਵਿਚ ਰੱਖਿਆ

ਦੂਸਰੀ ਤਿਲ੍ਹਕਣੀ ਗੰਢ ਮਾਰੀ ਤੇ ਰੱਸੇ ਦਾ ਗੰਢ ਵਾਲਾ ਗਲਾਵਾਂ ਖੁੱਲ੍ਹਾ ਕਰ ਕੇ ਮੇਰੇ ਵੱਲ ਵਧਾਇਆ, 'ਬੱਸ ਬੀਬੀ ਕਿਸੇ ਉੱਚੀ ਥਾਂ ਖਲੋ ਕੇ ਇਹ ਗਲਾਵਾਂ ਗਲ ਵਿਚ ਪਾ ਕੇ ਜ਼ਰਾ ਘੁੱਟ ਲਵੀਂ ਤੇ ਫੇਰ ਠਾਂਹ ਲਮਕ ਪਵੀਂ। ਰੱਬ ਚਾਹਿਆ ਤੇ ਤੇਰਾ ਕੰਮ ਹੋ ਜਾਏਗਾ।'

"ਮੈਨੂੰ ਗੱਲ ਦੀ ਸਮਝ ਨ ਆਈ, ਕਿਥੇ ਖਲੋ ਕੇ ਕਿਵੇਂ ਠਾਂਹ ਲਮਕ ਪਵਾਂ ? ਮੈਂ ਆਖਿਆ, 'ਵੇ ਵੀਰ! ਜਿਊਂਦਾ ਵਸਦਾ ਰਵ੍ਹੇਂ, ਗੱਲ ਮੇਰੇ ਪੱਲੇ ਨਹੀਂ ਪਈ, ਫੇਰ ਦੱਸ।'

"ਤੇ ਉਹ ਜੁੱਤੀ ਲਾਹ ਕੇ ਆਪਣੇ ਢੋਲ ਉੱਤੇ ਖਲੋ ਗਿਆ। 'ਇੰਞ ਥੱਲੇ ਅੱਠ ਦਸ ਇੱਟਾਂ ਰੱਖ ਲਵੀਂ ਭੈਣ ਮੇਰੀਏ ਤੇ ਇੱਟਾਂ ਸਕੂਲ ਵਾਲੇ ਨਲਕੇ ਅੱਗੇ ਬੜੀਆਂ ਪਈਆਂ ਨੇ।'

"ਫੇਰ ਢੋਲ ਉੱਤੇ ਖਲੋ ਕੇ ਉਸ ਰੱਸੇ ਵਾਲਾ ਗਲਾਵਾਂ ਆਪਣੇ ਗਲ ਵਿਚ ਪਾਇਆ ਤੇ ਗੰਢ ਤਿਲ੍ਹਕਾ ਕੇ ਘੁੱਟੀ ਜਿਵੇਂ ਘੜੇ ਦੇ ਗਲ ਨੂੰ ਲੱਜ ਦਾ ਗਲਾਵਾਂ ਪਾ ਕੇ ਘੁਟੀਦਾ ਏ। ਫੇਰ ਭੋਲਾ ਆਖ਼ਰੀ ਵਾਰ ਬੋਲਿਆ, ਕਹਿਣ ਲੱਗਾ, 'ਇੰਞ ਗਲਾਵਾਂ ਗਲ ਵਿਚ ਪਾ ਕੇ ਗੰਢ ਪੀਚਣੀ ਏ ਤੇ ਇੰਞ ਇੱਟਾਂ ਤੋਂ ਥੱਲੇ ਲਮਕ ਪੈਣਾ ਏ।' ਤੇ ਉਸ ਦੋਵੇਂ ਪੈਰ ਢੋਲ ਤੋਂ ਚੁੱਕ ਕੇ ਠਾਂਹ ਲਮਕਾਏ। ਢੋਲ ਰਿੜ੍ਹ ਕੇ ਪਰ੍ਹਾਂ ਹੋ ਗਿਆ ਤੇ ਭੋਲੇ ਦੇ ਗਲ ਦਵਾਲੇ ਤਿਲ੍ਹਕਣੀ ਗੰਢ ਘੁੱਟੀ ਗਈ। ਉਸ ਬੜੇ ਹੱਥ ਮਾਰੇ, ਪਰ ਗੰਢ ਹੋਰ ਘੁੱਟੀ ਗਈ। ਉਹਦੇ ਆਨੇ ਅੱਖਾਂ 'ਚੋਂ ਬਾਹਰ ਨਿਕਲ ਆਏ ਤੇ ਉਹਨੂੰ ਫ਼ਾਹਾ ਆ ਗਿਆ। ਉਹਦੇ ਸਰੀਰ ਦੋ-ਇਕ ਝਟਕੇ ਖਾਧੇ ਤਾਂ ਉਹਦਾ ਦਮ ਨਿਕਲ ਗਿਆ। ਉਹਦੇ ਪੈਰ ਭੋਇੰ ਤੋਂ ਹੱਥ ਉਤਾਂਹ ਇਕ ਥਾਂ ਖਲੋ ਗਏ।" ਸਿੱਧੀ ਰੋਣ ਡਹਿ ਪਈ। ਘੁੰਡ ਦੇ ਵਿੱਚੋਂ ਵੀ ਉਹਦੇ ਸੁਣੱਕੇ ਸੁਣੇ ਜਾਂਦੇ।

"ਫੇਰ ?" ਥਾਣੇਦਾਰ ਪੁੱਛਿਆ, "ਫੇਰ ਕੀ ਹੋਇਆ ?"

"ਫੇਰ ਕੀ ?" ਸਿੱਧੀ ਬੋਲੀ, "ਮੈਂ ਡਰ ਗਈ, ਮੈਂ ਉਹਨੂੰ ਬਚਾਣਾ ਚਾਹੁੰਦੀ ਸਾਂ, ਪਰ ਕੀ ਕਰ ਸਕਦੀ ਸਾਂ। ਮੈਂ ਕਿਸੇ ਨੂੰ ਫ਼ਾਹ ਲੈ ਕੇ ਮਰਦਿਆਂ ਪਹਿਲੀ ਵਾਰ ਵੇਖਿਆ ਸੀ। ਡਰ ਤੇ ਦਹਿਸ਼ਤ ਨਾਲ ਅੰਦਰੋਂ ਨਿਕਲਦੀ ਚੀਕ ਨੂੰ ਮੈਂ ਆਪਣੇ ਮੂੰਹ ਅੱਗੇ ਹੱਥ ਰੱਖ ਕੇ ਡੱਕਿਆ ਤੇ ਘਰ ਨੂੰ ਦੌੜ ਪਈ ਤੇ ਡਰਦਿਆਂ ਮੈਂ ਇਹ ਗੱਲ ਕਿਸੇ ਨਾਲ ਨਾ ਕੀਤੀ। ਆਪਣੇ ਜੱਟ ਨਾਲ ਵੀ ਨਹੀਂ।" ਸਿੱਧੀ ਫੇਰ ਰੋਣ ਲੱਗ ਪਈ।

ਇਹ ਗੱਲ ਹੱਕੀ ਸੱਚੀ ਸੀ ਤੇ ਹਰ ਬੰਦੇ ਦੇ ਮੰਨਣ ਵਿਚ ਆਉਂਦੀ ਸੀ। ਪਰ ਸ਼ੇਖ਼ ਥਾਣੇਦਾਰ ਨੇ ਇਹ ਗੱਲ ਸਿੱਧੀ ਦੇ ਦਸਾਂ ਤੋਲਿਆਂ ਦੇ ਗੋਖੜੂ ਤੇ ਪੰਜਾਹ ਰੁਪਏ ਘਰ ਪ੍ਰਤੀ ਲੈ ਕੇ ਮੰਨੀ। ਪਿੰਡ ਵਾਲਿਆਂ ਉਸ ਹਾੜ੍ਹੀ ਤੇ ਭੋਲੇ ਭਰਾਈ ਦੇ ਵਾਰਸਾਂ ਨੂੰ ਇਕ ਭਰੀ ਕਣਕ ਘਰ ਪ੍ਰਤੀ ਦੀ ਥਾਂ ਇਕ ਪੰਡ ਕਣਕ ਘਰ ਪ੍ਰਤੀ ਦਿੱਤੀ ਤੇ ਭੋਲੇ ਦੇ ਕਫ਼ਨ ਦਾ ਖ਼ਰਚਾ ਵੀ।



## ਖੁਰਾ

ਅੱਜ ਦੇ ਰੱਕੜ ਵਿਚ ਬੈਠੇ ਤਿੰਨ ਆਦਮੀਆਂ ਦੇ ਸਿਰ ਉੱਤੇ ਖਲੋਤੇ ਚੌਧਵੀਂ ਰਾਤ ਦੇ ਚੰਨ ਦੀ ਚਾਨਣੀ ਨੇ ਦਿਨ ਚਾੜ੍ਹਿਆ ਹੋਇਆ ਸੀ। ਦੂਰ ਦੂਰ ਤੀਕ ਹਰ ਸ਼ੈਅ ਸਾਫ਼ ਨਜ਼ਰੀਂ ਪਈ ਆਉਂਦੀ ਸੀ। ਲਹਿੰਦੇ ਤੋਂ ਆਉਣ ਵਾਲਾ ਚੜ੍ਹਦੇ ਵੱਲ ਮੂੰਹ ਕਰਕੇ ਬੈਠਾ ਹੋਇਆ ਸੀ ਤੇ ਚੜ੍ਹਦੇ ਤੋਂ ਆਉਣ ਵਾਲੇ ਦਾ ਮੂੰਹ ਲਹਿੰਦੇ ਵੱਲ ਸੀ। ਵਿਚਕਾਰ ਅੱਜ ਵਾਲਾ ਬੈਠਾ ਹੋਇਆ, ਕਦੇ ਲਹਿੰਦੇ ਵੱਲ ਤੇ ਕਦੇ ਚੜ੍ਹਦੇ ਵੱਲ ਪਿਆ ਵੇਖਦਾ। ਲਹਿੰਦੇ ਚੜ੍ਹਦੇ ਵੱਲੋਂ ਦੋ ਰਾਹ ਉਸ ਰੱਕੜ ਵਿਚ ਆ ਕੇ ਮੁੱਕਦੇ। ਜਾਂ ਖ਼ੌਰੇ ਉਹ ਦੋਵੇਂ ਰਾਹ ਉਸ ਰੱਕੜ ਵਿੱਚੋਂ ਨਿਕਲਦੇ ਤੇ ਪਤਾ ਨਹੀਂ ਕਿਥੋਂ ਤੀਕ ਦੂਰ ਚਲੇ ਜਾਂਦੇ ? ਲਹਿੰਦੇ ਚੜ੍ਹਦੇ ਵਾਲਾ ਆਪਣੇ ਆਪਣੇ ਰਾਹੇ ਆਉਂਦਾ, ਪਰ ਅੱਜ ਵਾਲਾ ਕਿਤੋਂ ਵਿੱਚੋਂ ਈ ਨਿਕਲ ਆਉਂਦਾ ਤੇ ਆ ਕੇ ਉਹਨਾਂ ਦੇ ਵਿਚਕਾਰ ਬਹਿ ਜਾਂਦਾ। ਉਹ ਤਿੰਨੇ ਬੰਦੇ, ਹਰ ਚੰਨ ਦੀ ਚੌਧਵੀਂ ਵਾਲੀ ਰਾਤ ਇਕੱਠੇ ਹੁੰਦੇ, ਘੜੀ ਪਲ ਬਹਿ ਕੇ ਆਪਣੇ ਆਪਣੇ ਢਿੱਡ ਫੋਲਦੇ ਤੇ ਦਿਨ ਦੀ ਲੋਅ ਲੱਗਣ ਤੋਂ ਪਹਿਲਾਂ ਆਪਣੇ ਆਪਣੇ ਰਾਹ ਫੜਦੇ ਤੇ ਅਗਾਂਹ ਹੁੰਦੇ। ਉਹ ਗੱਲਾਂ ਕੀ ਕਰਦੇ ? ਕੁਝ ਵੀ ਨਾ, ਤੇ ਸਭ ਕੁਝ ਈ। ਉਹ ਕਿਸੇ ਗੱਲ ਦਾ ਸਿਰਾ ਫੜ ਲੈਂਦੇ ਤੇ ਸਾਰੇ ਉਸ ਤੰਦ ਤੇ ਈ ਟੁਰੇ ਰਹਿੰਦੇ ਪਰ ਹਰ ਕੋਈ ਆਪੋ-ਆਪਣੇ ਢੰਗ ਨਾਲ ਟੁਰਦਾ ਤੇ ਆਪੋ-ਆਪਣੀ ਗੱਲ ਕਰਦਾ। ਉਹਨਾਂ ਦੀ ਗੱਲ ਇਕ ਦੂਜੀ ਗੱਲ ਨਾਲ ਇੰਞ ਜੁੜੀ ਹੁੰਦੀ ਜਿਵੇਂ ਉਹ ਆਪ ਇਕ ਦੂਜੇ ਨਾਲ ਜੁੜੇ ਹੋਏ ਸਨ। ਕੀ ਜਾਣ ਵਾਲੀ ਕੱਲ੍ਹ, ਅੱਜ, ਤੇ ਆਉਣ ਵਾਲੀ ਕੱਲ੍ਹ ਇਕ ਦੂਜੇ ਨਾਲ ਜੁੜੀਆਂ ਨਹੀਂ ਹੁੰਦੀਆਂ ? ਉਸ ਰਾਤ ਉਹ ਚੋਰੀ ਕਰਨ ਨਹੀਂ, ਚੋਰੀ ਲੱਭਣ ਦੀ ਗੱਲ ਕਰ ਰਹੇ ਸਨ।

ਲਹਿੰਦੇ ਵੱਲੋਂ ਆਉਣ ਵਾਲੇ ਬਾਬੇ ਨੇ ਆਪਣੀ ਲੰਮੀ ਤੇ ਸਾਰੀ ਚਿੱਟੀ ਦਾੜ੍ਹੀ ਵਿਚ ਉਂਗਲਾਂ ਨਾਲ ਕੰਘੀ ਕਰਦਿਆਂ ਹੋਇਆਂ ਗੱਲ ਸ਼ੁਰੂ ਕੀਤੀ—

"ਮੇਰੀ ਜਾਚੇ ਬੰਦੇ ਨੇ ਪਹਿਲੀ ਵਾਰੀ ਚੋਰੀ ਰੋਟੀ ਦੇ ਚੱਪੇ ਦੀ ਕੀਤੀ ਹੋਏਗੀ ਤੇ ਉਹ ਵੀ ਆਪਣੇ ਢਿੱਡ ਦੀ ਭੁੱਖ ਦਾ ਹਾਵਿਆ ਭਰਨ ਲਈ। ਗੱਲ ਏਥੇ ਈ ਖਲੋ ਜਾਂਦੀ ਤੇ ਚੰਗਾ ਹੀ ਹੁੰਦਾ। ਪਰ ਭੁੱਖ ਵਿੱਚੋਂ ਭੁੱਖ ਨਿਕਲਦੀ ਏ, ਜਿਵੇਂ ਦੁਖ ਵਿੱਚੋਂ ਦੁਖ ਨਿਕਲਦਾ ਏ। ਢਿੱਡ ਦੀ ਭੁੱਖ ਵਿੱਚੋਂ ਜੀਉਣ ਲਈ ਲੋੜੀਂਦੀ ਵਸਤ ਦੀ ਭੁੱਖ ਨਿਕਲੀ ਤੇ ਫੇਰ ਉਸ ਭੁੱਖ ਵਿੱਚੋਂ ਮਾਲ-ਜ਼ਰ ਦੀ ਭੁੱਖ, ਫੇਰ ਹੋਰ ਭੁੱਖ, ਹੋਰ ਭੁੱਖ !! ਜਿੰਨਾ ਮਾਲ-ਜ਼ਰ ਵਧਦਾ ਜਾਂਦਾ ਏ, ਉਨੀ ਇਹਦੀ ਭੁੱਖ ਹੋਰ ਵਧਦੀ ਜਾਂਦੀ ਏ...।"

Academy of the Punjab in North America: http://www.apnaorg.com

ਤੇ ਪਾਣੀ-ਧਾਣੀ ਪੀ ਕੇ ਅਸੀਂ ਟਿਊਬਵੈੱਲ ਤੇ ਨਹਾਉਣ ਚਲੇ ਗਏ। ਸ਼ਾਮ ਨੂੰ ਪਤਾ ਲੱਗਾ, ਬਰੀਫ਼ ਕੇਸ ਵਿੱਚੋਂ 2000 ਰੁਪਇਆ ਨਿਕਲ ਗਿਆ। ਨੌਕਰ ਸਾਡੇ ਮਗਰੋਂ ਘਰ ਚਲਾ ਗਿਆ, ਟੁੱਕਰ ਪਾਣੀ ਲਈ ਤੇ ਮਗਰੋਂ ਉਹਨੂੰ ਨਹੀ ਪਤਾ ਕੀ ਹੋਇਆ। ਮੈਂ ਉਹਨਾਂ ਦੋਹਾਂ ਮੁੰਡਿਆਂ ਨੂੰ ਸੱਦ ਕੇ ਟੋਲਿਆ। ਦੋਵੇਂ ਮੁੱਕਰ ਗਏ। ਸਗੋਂ ਮਸੀਤੇ ਚੜ੍ਹਨ ਲਈ ਵੀ ਤਿਆਰ ਹੋ ਗਏ। ਮੈਨੂੰ ਇਹ ਪੱਕ ਸੀ ਪਈ ਚੋਰ ਉਹਨਾਂ ਦੋਹਾਂ ਵਿੱਚੋਂ ਇਕ ਹੈ ਪਰ ਉਹ ਮੰਨਣ ਨਾ, ਨਾ ਛਿੱਤਰ ਪੋਲੇ ਤੋਂ ਡਰਨ, ਨਾ ਮਸੀਤੇ ਚੜ੍ਹਨ ਤੋਂ। ਹੋਰ ਕੋਈ ਆਇਆ ਗਿਆ ਵੀ ਨਾ ਤੇ ਨਾ ਕਿਸੇ ਨੂੰ ਪਤਾ ਸੀ ਪਈ ਬਰੀਫ਼ ਕੇਸ ਵਿਚ ਪੈਸੇ ਨੇ ਜਾਂ ਬਰੀਫ਼ ਕੇਸ ਦਾ ਜਿੰਦਰਾ ਨਹੀਂ ਸੀ ਤੇ ਉਹ ਦੋਵੇਂ ਪੈਰਾਂ ਉੱਤੇ ਪਾਣੀ ਹੀ ਨਾ ਪੈਣ ਦੇਣ। ਆਖ਼ਿਰ ਮੇਰਾ ਨੌਕਰ ਆਖਣ ਲੱਗਾ, 'ਇਹਨਾਂ ਨੂੰ ਚੋਰ ਬਣਾਉ ਜਨਾਬ!'

"'ਉਹ ਕਿਵੇਂ?' ਮੈਂ ਪੁੱਛਿਆ।

"'ਕਿਸੇ ਸਿਆਣੇ ਕੋਲ ਲੈ ਚਲੋ ਇਹਨਾਂ ਨੂੰ। ਇਕ ਸ਼ਾਹ ਜੀ ਡਫਰਵਾਲ ਰਹਿੰਦਾ ਏ ਤੇ ਆਪਣੇ ਇਲਮ ਨਾਲ ਹਰ ਤਰ੍ਹਾਂ ਦੀ ਚੋਰੀ ਲੱਭ ਲੈਂਦਾ ਏ।'

"ਮੇਰੇ ਨੌਕਰ ਮੈਨੂੰ ਰਾਹ ਦਿਖਾਈ ਤੇ ਮੈਂ ਆਪਣੇ ਨੌਕਰ ਤੇ ਉਹਨਾਂ ਦੋਹਾਂ ਮੁੰਡਿਆਂ ਨੂੰ ਕਾਰ ਵਿਚ ਬਿਠਾਇਆ ਤੇ ਡਫਰਵਾਲ ਲੈ ਗਿਆ। ਡਫਰਵਾਲ ਤੋਂ ਆਪਣੇ ਇਕ ਯਾਰ ਨੂੰ ਲੈ ਲਿਆ, ਜਿਹੜਾ ਸ਼ਾਹ ਜੀ ਦਾ ਜਾਣੂ ਸੀ। ਅਸੀਂ ਸ਼ਾਹ ਜੀ ਦਾ ਬੂਹਾ ਖੜਕਾਇਆ। ਜਿਹੜੇ ਮੈਂ ਯਾਰ ਨੂੰ ਨਾਲ ਲਿਆ ਸੀ, ਗੱਲ ਅਜੇ ਮੈਂ ਉਹਨੂੰ ਵੀ ਨਹੀਂ ਸੀ ਦੱਸੀ। ਸ਼ਾਹ ਜੀ ਬੈਠਕ ਵਿਚ ਨੰਗੀ ਮੰਜੀ ਤੇ ਬੈਠਾ ਕੋਈ ਪੁਰਾਣੀ ਕਿਤਾਬ ਪੜ੍ਹ ਰਿਹਾ ਸੀ। ਮੇਰਾ ਕਿਆਫ਼ਾ ਸੀ ਕਿ ਏਡੀ ਸ਼ੁਹਰਤ ਵਾਲਾ ਬੰਦਾ ਕੋਈ ਪੀਰ ਫ਼ਕੀਰ ਹੋਏਗਾ, ਪਰ ਸ਼ਾਹ ਜੀ ਤੇ ਇਕ ਦੁਨੀਆਦਾਰ ਜਿਹਾ ਬੰਦਾ ਲੱਗਾ। ਮੁੱਛ ਦਾੜ੍ਹੀ ਸਫ਼ਾ ਚੱਟ, ਕੈਂਚੀ ਦੇ ਸਿਗਰੇਟ ਪੀਂਦਾ। ਮੈਲੇ ਜਿਹੇ ਲੀੜਿਆਂ ਵਿਚ ਉਹ ਕੋਈ ਹੱਟੀ ਵਾਲਾ ਲੱਗਦਾ ਸੀ। ਸਾਨੂੰ ਮੂੜ੍ਹੇ ਦੇ ਕੇ ਉਸ ਕਿਤਾਬ ਮੂਧੀ ਮਾਰੀ ਤੇ ਮੁੰਡੇ ਨੂੰ ਸਾਡੇ ਲਈ ਚਾਹ ਪਾਣੀ ਲਿਆਉਣ ਦਾ ਆਖ ਕੇ, ਮੰਜੀ ਉੱਤੇ ਚੌਕੜੀ ਮਾਰ ਕੇ ਬੈਠਦਿਆਂ, ਉਸ ਮੇਰੇ ਯਾਰ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ। ਮੇਰੇ ਯਾਰ ਨੇ ਮੇਰਾ ਨਾਂ ਪਤਾ ਦੱਸ ਕੇ ਮੈਨੂੰ ਕਿਹਾ, 'ਕਰੋ ਜੀ ਗੱਲ! ਦੱਸੋ ਸ਼ਾਹ ਜੀ ਨੂੰ ਸਾਰੀ ਕਹਾਣੀ।'

"ਸਿਗਰੇਟ ਦਾ ਇਕ ਲੰਮਾ ਸੂਟਾ ਮਾਰ ਕੇ ਸ਼ਾਹ ਜੀ ਇਕ ਨਜ਼ਰ ਮੇਰੇ ਵੱਲ ਵੇਖਿਆ ਤੇ ਮੇਰੇ ਯਾਰ ਨੂੰ ਕਹਿਣ ਲੱਗੇ, 'ਇਹ ਕਹਾਣੀ ਕੀ ਦੱਸਣਗੇ, ਮੈਂ ਦੱਸਨਾ ਆਂ।'

"ਮੈਂ ਬੜਾ ਹੈਰਾਨ ਹੋਇਆ। ਸ਼ਾਹ ਜੀ ਕੋਈ ਬੜੀ ਕਰਨੀ ਵਾਲਾ ਸੀ। ਉਸ ਗੱਲ ਵੀ ਨਾ ਸੁਣੀ ਤੇ ਗੱਲ ਵੀ ਲੱਭ ਲਈ।

"ਸ਼ਾਹ ਜੀ ਕਹਿਣ ਲੱਗਾ, 'ਕੱਲ੍ਹ ਤੁਹਾਡੇ ਇਕ ਪ੍ਰਾਹੁਣੇ ਦਾ ਦੋ ਹਜ਼ਾਰ ਰੁਪਇਆ ਨਿਕਲ ਗਿਆ ਏ, ਕਾਲੇ ਰੰਗ ਦੇ ਬਰੀਫ਼ ਕੇਸ ਵਿੱਚੋਂ। ਇਹੋ ਗੱਲ ਈ ਏ ਜਾਂ ਕੋਈ ਹੋਰ?'

"'ਇਹੋ ਜਨਾਬ!' ਤੀਹ ਕੋਹ ਦੂਰ ਬੈਠੇ ਸ਼ਾਹ ਜੀ ਉਹ ਗੱਲ ਬੁੱਝ ਲਈ ਜਿਹੜੀ ਅਜੇ ਮੇਰੇ ਆਪਣੇ ਘਰ ਵਾਲਿਆਂ ਨੂੰ ਵੀ ਪਤਾ ਨਹੀਂ ਸੀ। ਮੈਂ ਅਦਬ ਨਾਲ ਕਿਹਾ, 'ਇਹ ਦੋ ਜੁਲਾਹ ਮੁੰਡੇ ਤੇ ਇਕ ਮੇਰਾ ਨੌਕਰ ਉਥੇ ਸਨ। ਮੇਰਾ ਨੌਕਰ ਤੇ ਘਰ ਦਾ ਏ ਤੇ ਬੜੇ ਇਤਬਾਰ ਵਾਲਾ। ਉਹਦੇ ਸਾਹਮਣੇ ਲੱਖਾਂ ਵੀ ਹੋਣ ਤੇ ਨਜ਼ਰ ਚੁੱਕ ਕੇ ਨਾ ਵੇਖੇ। ਤੇ ਇਹ ਜੁਲਾਹ ਮੁੰਡੇ ਪਿਉ ਦਾਦਿਆਂ ਤੋਂ ਸਾਡੇ ਵਿਚ ਰਹਿੰਦੇ ਆਏ ਨੇ। ਜਿਹਦੀ



Academy of the Punjab in North America: http://www.apnaorg.com

ਚੋਰੀ ਹੋ ਜਾਵੇ ਉਹਦੇ ਲਈ ਤੇ ਸਾਰਾ ਜਹਾਨ ਚੋਰ ਹੁੰਦਾ ਏ। ਅੱਗੇ ਤੁਸੀਂ ਆਪ ਪੁੱਛ ਲਿਓ ਨੇ। ਮੈਥੋਂ ਤੇ ਨਹੀਂ ਮੰਨਦੇ, ਸਗੋਂ ਮਸੀਤੇ ਚੜ੍ਹਨ ਲਈ ਤਿਆਰ ਨੇ।'

"ਸ਼ਾਹ ਜੀ ਨੇ ਸਿਗਰੇਟ ਦੇ ਦੋ ਚਾਰ ਤੇਜ਼ ਤੇਜ਼ ਘੁਟ ਭਰੇ ਤੇ ਮੇਰੇ ਨੌਕਰ ਤੇ ਦੋਹਾਂ ਜੁਲਾਹ ਮੁੰਡਿਆਂ ਵੱਲ ਇਕ ਨਜ਼ਰ ਭਰ ਕੇ ਵੇਖਿਆ। ਸਿਗਰੇਟ ਦੂਰ ਸੁੱਟਿਆ ਤੇ ਉਠ ਕੇ ਬੈਠਕ ਦੀ ਨੁੱਕਰ ਵਿਚ ਪਈ ਹੋਈ ਪਾਣੀ ਦੀ ਕੱਚੀ ਘੜੀ ਨੂੰ ਇਕ ਪਾਸੇ ਨੀਵਾਂ ਕਰ ਕੇ ਇਕ ਚੁਲੀ ਪਾਣੀ ਦੀ ਭਰ ਕੇ ਕਰੂਲੀ ਕੀਤੀ ਅਤੇ ਆ ਕੇ ਮੰਜੀ ਤੇ ਚੌਕੜੀ ਮਾਰ ਕੇ ਬੈਠਦਿਆਂ ਸਾਰ ਸ਼ਾਹ ਜੀ ਮੂੰਹ ਵਿਚ ਕੁਝ ਪੜ੍ਹਨ ਲੱਗ ਗਿਆ। ਘੜੀ ਕੁ ਪਿੱਛੋਂ ਸ਼ਾਹ ਜੀ ਅੱਖਾਂ ਖੋਲ੍ਹੀਆਂ ਤੇ ਜੁਲਾਹ ਮੁੰਡਿਆਂ ਵੱਲ ਵੇਖ ਕੇ ਪੁੱਛਿਆ, 'ਤੁਹਾਡੇ ਵਿੱਚੋਂ ਕੋਈ ਤੋਤੀ ਹੈ ਭਈ?'

"'ਮੈਂ ਆਂ ਜੀ ਤੋਤੀ!' ਜੁਲਾਹ ਦੇ ਚਿਹਰੇ ਤੋਂ ਰੰਗ ਉੱਡ ਗਿਆ। ਸ਼ਾਹ ਜੀ ਦੀਆਂ ਨਜ਼ਰਾਂ ਵਿਚ ਨਜ਼ਰਾਂ ਪਾਉਣ ਦਾ ਉਹਦੇ ਵਿਚ ਹੌਸਲਾ ਨਹੀਂ ਸੀ। ਓਸ ਅੱਖਾਂ ਨੀਵੀਆਂ ਕਰ ਕੇ ਜਵਾਬ ਦਿੱਤਾ।

"ਸ਼ਾਹ ਜੀ ਫੇਰ ਅੱਖਾਂ ਮੀਟ ਲਈਆਂ, ਪੁੱਛਿਆ, 'ਤੇਰਾ ਪਿਉ ਕੱਲਾ ਪੁੱਤਰ ਏ ਤੇ, ਬੀਮਾਰ ਰਹਿੰਦਾ ਏ?'

"'ਆਹੋ ਜੀ।'

"'ਤੇਰੀ ਮਾਂ ਦੀ ਇਕ ਲੱਤ ਮਾਰੀ ਹੋਈ ਏ ਤੇ ਉਹ ਡੰਗੋਰੀ ਨਾਲ ਤੁਰਦੀ ਏ?'

"'ਆਹੋ ਜੀ।'

"'ਤੁਸੀਂ ਪੰਜ ਭੈਣ ਭਰਾ ਓ?'

"'ਨਹੀਂ ਜੀ! ਚਾਰ।' ਤੋਤੀ ਪਹਿਲੀ ਵਾਰ ਹੌਸਲੇ ਨਾਲ ਕਿਹਾ।

"'ਪੰਜ ਭਈ।'

"ਸ਼ਾਹ ਜੀ ਅੱਖਾਂ ਖੋਲ੍ਹੀਆਂ ਤੇ ਤੋਤੀ ਵੱਲ ਵੇਖਿਆ। ਤੋਤੀ ਕੰਬ ਗਿਆ।

"'ਨਹੀਂ ਜੀ! ਚਾਰ ਆਂ!'

"'ਕੋਈ ਭੈਣ ਭਰਾ ਵਿੱਚੋਂ ਮਰਿਆ ਵੀ ਏ?'

"ਮੇਰਾ ਨੌਕਰ ਬੋਲ ਪਿਆ, 'ਪਰੂੰ ਪਰਾਰ ਇਹਦੀ ਇਕ ਭੈਣ, ਜਿਹੜੀ ਇਹਦੀ ਮਾਂ ਦੇ ਕੁਛੜ ਸੀ, ਗੁਜ਼ਰ ਗਈ ਸੀ!'

"'ਪੰਜ ਭੈਣ ਭਰਾ ਹੋਏ ਨਾ!' ਸ਼ਾਹ ਜੀ, ਅੱਖਾਂ ਮੀਟ ਕੇ ਤਸੱਲੀ ਨਾਲ ਕਿਹਾ।

"'ਆਹੋ ਜੀ।'

"'ਤੁਹਾਡੇ ਘਰ ਦਾ ਨਿੱਕਾ ਜਿਹਾ ਵਿਹੜਾ ਏ। ਵਿਚ ਧਰੇਕ ਏ?'

"'ਆਹੋ ਜੀ।'

"'ਵਿਹੜਾ ਲੰਘ ਕੇ ਇਕ ਨਿੱਕਾ ਜਿਹਾ ਕਮਰਾ ਏ? ਇੱਕੋ ਈ ਕਮਰਾ!'

"'ਆਹੋ ਜੀ।'

"'ਉਸ ਕਮਰੇ ਵਿਚ ਅੰਦਰ ਵੜਦਿਆਂ ਖੱਬੇ ਪਾਸੇ ਕੱਚੀ ਕੰਧ ਨਾਲ ਇਕ ਪੇਟੀ ਏ ਟੀਨ ਦੀ। ਉਹਦੇ ਉੱਤੇ ਲਾਲ ਰੰਗ ਦਾ ਇਕ ਟੀਨ ਦਾ ਸੰਦੂਕ ਏ ਲੀੜਿਆਂ ਵਾਲਾ?'

"'ਹੈ ਜੀ।'

"'ਉਸ ਸੰਦੂਕ ਦੇ ਖੱਬੇ ਬੰਨੇ ਲੀੜਿਆਂ ਹੇਠ ਸੌ ਸੌ ਦੇ ਲਾਲ ਉੱਨੀ ਨੋਟ ਪਏ ਨੇ, ਜਿਹੜੇ ਰਾਤ ਤੂੰ ਉਥੇ ਰੱਖੇ ਸਨ?'

ਸ਼ਾਹ ਜੀ ਦੀ ਗੂੰਜਦਾਰ ਅਵਾਜ਼ ਉਭਰੀ। ਤੋਤੀ ਕੰਬਦਾ ਰੋਣ ਲੱਗ ਪਿਆ।

"'ਜਵਾਬ ਦੇ ਪਈ। ਹੈ ਨੇ ਜਾਂ ਨਹੀਂ?'

"'ਹੈ ਨੇ ਜੀ। ਪਰ ਮੈਨੂੰ ਮਾਫ਼ ਕਰ ਦਿਉ।' ਰੋਂਦੇ ਤੋਤੀ ਨੇ ਮੇਰੇ ਪੈਰ ਫੜ ਲਏ।

"'ਵੀਹਵਾਂ, ਸੌ ਕਿਥੇ ਈ ਪਈ ਤੋਤੀ?' ਸ਼ਾਹ ਜੀ ਓਸਰਾਂ ਹੀ ਅੱਖਾਂ ਮੀਟੀ ਬੋਲੇ।

"'ਕਿਸੇ ਦਾ ਸੌ ਰੁਪਿਆ ਦੇਣਾ ਸੀ, ਰਾਤ ਉਹਨੂੰ ਦੇ ਦਿੱਤਾ ਸੀ ਜੀ!'

"'ਅੱਛਾ ਚਲੋ ਚੰਗਾ ਹੋਇਆ, ਕਰਜ਼ਾ ਸਿਰੋਂ ਲੱਥਾ! ਹੁਣ ਤੂੰ ਇਹ ਦੱਸ ਤੋਤੀ। ਪੈਸੇ ਚੌਧਰੀ ਨੂੰ ਤੂੰ ਦੇਵੇਂਗਾ ਕਿ ਮੈਂ ਜਾ ਕੇ ਉਥੋਂ ਕੱਢ ਕੇ ਦਿਆਂ?"

"'ਮੈਂ ਦੇ ਦਿਆਂਗਾ ਜੀ।' ਤੋਤੀ ਰੋਂਦਿਆਂ ਕਿਹਾ, 'ਪਰ ਮੈਨੂੰ ਰੱਬ ਵਾਸਤੇ ਮਾਫ਼ ਕਰ ਦਿਉ। ਜੇ ਮੇਰੇ ਮਾਂ ਪਿਉ ਨੂੰ ਇਸ ਗੱਲ ਦੀ ਸੁਣ-ਮੁਣ ਹੋ ਗਈ ਤਾਂ ਉਹ ਚੰਮ ਲਾਹ ਦੇਣਗੇ।'

"ਸ਼ਾਹ ਜੀ ਅੱਖਾਂ ਖੋਲ੍ਹੀਆਂ ਤੇ ਮੈਨੂੰ ਕਿਹਾ, 'ਤੁਹਾਡਾ ਚੋਰ ਹਾਜ਼ਰ ਏ ਸਰਕਾਰ। ਪਰ ਮੁੰਡਾ-ਖੁੰਡਾ ਏ, ਇਹਨੂੰ ਮਾਫ਼ ਕਰ ਦਿਆ ਜੇ।'

"'ਠੀਕ ਏ ਜੀ!' ਮੈਂ ਸ਼ਾਹ ਜੀ ਨੂੰ ਜਵਾਬ ਦਿੱਤਾ।

"'ਜਿਹੜੇ ਘਰ ਦਾ ਖਾਈਏ ਉਹਦੀ ਖ਼ੈਰ ਮੰਗੀਏ, ਕੁੱਤੇ ਵੀ ਜਿਹੜੀ ਥਾਲੀ ਵਿਚ ਖਾਂਦੇ ਨੇ ਉਹਦੇ ਵਿਚ ਮੂਤਰਦੇ ਨਹੀਂ!' ਸ਼ਾਹ ਜੀ ਚਾਹ ਵਰਤਾਉਂਦਿਆਂ ਤੋਤੀ ਨੂੰ ਪਿਆਰ ਨਾਲ ਨਸੀਹਤ ਕੀਤੀ।

"ਅਸੀਂ ਉੱਠਣ ਲੱਗੇ ਤੇ ਮੈਂ ਸੰਗਦਿਆਂ ਕਿਹਾ, 'ਮੇਰੇ ਸਿਰ ਤੋਂ ਬੜਾ ਭਾਰ ਲਹਿ ਗਿਆ ਏ ਸ਼ਾਹ ਜੀ। ਚੋਰੀ ਮੇਰੇ ਪ੍ਰਾਹੁਣੇ ਦੀ, ਮੇਰੇ ਘਰ ਵਿਚ ਹੋਈ ਸੀ। ਮੈਂ ਤੁਹਾਡੀ ਕੀ ਸੇਵਾ ਕਰਾਂ?'

"'ਕੁਝ ਨਹੀਂ ਭਾਈ,' ਸ਼ਾਹ ਜੀ ਕਿਹਾ, 'ਇਸ ਕੰਮ ਦੀ ਕੋਈ ਫ਼ੀਸ ਨਹੀਂ। ਇਹ ਮੁਰਸ਼ਦ ਦਾ ਅਮਰ ਏ। ਪਰ ਤੁਸੀਂ ਜਾਂਦਿਆਂ ਹੋਇਆਂ ਰਾਹ ਵਿਚ ਕਿਸੇ ਫ਼ਕੀਰ ਨੂੰ ਸਵਾ ਰੁਪਇਆ ਨਜ਼ਰ-ਏ-ਅੱਲ੍ਹਾ ਨਿਆਜ਼ ਹੁਸੈਨ ਦੇ ਜਾਣਾ।'"

ਅੱਜ ਵਾਲੇ ਆਪਣੀ ਕਹਾਣੀ ਸੁਣਾ ਕੇ ਸੁਖ ਦਾ ਸਾਹ ਲਿਆ। ਚੜ੍ਹਦੇ ਵਾਲੇ ਬੰਦੇ ਨੇ ਆਪਣੇ ਪਾਈਪ ਵਿਚ ਮਾਚਸ ਬਾਲ ਕੇ ਅੱਗ ਧੁਖਾਈ ਤੇ ਕਹਿਣ ਲੱਗਾ, "ਮੈਂ ਆਉਣ ਵਾਲੀ ਕੱਲ੍ਹ ਦਾ ਅੱਜ ਹਾਂ। ਤੇ ਕੱਲ੍ਹ ਸਵੇਰੇ ਜਦੋਂ ਇਹ ਅੱਜ ਵਾਲਾ ਬਾਬੇ ਦੇ ਡੇਢ ਕਰੋੜ ਵਰ੍ਹਾ ਚੌੜੇ ਵਿਹੜੇ ਦੀ ਕਿਸੇ ਗੁਠ ਵਿਚ ਬੈਠਾ ਉਂਘਲਾ ਰਿਹਾ ਹੋਵੇਗਾ, ਮੈਂ ਅੱਜ ਹੋਵਾਂਗਾ। ਇਸ ਲਈ ਮੇਰੀ ਕਹਾਣੀ ਅੱਜ ਦੇ ਬੜੀ ਨੇੜੇ ਏ।"

ਅੱਜ ਵਾਲਾ ਲੰਘੀ ਕੱਲ੍ਹ ਦਾ ਹਿੱਸਾ ਬਣਨ ਦੇ ਖ਼ਿਆਲ ਨਾਲ ਇਕ ਵਾਰ ਤੇ ਕੰਬ ਗਿਆ।

ਖ਼ੌਰੇ ਬਾਬੇ ਉਹਦੀ ਪਰੇਸ਼ਾਨੀ ਲੱਭ ਲਈ ਸੀ। ਪਿਆਰ ਨਾਲ ਉਹਦੇ ਮੋਢੇ ਉੱਤੇ ਹੱਥ ਮਾਰ ਕੇ ਬੋਲਿਆ, "ਲੱਖਾਂ ਵਰ੍ਹਿਆਂ ਤੋਂ ਹਰ ਅੱਜ ਮੇਰਾ ਹਿੱਸਾ ਬਣਦਾ ਚਲਾ ਗਿਆ ਏ, ਪਰ ਮੈਂ ਹਰ ਅੱਜ ਨੂੰ ਗੁਜ਼ਰੀ ਕੱਲ੍ਹ ਵਿਚ ਢਲ ਜਾਵਣ ਉੱਤੇ ਦੱਬ ਨਹੀਂ ਛੱਡਿਆ। ਸਗੋਂ ਜੀਊਂਦਾ ਜਾਗਦਾ ਰੱਖਿਆ ਏ, ਸੀਨੇ ਨਾਲ ਲਾ ਕੇ! ਇਹਦੇ ਵਿਚ ਡਰਨ ਵਾਲੀ ਕੀ ਗੱਲ ਏ। ਜਿਨ੍ਹਾਂ ਦੀ ਗੁਜ਼ਰੀ ਹੋਈ ਕੱਲ੍ਹ ਜੀਊਂਦੀ ਹੁੰਦੀ ਏ, ਉਹ ਕਦੇ ਨਹੀਂ ਮਰਦੇ ਸਗੋਂ ਜੀਊਂਦੇ ਜਾਗਦੇ ਰਹਿੰਦੇ ਨੇ। ਹਰ ਅੱਜ ਤੇ ਹਰ ਆਉਣ ਵਾਲੀ ਕੱਲ੍ਹ ਦੀਆਂ ਲਗਰਾਂ ਮੇਰੇ ਵਿੱਚੋਂ ਈ ਫੁਟਦੀਆਂ ਨੇ।"



ਅੱਜ ਵਾਲਾ ਨਿੰਮ੍ਹਾ ਜਿਹਾ ਹੱਸਿਆ, ਕਹਿਣ ਲੱਗਾ, "ਜਿਦ੍ਹਾ ਵੱਡਾ ਤੇਰੇ ਵਰਗਾ ਸੋਹਣਾ ਸੁਚੱਜਾ, ਨਾਂ ਵਾਲਾ ਤੇ ਮਿਹਰਬਾਨ ਹੋਵੇ, ਉਸ ਕਿਉਂ ਡਰਨਾ ਏਂ?"

ਚੜ੍ਹਦੇ ਵਾਲੇ ਆਪਣੀ ਗੱਲ ਸ਼ੁਰੂ ਕੀਤੀ, "ਸ਼ਹਿਰਾਂ ਵਿਚ ਇਕ ਸ਼ਹਿਰ ਲਹੌਰ ਤੇ ਲਹੌਰ ਵਿਚ ਇਕ ਆਬਾਦੀ ਏ ਗੁਲਬਰਗ। ਉਸ ਆਬਾਦੀ ਵਿਚ ਇਕ ਠੇਕੇਦਾਰ ਆਪਣਾ ਪੁੱਤਰ ਇਕ ਅਫ਼ਸਰ ਦੀ ਧੀ ਨਾਲ ਵਿਆਹੁਣ ਗਿਆ। ਜੰਞ ਅਗਲੇ ਘਰ ਅਪੜੀ ਤਾਂ ਬਹੁਤ ਆਹਲਾ ਸ਼ਾਮਿਆਨਿਆਂ ਹੇਠ ਉਹਨਾਂ ਨੂੰ ਬਿਠਾ ਕੇ ਠੰਡਾ ਵਰਤਾਇਆ ਗਿਆ। ਢੇਰ ਵੱਡੀ ਜੰਞ ਦਾ ਢੇਰ ਰਸ਼। ਕਿਸੇ ਨੇ ਠੇਕੇਦਾਰ ਦੀ ਅਚਕਣ ਦੇ ਵੱਖੀ ਵਾਲੇ ਬੋਝੇ ਵਿੱਚੋਂ ਸੌ ਸੌ ਵਾਲੇ ਸੌ ਨੋਟਾਂ ਦੀ ਦੱਥੀ ਕੱਢ ਲਈ। ਠੇਕੇਦਾਰ ਪਰੇਸ਼ਾਨ ਹੋ ਕੇ ਆਪਣੇ ਨਿੱਕੇ ਭਰਾ ਨਾਲ ਗੱਲ ਕੀਤੀ ਤੇ ਉਹਦੇ ਕੋਲੋਂ ਲਾਗ ਦੇਣ-ਦਿਵਾਣ ਲਈ ਕੁਝ ਪੈਸੇ ਫੜ ਲਏ। ਆਪਣੀ ਵੀ ਲਿਹਾਈ ਹੁੰਦੀ ਤੇ ਅਗਲਿਆਂ ਦੀ ਵੀ, ਉਸ ਗੱਲ ਕੱਢੀ ਹੀ ਨਾ ਕਿਤੇ। ਚਾਰ ਪੰਜ ਦਿਨ ਮਗਰੋਂ ਜਦੋਂ ਉਹ ਠੇਕੇਦਾਰ ਜੰਞ ਦੀ ਮੂਵੀ ਕੈਮਰੇ ਨਾਲ ਬਣੀ ਹੋਈ ਫ਼ਿਲਮ ਆਪਣੇ ਟੈਲੀਵੀਜ਼ਨ ਉੱਤੇ ਵੇਖ ਰਿਹਾ ਸੀ ਤੇ ਓਸ ਵੇਖਿਆ ਕਿ ਉਹਦੇ ਨਾਲ ਖਲੋਤੇ ਉਹਦੇ ਯਾਰ ਨੇ ਅਡੋਲ ਹੀ ਉਹਦੇ ਬੋਝੇ ਵਿੱਚੋਂ ਨੋਟਾਂ ਦੀ ਦੱਥੀ ਕੱਢ ਕੇ ਆਰਾਮ ਨਾਲ ਆਪਣੇ ਕੋਟ ਦੇ ਅੰਦਰ ਵਾਲੇ ਬੋਝੇ ਵਿਚ ਪਾ ਲਈ ਤੇ ਸੈਵਨ-ਅੱਪ ਪੀਣ ਲੱਗ ਪਿਆ ਪਰ੍ਹਾਂ ਹੋ ਕੇ। ਠੇਕੇਦਾਰ ਇਕ ਵਾਰ ਉਹ ਫ਼ਿਲਮ ਫੇਰ ਵੇਖੀ ਤੇ ਰਾਤ ਬੜੀ ਤਸੱਲੀ ਨਾਲ ਸੌਂ ਗਿਆ। ਅਗਲੇ ਦਿਨ ਉਹਨੇ ਆਪਣੇ ਉਸ ਯਾਰ ਨੂੰ ਚਾਹ ਤੇ ਸੱਦਿਆ ਤੇ ਆਪਣੇ ਪੁੱਤਰ ਨੂੰ ਕਹਿਣ ਲੱਗਾ, 'ਆਪਣੇ ਚਾਚਾ ਜੀ ਨੂੰ ਵਿਆਹ ਦੀ ਫ਼ਿਲਮ ਤੇ ਵਿਖਾਉ।'

"'ਆਹੋ ਆਹੋ! ਫ਼ਿਲਮ ਜ਼ਰੂਰ ਹੋਣੀ ਚਾਹੀਦੀ ਏ।' ਯਾਰ ਅੱਗੋਂ ਬੜੇ ਸ਼ੌਕ ਨਾਲ ਆਖਿਆ। ਫ਼ਿਲਮ ਵੇਖ ਕੇ ਯਾਰ ਤੇ ਚੁੱਪ-ਚਾਪ ਕੰਨ ਵਲ੍ਹੇਟ ਕੇ ਤੁਰਦਾ ਹੋਇਆ। ਅਗਲੇ ਦਿਨ ਸਵੇਰੇ ਈ ਉਹਦਾ ਨੌਕਰ ਠੇਕੇਦਾਰ ਨੂੰ ਇਕ ਲਿਫ਼ਾਫ਼ਾ ਦੇ ਗਿਆ। ਲਿਫ਼ਾਫ਼ੇ ਵਿੱਚੋਂ ਸੌ ਸੌ ਦੇ ਸੌ ਨੋਟਾਂ ਵਾਲੀ ਦੱਥੀ ਨਿਕਲੀ ਤੇ ਇਕ ਖ਼ਤ। ਖ਼ਤ ਵਿਚ ਠੇਕੇਦਾਰ ਨੂੰ ਉਹਦੇ ਯਾਰ ਲਿਖਿਆ ਸੀ ਕਿ ਇਹ ਸਾਰਾ ਕੁਝ ਇਕ ਮਖ਼ੌਲ ਸੀ। ਨਹੀਂ ਤੇ ਪਤਾ ਉਹਨੂੰ ਵੀ ਸੀ ਕਿ ਮੂਵੀ ਕੈਮਰੇ ਨਾਲ ਫ਼ਿਲਮ ਬਣ ਰਹੀ ਏ।"

ਕਹਾਣੀ ਸੁਣਾਉਣ ਵਾਲਾ ਕਦੋਂ ਦਾ ਚੁੱਪ ਸੀ ਤੇ ਬਾਕੀ ਦੇ ਸੁਣਨ ਵਾਲੇ ਚੰਗੀ ਘੜੀ ਚੁੱਪ ਕਰ ਕੇ ਬੈਠੇ ਰਹੇ। ਸਾਰਿਆਂ ਤੋਂ ਪਹਿਲਾਂ ਬਾਬਾ ਉੱਠਿਆ। ਉਸ ਸ਼ੇਰ ਵਾਂਗੂੰ ਇਕ ਭਰਵੀਂ ਆਕੜ ਲੈ ਕੇ ਆਪਣਾ ਸਰੀਰ ਖੋਲ੍ਹਿਆ, ਖਿਲਾਰਿਆ, ਸਮੇਟਿਆ ਤੇ ਹੌਲੀ ਹੌਲੀ ਲਹਿੰਦੇ ਨੂੰ ਟੁਰ ਪਿਆ।

ਅੱਜ ਵਾਲੇ ਆਪਣੇ ਬੋਦਿਆਂ ਵਿਚ ਕੰਘੀ ਫੇਰ ਕੇ ਆਪਣੇ ਬੋਦੇ ਸਵਾਰੇ ਤੇ ਜਿਥੇ ਬੈਠਾ ਸੀ, ਉਹਨਾਂ ਪੈਰਾਂ ਉੱਤੇ ਹੀ ਬੈਠਾ ਰਿਹਾ। ਚੜ੍ਹਦੇ ਵਾਲੇ ਉਠ ਕੇ ਆਪਣੇ ਪਾਈਪ ਨੂੰ ਤੀਲੀ ਵਿਖਾ ਕੇ ਚਾਰ ਪੰਜ ਭਰਵੇਂ ਘੁੱਟਾਂ ਨਾਲ ਢੇਰ ਸਾਰਾ ਧੂੰਆਂ ਬਾਹਰ ਸੁੱਟਿਆ ਤੇ ਚੜ੍ਹਦੇ ਨੂੰ ਮੂੰਹ ਕਰ ਕੇ ਤੁਰ ਪਿਆ।

ਚੌਧਵੀਂ ਰਾਤ ਦਾ ਚੰਨ ਲਹਿੰਦੇ ਵੱਲ ਉੱਗੇ ਹੋਏ ਦੂਰ ਇਕ ਬੋਹੜ ਉੱਤੇ ਖਲੋਤਾ ਚਮਕ ਰਿਹਾ ਸੀ।

Academy of the Punjab in North America: http://www.apnaorg.com

## بنّے چنّے دے بھرا ਬੰਨੇ ਚੰਨੇ ਦੇ ਭਰਾ

"ਸਬਜ਼ਾ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਸਾਰੀ ਵੱਡੀ ਘੋੜੀ ਸੀ। ਲੱਖਾਂ 'ਚੋਂ ਇਕ ਅੱਧਾ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ, ਏਡਾ ਸਾਊ ਤੇ ਏਡੀਆਂ ਸਿਫ਼ਤਾਂ ਵਾਲਾ ਹੁੰਦਾ ਹੈ। ਉਹ ਘੋੜੀ ਦੇਸੀ ਸੀ, ਮਾਂ ਪਿਉ ਵੱਲੋਂ ਖ਼ਾਲਸ ਪੰਜਾਬੀ, ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਬਰੀਡ ਘੋੜੀਆਂ ਰੰਗ-ਰੂਪਾਂ, ਕੰਮ ਤੇ ਦਮ ਵਿਚ ਕਿਧਰੇ ਉਹਦੇ ਨੇੜੇ ਤੇੜੇ ਵੀ ਨਹੀਂ ਸਨ ਢੁੱਕਦੀਆਂ। ਉਹ ਘੋੜੀ ਵੇਖਣ ਨੂੰ ਤਸਵੀਰ ਤੇ ਉੱਡਣ ਨੂੰ ਪੂਰੀ ਸੀ—ਵੇਖਿਆਂ ਉਹਨੂੰ ਭੁੱਖਾਂ ਲਹਿੰਦੀਆਂ ਤੇ ਉੱਤੇ ਚੜ੍ਹਿਆਂ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀ ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ-ਬਰੀਡਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ। ਦਸ ਕੋਹ ਉਹਨੂੰ ਸਰਪਟ ਦੁੜਾਓ, ਫੇਰ ਵੀ ਨਵੀਂ ਨਕੋਰ, ਤਿਆਰ ਤੇ ਤਾਜ਼ਾ ਦਮ—ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉੱਡ ਜਾਏ। ਉਹਦੇ ਲਹੂ ਵਿਚ ਜਾਂ ਅੱਗ ਸੀ ਜਾਂ ਬਿਜਲੀਆਂ। ਨਰਾਂ ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿਧਰੇ ਵੱਧ ਹੌਸਲਾ ਤੇ ਦਲੇਰੀ ਸੀ! ਜਵਾਨ ਕੁੜੀਆਂ ਵਰਗੀਆਂ ਸ਼ੋਖ਼ੀਆਂ, ਤੇਜ਼ੀਆਂ ਤੇ ਚੁੰਘੀਆਂ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ-ਪ੍ਰਧਾਨੀਆਂ ਸਵਾਣੀਆਂ ਵਰਗਾ ਸੁਹੱਪਣ, ਠਹਿਰਾਉ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫ਼ਰ ਸੀ—ਕੀ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁਕਿਆ ਹੋਣਾ ਏਂ ? ਕਿੱਲੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ। ਪਰ ਇਕ ਵਾਰੀ ਲਗਾਮ ਦੇ ਕੇ, ਕਾਠੀ ਉਹਦੇ ਉੱਤੇ ਪਾ ਕੇ, ਰਕਾਬ ਵਿਚ ਪੈਰ ਧਰਨ ਦੀ ਦੇਰ ਤੇ ਘੋੜੀ ਆਪਣੇ ਚਾਰੇ ਪੌੜ ਜ਼ਮੀਨ ਉੱਤੇ ਧਰਨੇ ਹੀ ਨਹੀਂ ਇਕੱਠੇ—ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉੱਤੇ ਚੜ੍ਹ ਕੇ ਉਹਦੇ ਚਾਰੇ ਪੌੜ 'ਕੱਠੇ ਜ਼ਮੀਨ ਉੱਤੇ ਲਵਾ ਦੇਵੇ। ਸਵਾਰ ਉਹ ਨਹੀਂ ਹੁੰਦਾ ਜਿਹਨੂੰ ਘੋੜੀ ਰਕਾਬੇ ਪੈਰ ਪਾਉਂਦਿਆਂ ਹੀ ਲੈ ਕੇ ਦੌੜ ਪਵੇ ਤੇ ਉੱਤੇ ਬੈਠੇ ਦੀਆਂ ਅੱਖਾਂ ਹੀ ਨਾ ਖੁੱਲ੍ਹਣ ਦੇਵੇ। ਸਵਾਰ ਤੇ ਉਹ ਹੁੰਦਾ ਏ ਜਿਹੜਾ ਘੋੜੀ ਤੇ ਚੜ੍ਹ ਕੇ ਉਹਨੂੰ ਆਪਣੀ ਮਨ-ਮਰਜ਼ੀ ਦੀ ਚਾਲ ਚਲਾਏ...ਘੋੜੀ ਸਰਪਟ ਦੌੜਨਾ ਚਾਹਵੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤਾਂ ਸਵਾਰ ਉਹਨੂੰ



Academy of the Punjab in North America: http://www.apnaorg.com

ਲਗਾਮ 'ਚੋਂ ਨਾ ਨਿਕਲਣ ਦੇਵੇ। ਘੋੜੀ ਟਾਪ ਪੈਣਾ ਚਾਹਵੇ ਤਾਂ ਸਵਾਰ ਉਹਨੂੰ ਰਵਾਲ ਟੋਰੇ। ਘੋੜੀ ਚੁੰਘੀਆਂ ਭਰਦੀ ਛੁੱਟਣ ਲਈ ਲਗਾਮ ਦੀ ਢਿੱਲ ਮੰਗੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਕੱਢ ਕੇ ਟਾਪ ਵਿਚ ਲੈ ਜਾਏ—ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇ ਪੋਈਏ ਤੋਂ ਸਰਪਟ ਸੁੱਟ ਦੇਵੇ, ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ੍ਹ ਕੇ ਫੇਰ ਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਣ ਦੇ ਲਾਇਕ ਹੁੰਦੇ ਨੇ !! ਸ਼ਾਹ ਸਵਾਰ ਦੀਆਂ ਲਗਾਮਾਂ ਫੜਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਧਰਨ ਵਾਲੇ ਪੱਬ ਵਿਚ ਸੱਤ, ਘੋੜੀ ਦਵਾਲੇ ਜਮੂਰ ਵਾਂਗ ਕੱਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰ ਹਰਕਤ, ਹਰ ਅਦਾ ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ ਸਿਹਾਣ ਦਾ ਨੂਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ—

"ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ, ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ—ਉਹ ਮੇਰੇ ਭਾਈ ਸਾਹਿਬ ਸਨ।

"ਉਹ ਘੋੜੀ ਜ਼ਿਲ੍ਹਾ ਸਰਗੋਧਾ ਦੇ ਚੱਕ ਚਾਲੀ ਦੀ ਜੰਮਪਲ ਸੀ। ਉਸ ਈ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ, ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲੱਗੀ, ਤਾਂ ਉਹਦੀ ਧੁੰਮ ਦੂਰ ਦੂਰ ਤੀਕ ਖਿੱਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ, ਨਾ ਉਸ ਘੋੜੀ ਦੀ ਕਦੇ ਮੂੰਹ ਵਿਖਾਈ ਹੋਈ ਤੇ ਨਾ ਹੀ ਉਹ ਦੌੜੀ, ਤਾਂ ਵੀ ਉਹਦੀ ਦੱਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ, ਚਾਲੀ ਚੱਕ ਵਿਚ ਜਾ ਉਤਰੇ—ਉਹ ਘੋੜੀ ਦੇਖੀ, ਜਾਂਚੀ ਤੇ ਉਹਦਾ ਮੁੱਲ ਕਰ ਕੇ ਇਕ ਤੀਲਾ ਮਾਲਕ ਦੀ ਤਲੀ ਉੱਤੇ ਰੱਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫ਼ਰਮਾਇਓ ਨੇ: 'ਸਾਡਾ ਬੰਦਾ ਆਏਗਾ। ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਉਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ।' ਸਾਈਂ 'ਆਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਦੇਣ ਲੱਗ ਪਿਆ। ਏਸ ਗੱਲ ਦਾ ਹੁਣ ਮੈਨੂੰ ਥਹੁ ਨਹੀਂ ਭਈ ਗੁਰੂ ਮਹਾਰਾਜ ਉਦੋਂ ਹੀ ਉਹਦਾ ਮੁੱਲ ਤਾਰ ਕੇ ਘੋੜੀ ਲੈ ਕਿਉਂ ਨਾ ਗਏ ? ਖ਼ੌਰੇ ਏਸ ਗੱਲ ਵਿਚ ਵੀ ਕੋਈ ਹਿਕਮਤ ਸੀ ? ਫੇਰ ਇਹ ਗੱਲ ਪਤਾ ਨਹੀਂ ਕਿੱਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿੱਸਰ ਗਈ ?

"ਕੋਈ ਚਾਰ ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ ਤੇ ਹੋਏ-ਤੋਏ ਕੀਤੀ ਤੇ ਖਚਰੇ ਜੱਟ ਹੱਥ ਜੋੜ ਕੇ ਕਿਹਾ: 'ਮਹਾਰਾਜ! ਬਾਦਸ਼ਾਹਵਾਂ ਦੇ ਘਰ ਲਾਲਾਂ ਦਾ ਕੀਹ ਕਾਲ ?'

" 'ਗੁਰੂ ਹੋਰਾਂ ਕੋਲ ਤੇ ਦੁਨੀਆ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ; ਤੇ ਮੈਂ ਸਮਝਿਆ ਘੋੜੀ ਤੁਹਾਨੂੰ

ਪਸੰਦ ਹੀ ਨਹੀਂ ਆਈ। ਉੱਤੋਂ ਉਸ ਘੋੜੀ ਨੇ ਤਾਂ ਮੇਰੀਆਂ ਨੀਂਦਰਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ ਦੋ ਦੋ ਬੰਦੇ ਰਾਤ ਉਹਦਾ ਪਹਿਰਾ ਦੇਂਦੇ। ਤਾਂ ਵੀ ਚਾਰ ਵਾਰ ਚੋਰ ਉਹਦੇ ਤੇ ਲੱਕੇ। ਜਿਉਂ ਦੀ ਘੋੜੀ ਘਰੋਂ ਗਈ, ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਆਂ। ਗੁਰੂਆਂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ ਵਛੇਰੀ ਗੁਰਾਂ ਦੇ ਅਸਤਬਲ ਵਿਚ ਬੰਨ੍ਹ ਆਵਾਂਗਾ। ਗੋਲੀ ਕਿਦ੍ਹੀ ਤੇ ਗਹਿਣੇ ਕਿਦ੍ਹੇ ?'

"ਜਦੋਂ ਘੋੜੀ ਲੈਣ ਗਏ ਬੰਦੇ ਭੈਣੀ ਸਾਹਿਬ ਪਰਤ ਕੇ ਖ਼ਾਲੀ ਹੱਥ ਬੰਨ੍ਹ ਕੇ ਗੁਰੂ ਨੂੰ ਸਾਰੀ ਗੱਲ ਸੁਣਾਈ ਤਾਂ ਗੁਰੂਆਂ ਦੇ ਸਿੱਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ, ਫੇਰ ਫ਼ੁਰਮਾਉਣ ਲੱਗੇ : 'ਅਸੀਂ ਵੀ ਤੇ ਭੁੱਲ ਹੀ ਗਏ ਸਾਂ। ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ। ਮੌਜਾਂ ਲੁੱਟੇ! ਉਹਦੇ ਨਸੀਬ।'

"ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿੱਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉੱਤੇ ਸੌਦਾ ਕਰ ਕੇ ਉਹਨਾਂ ਦੀ ਘੋੜੀ ਲੈ ਗਿਆ। ਪਰ ਕਿਹੜਾ ਮਾਈ ਦਾ ਲਾਲ ? ਬੜੇ ਚਿਰ ਤੀਕ ਮੈਨੂੰ ਇਹ ਪਤਾ ਨਾ ਚੱਲ ਸਕਿਆ।

"ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰੂਆਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਹੌਰ ਨੂੰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋਨੇ। ਮੇਰੇ ਧੰਨ ਭਾਗ! ਲਹੌਰ ਅੱਪੜ ਕੇ ਆਪਣੇ ਰਸਾਲੇ ਤੇ ਪੈਦਲਾਂ ਨੂੰ ਗੁਰਦੁਆਰੇ ਅੱਪੜਨ ਦਾ ਹੁਕਮ ਦਿੱਤਾ। ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ। ਧੰਨ ਭਾਗ।

" 'ਕਿੱਧਰ ?' ਮੇਰੇ ਮਨ ਵਿਚ ਸਵਾਲ ਪੁੰਗਰਿਆ।

"ਗੁਰੂ ਮਹਾਰਾਜ ਤੇ ਦਿਲਾਂ ਦੇ ਭੇਤ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲੱਗੇ : 'ਭਾਈ ਟਹਿਲ ਸਿਹਾਂ! ਤੇਰੇ ਭਰਾ ਚੌਧਰੀ ਵੱਲ ਚੱਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ ?'

" 'ਆਹੋ ਮਹਾਰਾਜ!' ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ, 'ਧੰਨ ਭਾਗ ਉਹਦੇ!'

"ਸ਼ਾਹੂ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅੱਪੜੇ ਤਾਂ ਉਹ ਆਪ ਘਰ ਕੋਈ ਨਹੀਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪਰਵਾਹ ਕੀਤਿਓਂ ਬਗ਼ੈਰ ਘੋੜੀਆਂ ਦੇ ਖੁਰਲ ਵੱਲ ਗਏ। ਇਕ ਘੋੜੀ ਦੇ ਕੋਲ ਅੱਪੜ ਕੇ, ਉਹਨੂੰ ਥਾਪੀ ਦਿੱਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਨਾਲ ਲਾ ਲਿਓ ਨੇ। ਜਿਵੇਂ ਕੋਈ ਮਾਂ ਆਪਣੇ ਵਿਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ, ਉਹਨੂੰ ਪਿਆਰ ਕਰਦੇ ਤੇ ਉਹਦੇ ਮੱਥੇ ਉੱਤੇ ਹੱਥ ਫੇਰਦੇ ਰਹੇ। ਨੌਕਰਾਂ ਪ੍ਰਾਹੁਣੇ ਵੇਖ ਕੇ ਅੰਦਰੋਂ ਨਵੀਆਂ ਨਵਾਰੀ ਮੰਜੀਆਂ ਕੱਢੀਆਂ, ਨਵੇਂ ਸਿਰਹਾਣੇ-ਖੇਸ ਲਿਆ ਕੇ ਸਿਰਹਾਂਦੀ ਪਵਾਂਦੀ ਰੱਖੇ। ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰ ਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤਾਂ ਉਹ ਗੁਰੂ ਮਹਾਰਾਜ ਨੂੰ ਵੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।



" 'ਬਿਸਮਿਲ੍ਹਾ ਮਹਾਰਾਜ!' ਭਾਈ ਆਖਿਆ, 'ਅੱਜ ਤੇ ਸੱਚੀ ਮੁੱਚੀਂ ਕੀੜੀ ਦੇ ਘਰ ਨਾਰਾਇਣ ਆ ਗਿਆ ਏ। ਤਸ਼ਰੀਫ਼ ਰੱਖੋ। ਅੰਨ ਪਾਣੀ ਦੀ ਸੁਣਾਓ ?'

" 'ਅੰਨ ਪਾਣੀ ਵੱਲੋਂ ਪੁਰ ਬਾਸ਼।' ਗੁਰੂ ਹੋਰੀਂ ਖਲੋਤਿਆਂ ਈ ਕਹਿਣ ਲੱਗੇ, 'ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ ?'

"ਭਾਈ ਹੋਰੀਂ ਉੱਚੀ ਸਾਰੀ ਹੱਸ ਪਏ, ਕਹਿਣ ਲੱਗੇ : 'ਮਹਾਰਾਜ! ਇਹ ਗੁਰੂਆਂ ਦੀ ਘੋੜੀ ਤੇ ਨਹੀਂ ਨਾ ? ਜਿਨ੍ਹੇ ਕਿੱਲੇ ਬੱਧੀ ਨੇ ਦਾਣੇ ਚਰਦਿਆਂ ਚਰਦਿਆਂ ਮੱਝ ਬਣ ਜਾਣਾ ਏ। ਇਹ ਤੇ ਗਰੀਬ ਜੱਟ ਦੀ ਘੋੜੀ ਏ, ਜਿਦ੍ਹੇ ਉੱਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ, ਪਰ ਉਹਦੇ ਉੱਤੇ ਵਾਧੂ ਮਾਸ ਵੀ ਤੇ ਨਹੀਂ ਚੜ੍ਹਦਾ ਜਨਾਬ!'

"ਗੁਰੂ ਮਹਾਰਾਜ ਖਿੜਖਿੜਾ ਕੇ ਹੱਸ ਪਏ। ਕਹਿਣ ਲੱਗੇ, 'ਗੱਲ ਠੀਕ ਆਖੀ ਆ ਚੌਧਰੀ!'

"ਅਗਾੜੀਆਂ ਪਿਛਾੜੀਆਂ ਪਾ ਕੇ ਬੱਧੀ, ਨਹਾਤੇ ਧੋਤੇ ਜੁੱਸੇ ਉੱਤੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਹੀਂ ਸਗੋਂ ਚੁਸਤ, ਬਾਂਕੀ ਤੇ ਬਹੁਤੀ ਸੋਹਣੀ ਪਈ ਲੱਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਗਲੇ ਦੀਆਂ ਝਾਲਰਾਂ ਹਿੱਲੀਆਂ।

"ਭਾਈ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਹੋਰਾਂ ਦੂਜੇ ਬੰਨਿਓਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਸੀ। ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸਾਂ। ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਉਹੋ ਈ ਚਾਨਣਾ ਸੀ, ਉਹੋ ਨੂਰ ਸੀ। ਉਹ ਘੋੜੀ ਨੂੰ ਵੇਖ ਕੇ ਬਹੁਤ ਖ਼ੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ : 'ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ, ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੂ ਘੋੜੀ ? ਜਿਊਂਦਾ ਵੱਸਦਾ ਰਵ੍ਹੇ।'

"ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀਹ ਆਖਦਾ ?

"ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵੱਲ ਆਏ। ਮੈਂ ਉਹਨਾਂ ਦੇ ਆਵਣ ਦੀ ਖ਼ਬਰ ਲਹੌਰ ਭਾਈ ਹੁਰਾਂ ਨੂੰ ਘੱਲੀ! ਹੜ੍ਹ ਵਾਲੇ ਮੈਦਾਨ ਵਿਚ ਗੁਰੂਆਂ ਦੇ ਡੇਰੇ ਸਨ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ ਚਾਰ ਹਜ਼ਾਰ ਸਿੱਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ ਇੰਞ ਲੱਗਦੇ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿੱਲਰੇ ਹੋਏ ਸੁਣੇ ਜਾਂਦੇ :

*ਸਾਡੇ ਭਾਗ ਭਲੇ*
*ਗੁਰਾਂ ਦੇ ਦਰਸ਼ਨ ਪਾਏ*
*ਸਾਡੇ ਭਾਗ ਭਲੇ...*

"ਭਾਈ ਹੋਰੀਂ ਆਏ। ਉਹਨਾਂ ਦੇ ਹੱਥ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ, ਜਿਹਨੂੰ ਕੱਲ੍ਹ ਉਹ ਲਹੌਰੋਂ ਗੱਡੀ ਵਿਚ ਪਾ ਕੇ



Academy of the Punjab in North America: http://www.apnaorg.com

ਪਿੜ ਲੈ ਕੇ ਆਏ ਸਨ। ਗੁਰੂ ਸਾਹਿਬ ਉੱਠੇ ਤੇ ਅਗਾਂਹ ਵਧ ਕੇ ਉਹਨਾਂ ਭਾਈ ਨੂੰ ਦੁਆਵਾਂ ਦਿੱਤੀਆਂ ਤੇ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੇ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉੱਤੇ ਗੱਡੀਆਂ ਹੋਈਆਂ ਸਨ।

"ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ: 'ਮਹਾਰਾਜ! ਇਹ ਤੁਹਾਡਾ ਮਾਲ ਏ, ਕਬੂਲ ਕਰੋ।'

"ਗੁਰੂ ਸਾਹਿਬ ਰੱਸਾ ਫੜ ਲਿਆ ਤੇ ਘੋੜੀ ਦੇ ਪਿੰਡੇ ਉੱਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫ਼ੁਰਮਾਣ ਲੱਗੇ:

" 'ਚੌਧਰੀ ਵੱਸਦਾ ਰਹੁ। ਤੇਰੀ ਘੋੜੀ ਸਾਨੂੰ ਅੱਪੜ ਗਈ।'

" 'ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ।' ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, 'ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗ਼ੁੱਸੇ ਓ।'

"ਗੁਰੂ ਹੁਰਾਂ ਫ਼ੁਰਮਾਇਆ: 'ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ। ਉਹਦੇ ਨਾਲ ਤੇ ਅਸੀਂ ਭੋਰਾ ਵੀ ਨਾਰਾਜ਼ ਨਹੀਂ। ਉਹਨੂੰ ਤੇ ਅਸਾਂ ਇਹ ਗੱਲ ਕਦੇ ਜਤਾਈ ਵੀ ਨਹੀਂ। ਘੋੜੀ ਸਾਡੀ ਹੋ ਗਈ। ਪਰ ਇਹ ਰਵ੍ਹੇਗੀ ਤੇਰੇ ਕੋਲ ਭਾਈਆ। ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਹੀਂ ਨਾ ਹੋ ਸਕਦੀ।'

"ਤੇ ਗੁਰੂ ਹੋਰਾਂ ਖ਼ੁਸ਼ ਹੋ ਕੇ ਦੁਆਵਾਂ ਦਿੱਤੀਆਂ, ਸਵਾਰ ਨੂੰ ਵੀ ਤੇ ਘੋੜੀ ਨੂੰ ਵੀ।"

1940-41 ਦੀ ਇਹ ਕਹਾਣੀ, ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਆਪਣੇ ਖ਼ਤ ਵਿਚ ਮੈਨੂੰ 1981 ਵਿਚ ਲਿਖਦਾ ਏ। ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ। ਜਿਹੜਾ ਮੇਰੇ ਵਾਲਦ ਦਾ ਪੱਗ ਵੱਟ ਭਰਾ, ਦੋਸਤ, ਜਮਾਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੈਠਾ ਏ।

ਕਹਾਣੀ ਵਿਚ ਉਹਦਾ "ਭਾਈ ਸਾਹਿਬ" ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰੂਆਂ ਤੋਂ ਉੱਤੋਂ ਦੀ ਮੁੱਲ ਦੇ ਕੇ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ।

ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਵੇਖਿਆ ਵੀ ਨਹੀਂ। ਪਰ ਚਾਚੇ ਟਹਿਲ ਸਿੰਘ ਦਾ ਇਹ ਖ਼ਤ ਪੜ੍ਹ ਕੇ ਮੈਨੂੰ ਉਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਕ ਕੁੱਦਿਆ। ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗੱਲਾਂ ਹੋ ਰਹੀਆਂ ਸਨ ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗੱਲ ਵਾਹ ਦਿੱਤੀ। ਪਰ੍ਹਾਂ ਚੁੱਪ ਕਰ ਕੇ ਬੈਠੇ ਅੱਬਾ ਜੀ ਦੀਆਂ ਤਸਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਹਨਾਂ ਦੀਆਂ ਭੂਰੀਆਂ ਬਦਾਮੀ ਖ਼ੂਬਸੂਰਤ ਚਮਕਦੀਆਂ ਅੱਖੀਆਂ ਦੇ ਵਿਚ ਮਸ਼ਾਲਾਂ ਜਿਹੀਆਂ ਬਲੀਆਂ।

"ਭਾਈ, ਉਹ ਬੜੀ ਘੋੜੀ ਸੀ।" ਉਹ ਆਖ ਕੇ ਚੁੱਪ ਕਰ ਗਏ। ਤੇ ਤਸਬੀਹ ਦੇ ਦਾਣੇ ਫੇਰ ਉਹਨਾਂ ਦੀਆਂ ਉਂਗਲਾਂ ਵਿਚ ਫਿਰਨ ਲੱਗ ਪਏ। ਚਾਚਾ ਟਹਿਲ ਸਿੰਘ ਉਹਨਾਂ ਨੂੰ ਬੜਾ ਪਿਆਰਾ ਸੀ ਤੇ ਉਹਦੇ ਜ਼ਿਕਰ ਤੇ ਅੱਬਾ ਜੀ ਸਦਾ ਹੀ ਉਦਾਸ ਹੋ



ਜਾਂਦੇ। ਮੈਂ ਦੁੱਖਾਂ ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਸਾਂ ਪਰ ਦੋ ਤਿੰਨ ਗੱਲਾਂ ਪੁੱਛਿਓਂ ਬਿਨਾਂ ਮੈਥੋਂ ਰਹਿ ਵੀ ਨਾ ਹੁੰਦਾ।

"ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਤਾਂ ਫੇਰ ਤੁਸਾਂ ਉਹਦੇ ਗੁਰੂ ਸਾਹਿਬ ਦੇ ਸੌਦੇ ਉੱਤੇ ਸੌਦਾ ਕਿਉਂ ਕੀਤਾ?"

"ਇਹਨੂੰ ਹੂੜ ਮੱਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।" ਅੱਬਾ ਜੀ ਨਿੱਕਾ ਜਿਹਾ ਜੁਆਬ ਦੇ ਕੇ ਗੱਲ ਮੁਕਾਈ। "ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁੱਲ ਤੋਂ ਬਹੁਤਾ ਮੁੱਲ ਤਾਰ ਕੇ ਤੇ ਬੜਿਆਂ ਜ਼ੋਰਾਂ ਨਾਲ— ਤਾਂ ਵੀ ਮੈਂ ਸਮਝਿਆ ਮੈਂ ਘੋੜੀ ਕੱਖਾਂ ਦੇ ਮੁੱਲ ਲੈ ਆਂਦੀ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ੍ਹ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ।"

ਮੇਰਾ ਦੂਸਰਾ ਸਵਾਲ, ਮੈਂ ਕਿਹਾ, "ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਹਨਾਂ ਦੀ ਹੋ ਗਈ, ਫੇਰ ਉਹ ਉਸ ਘੋੜੀ ਦੇ ਵੀ ਬੜੇ ਆਸ਼ਿਕ ਸਨ, ਤਾਂ ਵੀ ਉਹਨਾਂ ਤੁਹਾਡੀ ਏਸ ਹਰਕਤ ਦਾ ਬੁਰਾ ਨਾ ਮਨਾਇਆ? ਤੁਹਾਡੀ ਏਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ?"

"ਇਹਦੇ ਵਿਚ 'ਕਿਉਂ ਨਾ ਹੋਏ?' ਦਾ ਕੀ ਸਵਾਲ ਏ ਬੱਲਿਆ? ਇਹ ਗੁਰੂ ਹੁਰਾਂ ਦੀ ਵਡਿਆਈ ਸੀ। ਐਵੇਂ ਤੇ ਨਹੀਂ ਲੱਖਾਂ ਬੰਦੇ ਉਹਨਾਂ ਦੀਆਂ ਮਿੰਨਤਾਂ ਕਰਦੇ ਰਹੇ? ਉਹ ਬੜੇ ਹੌਸਲੇ ਤੇ ਬੜੀਆਂ ਸਿਫ਼ਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ, ਜੇ ਮੈਂ ਉਦੋਂ ਘੋੜੀ ਉਹਨਾਂ ਦੀ ਨਜ਼ਰ ਕਰਦਾ ਤੇ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿੰਡ ਆ ਕੇ ਘੋੜੀ ਉਹਨਾਂ ਦੀ ਨਜ਼ਰ ਕੀਤੀ, ਜਿਹੜੀ ਉਹਨਾਂ ਕਬੂਲ ਤਾਂ ਕਰ ਲਈ, ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿੰਘ ਦੀ ਵਜ੍ਹਾ ਤੋਂ ਹੀ ਘੋੜੀ ਉਹਨਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੁ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਆਪਣੇ ਸਿੱਖ, ਆਪਣੇ ਇਕ ਮੰਨਣ ਵਾਲੇ, ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਹਨਾਂ ਮੈਥੋਂ ਘੋੜੀ ਨਾ ਲਈ—ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਹੀਂ, ਫ਼ਰਿਸ਼ਤਿਆਂ ਵਿਚ ਹੁੰਦੀਆਂ ਨੇ। ਤੇ ਉਹ ਸੱਚੀਂ-ਮੁੱਚੀ ਫ਼ਰਿਸ਼ਤਿਆਂ ਵਰਗੇ ਹੀ ਮਨੁੱਖ ਸਨ।"

ਮੈਂ ਆਖ਼ਰੀ ਸਵਾਲ ਰੋੜ੍ਹਿਆ: "ਫੇਰ ਉਸ ਘੋੜੀ ਦਾ ਕੀ ਬਣਿਆ?"

"ਬਣਨਾ ਕੀ ਸੀ?" ਅੱਬਾ ਜੀ ਨਿੰਮ੍ਹਾ ਜਿਹਾ ਹੱਸ ਕੇ ਬੋਲੇ, "ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿੱਸੇ ਬਣ ਜਾਣ, ਟੁਰ ਤੇ ਆਖ਼ਰ ਓਸ ਜਾਣਾ ਹੀ ਸੀ। ਬੜੇ ਬੜੇ ਸੇਠ, ਸ਼ਾਹੂਕਾਰ, ਰਾਜੇ, ਮਹਾਰਾਜੇ ਤੇ ਅਮੀਰ ਕਬੀਰ ਲੋਕ ਉਹਦੇ ਗਾਹਕ ਬਣੇ। ਪਰ ਮੈਂ ਕਦੋਂ ਵੇਚਦਾ ਸਾਂ ਉਹਨੂੰ? ਪਰ ਪੰਜ ਹੱਥਿਆਂ ਅੱਗੇ ਮੇਰੀ ਕੋਈ ਪੇਸ਼ ਨਾ ਗਈ।"

"ਕਿਵੇਂ?" ਮੇਰੇ ਮੂੰਹੋਂ ਨਿਕਲਿਆ।

"ਪੰਜ ਹੱਥੇ, ਪੰਜੇ ਭਰਾ ਤਿੰਨ ਵੱਡੇ ਨੋਟਾਂ ਦੀਆਂ ਬੋਰੀਆਂ ਤੇ ਦਸ ਸੇਰ ਪੱਕੇ ਸੋਨੇ ਦੀਆਂ ਟੂਬਾਂ ਦੀ ਪੰਡ ਲੈ ਕੇ ਮੇਰੇ ਬੂਹੇ ਤੇ ਆ ਕੇ ਬਹਿ ਗਏ। ਪੰਜ ਹੱਥੇ ਤੇ ਉਹਨਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵੱਡੇ ਡਾਕੂ ਸਨ।

Academy of the Punjab in North America: http://www.apnaorg.com

ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿੰਡ ਦੇ। ਆਪਣਿਆਂ ਪਿੰਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀ ਪਾਇਆਂ ਵੀ ਨਾ ਦੁਖਦੇ। ਦੂਰ ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ ਇਕ ਬੰਦਾ ਪੰਜਾਂ ਪੰਜਾਂ ਹੱਥਾਂ ਵਾਲਾ ਲੱਗਦਾ ਤੇ ਏਸ ਪਾਰੋਂ ਹੀ ਲੋਕ ਉਹਨਾਂ ਨੂੰ ਪੰਜ ਹੱਥੇ ਆਖਣ ਲੱਗ ਪਏ।

"ਜਦੋਂ ਉਹ ਆਏ, ਰਾਤ ਅੰਨ ਪਾਣੀ ਖੁਆ ਕੇ ਮੈਂ ਹੱਸਦਿਆਂ ਹੱਸਦਿਆਂ ਪੁੱਛਿਆ, 'ਲਹੌਰ ਲੁੱਟਣ ਆਏ ਓ ਪੰਜ ਹੱਥਿਓ?'

"ਈਸ਼ਰ ਸਿੰਘ ਦੀ ਚਿੱਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿੱਚੋਂ ਵੱਡਾ। ਸਿਰੋਂ ਆਪਣੀ ਪੱਗ ਲਾਹ ਕੇ ਗਲ ਵਿਚ ਪਾ ਲਈਓ ਸੂ ਤੇ ਹੱਥ ਜੋੜ ਕੇ ਬੋਲਿਆ: 'ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ ਮਹਾਰਾਜੇ ਨਹੀਂ ਦੇ ਸਕੇ, ਅਸਾਂ ਕੀ ਦੇ ਲੈਣਾ ਏ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਹੀਂ ਤੇ ਸਹੁੰ ਭਾਈਏ ਦੀ! ਸਾਰੀ ਉਮਰ ਤੇਰੇ ਬੂਹੇ ਤੇ ਬਹਿ ਰਹਾਂਗੇ। ਤੇਰੇ ਮਾਲ ਡੰਗਰ ਨੂੰ ਪੱਠਾ ਦੱਥਾ ਪਾ ਛੱਡਿਆ ਤੇ ਤੇਰੀਆਂ ਰੋਟੀਆਂ ਤੋੜ ਛੱਡਿਆ ਕਰਾਂਗੇ।' ਈਸ਼ਰ ਸਿੰਘ ਦੀ ਗੱਲ ਅਟੱਲ ਸੀ।"

"ਫੇਰ ਘੋੜੀ ਲੈ ਗਏ ਪੰਜ ਹੱਥੇ?" ਮੈਂ ਪੁੱਛਿਆ।

"ਲੈ ਗਏ।" ਅੱਬਾ ਜੀ ਹੱਸ ਕੇ ਬੋਲੇ, "ਸਵੇਰੇ ਉਹਨਾਂ ਨੂੰ ਛਾਹ ਵੇਲਾ ਖਵਾ ਕੇ ਮੈਂ ਘੋੜੀ ਖੋਲ੍ਹ ਕੇ ਉਹਨਾਂ ਦੇ ਹੱਥ ਫੜਾਈ ਤੇ ਉਹ ਛਾਲਾਂ ਮਾਰਦੇ ਉੱਡ ਗਏ।"

"ਕਿੰਨੇ ਦੀ?" ਮੈਂ ਕੀਮਤ ਪੁੱਛਣ ਲਈ ਬੇਚੈਨ ਸਾਂ। "ਆਖ਼ਰ ਏਡੀ ਨਾਮੀ ਗਰਾਮੀ ਤੇ ਵੱਡੀ ਘੋੜੀ ਦਾ ਕੀ ਮੁੱਲ ਲੱਗਿਆ?"

"ਮੁੱਲ?" ਹੱਸ ਕੇ ਅੱਬਾ ਜੀ ਕਿਹਾ, "ਇਕ ਰੁਪਿਆ ਚਾਂਦੀ ਦਾ।"

"ਇਕ ਰੁਪਿਆ?" ਮਸਾਂ ਈ ਮੇਰੇ ਮੂੰਹੋਂ ਨਿਕਲਿਆ।

"ਆਹੋ ਕਾਕਾ। ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ ਤੇ ਆ ਕੇ ਬੈਠੇ ਹੋਏ ਸਨ। ਮੈਂ ਉਹਨਾਂ ਤੋਂ ਘੋੜੀ ਦਾ ਮੁੱਲ ਲੈਂਦਾ ਚੰਗਾ ਲੱਗਦਾ ਸਾਂ।" ਅੱਬਾ ਜੀ ਕਹਿਣ ਲੱਗੇ।

"ਤੇ ਰੁਪਿਆ ਕਿਵੇਂ ਹੋਇਆ ਫੇਰ?"

"ਮੁੱਲ ਦੇਣ ਲਈ ਉਹਨਾਂ ਦੇ ਜ਼ੋਰ ਲਾਉਣ ਤੇ ਮੈਂ ਚਾਂਦੀ ਦਾ ਇਕ ਰੁਪਿਆ ਉਹਨਾਂ ਤੋਂ ਲੈ ਲਿਆ।" ਅੱਬਾ ਜੀ ਹਨੇਰੇ ਵਿਚ ਵੇਖਦਿਆਂ ਹੋਇਆਂ ਹੱਸ ਕੇ ਬੋਲੇ।

ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ-ਓਧਰ ਖਿੱਲਰੀਆਂ ਹੋਈਆਂ ਕਹਾਣੀਆਂ ਨੂੰ 'ਕੱਠੀਆਂ ਕਰ ਕੇ ਲਿਖਦਾ ਰਵ੍ਹਾਂ।



## ਸੂਰਨੀ سُورنی

ਚੌਥੇ ਬੰਦੇ ਪੁੱਛਿਆ, "ਹੁੰਗੂਰਾ ਕੌਣ ਦੇਵੇਗਾ?"

"ਮੈਂ," ਪੰਜਵੇਂ ਆਖਿਆ, "ਹੁੰਗੂਰਾ ਦੇਣ ਦੀ ਵਾਰੀ ਮੇਰੀ ਏ।"

ਚੌਥੇ ਬੰਦੇ ਖੰਘੂਰਾ ਮਾਰ ਕੇ ਜਿਵੇਂ ਸੰਘ ਸਾਫ਼ ਕੀਤਾ।

ਪਹਿਲਾ ਬੰਦਾ ਜਿਹੜਾ ਦੂਜੇ ਤੇ ਤੀਜੇ ਵਾਂਗ ਆਪਣੀ ਗੱਲ ਸੁਣਾ ਕੇ ਆਪਣੇ ਇਮਤਿਹਾਨ 'ਚੋਂ ਲੰਘ ਚੁੱਕਿਆ ਸੀ, ਚੌਥੇ ਦੇ ਸਵਾਲ ਤੇ ਫੇਰ ਉਹ ਖੰਘੂਰਾ ਮਾਰ ਕੇ ਸੰਘ ਸਾਫ਼ ਕਰਨ ਤੇ ਨਿੰਮ੍ਹਾ ਜਿਹਾ ਹੱਸ ਪਿਆ। ਚੌਥੇ ਦਾ ਸਵਾਲ ਹੀ ਅਧੂਰਾ ਜਿਹਾ ਸੀ। ਕਿਉਂ ਜੁ ਕਹਾਣੀ ਵਿਚ ਹੁੰਗੂਰਾ ਦੇਣ ਦੀ ਲੋੜ ਹੀ ਕੋਈ ਨਹੀਂ ਸੀ। ਹੁੰਗੂਰਾ ਤੇ ਕਹਾਣੀ ਸੁਣਨ ਵਾਲੇ ਨੂੰ ਜਗਾਈ ਰੱਖਣ ਲਈ ਹੁੰਦਾ ਏ, ਤੇ ਉਹ ਸਾਰੇ ਪੂਰੀਆਂ ਅੱਖਾਂ ਖੋਲ੍ਹ ਕੇ ਜਾਗ ਰਹੇ ਸਨ। ਫੇਰ ਵੀ ਉਹਨਾਂ ਇਹ ਮਿੱਥ ਲਿਆ ਹੋਇਆ ਸੀ ਕਿ ਕਿਹਨੂੰ ਕੌਣ ਹੁੰਗੂਰਾ ਭਰੇਗਾ। ਜਿਵੇਂ ਪਹਿਲੇ ਦਾ ਦੂਜੇ, ਦੂਜੇ ਦਾ ਤੀਜੇ, ਤੀਜੇ ਦਾ ਚੌਥੇ ਦੇ ਹੁੰਗੂਰਾ ਦਿੱਤਿਉਂ ਬਿਨਾਂ ਈ ਕੰਮ ਚੱਲ ਗਿਆ, ਓਵੇਂ ਹੀ ਚੌਥੇ ਦਾ ਹੁੰਗੂਰਾ ਪੰਜਵੇਂ ਦੇਣਾ ਸੀ। ਮਿੱਥੀ ਹੋਈ ਗੱਲ ਨੂੰ ਫੇਰ ਪੁੱਛਣ ਦੀ ਕੀ ਲੋੜ? ਤੇ ਖੰਘੂਰਾ ਕਿਉਂ?

ਖੰਘੂਰੇ ਦੀਆਂ ਕਈ ਕਿਸਮਾਂ ਤੇ ਕਈ ਮਾਅਨੇ ਹੁੰਦੇ ਨੇ। ਖੰਘੂਰਾ ਆਪਣੇ ਹੋਣ ਦਾ ਐਲਾਨ ਕਰਨ ਲਈ ਮਾਰਿਆ ਜਾਂਦਾ ਏ। ਕਿਸੇ ਵੇਲੇ ਧੀਆਂ ਭੈਣਾਂ ਵਾਲੇ ਵਿਹੜੇ ਵੜਨ ਵਾਲਾ ਖੰਘੂਰਾ ਮਾਰ ਕੇ ਆਪਣੇ ਆਉਣ ਦਾ ਕੁੰਡਾ ਖੜਕਾਉਂਦਾ ਏ। ਕਿਸੇ ਵੇਲੇ ਮੁੰਡੇ ਖੁੰਡੇ ਟੁਰੀਆਂ ਜਾਂਦੀਆਂ ਮੁਟਿਆਰਾਂ ਦਾ ਧਿਆਨ ਆਪਣੇ ਵੱਲ ਕਰਵਾਣ ਲਈ ਖੰਘੂਰੇ ਰਾਹੀਂ ਆਵਾਜ਼ ਮਾਰਦੇ ਨੇ। ਕਿਸੇ ਵੇਲੇ ਸ਼ਰੀਕ ਸ਼ਰੀਕ ਨੂੰ ਬੋਲਿਓਂ ਬਗ਼ੈਰ ਚੱਘਣ ਲਈ ਖੰਘੂਰੇ ਦੀ ਡਾਂਗ ਮਾਰ ਦੇਂਦੇ ਨੇ। ਕਿਸੇ ਵੇਲੇ ਪਿੱਛੇ ਨੂੰ ਅੱਡੀ ਨਾ ਲੱਗਣ ਦੇਣ ਵਾਲੀ ਆਪਣੀ ਘੋੜੀ ਨੂੰ, ਸਵਾਰ ਖੰਘੂਰੇ ਦੀ ਅੱਡੀ ਲਾ ਲੈਂਦੇ ਤੇ ਹਾਲੀ ਕਿਸੇ ਵੇਲੇ ਆਪਣੇ ਬਹੁਤ ਸੁਥਰੇ ਵਗਣ ਵਾਲੇ ਢੱਗਿਆਂ ਉੱਤੇ ਟਿਚਕਾਰੀ ਤੇ ਪਰਾਣੀ ਦੀ ਥਾਂ ਖੰਘੂਰਾ ਵਰਤ ਲੈਂਦੇ ਨੇ। ਕਦੇ-ਕਦੇ ਰਾਗੀ ਗਾਉਣ ਲਗਿਆਂ ਖੰਘੂਰੇ ਦੇ ਗਜ਼ ਨਾਲ ਸੰਘ ਦੀ ਗਾਉਣ ਵਾਲੀ ਨਾਲੀ ਸਾਫ਼ ਕਰ ਲੈਂਦੇ ਨੇ। ਪਰ ਚੌਥੇ ਬੰਦੇ ਦੇ ਉਸ ਖੰਘੂਰੇ ਦਾ ਹੋਰ ਹੀ ਮਤਲਬ ਸੀ—ਆਪਣੇ ਅੰਦਰ ਦੀਆਂ ਲੁਕੀਆਂ ਹੋਈਆਂ ਕਹਾਣੀਆਂ ਦੇ ਖੋਭੇ 'ਚੋਂ ਦੀ ਆਪਣੇ ਜੁੱਤੀ ਵਾਲੇ ਪੈਰ ਸਾਫ਼ ਲੈ ਕੇ ਨਿਕਲਣ ਲਈ ਇਕ ਵੱਡਾ ਹੰਭਲਾ

Academy of the Punjab in North America: http://www.apnaorg.com

ਸੀ। ਜਾਂ ਉਹ ਖੰਘੂਰਾ ਉਹਦੇ ਅੰਦਰ ਦੇ ਭੇਤ-ਸੰਦੂਕ ਦਾ ਜਿੰਦਰਾ ਟੁੱਟਣ ਦੀ ਆਵਾਜ਼ ਸੀ। ਜਾਂ ਫੇਰ ਸ਼ਾਇਦ ਗੱਲ ਕਰਨ ਵਾਲਾ ਖੰਘੂਰੇ ਰਾਹੀਂ ਆਪਣਾ ਹੌਸਲਾ ਇਕੱਠਾ ਕਰ ਰਿਹਾ ਸੀ, ਤਾਂ ਜੁ ਉਹ ਦਲੇਰੀ ਨਾਲ ਗੱਲ ਸ਼ੁਰੂ ਕਰ ਸਕੇ। ਇਹ ਸਹੀ ਫ਼ੈਸਲਾ ਕਿ ਉਸ ਖੰਘੂਰੇ ਦਾ ਅਸਲ ਮਤਲਬ ਕੀ ਸੀ, ਬਹੁਤ ਮੁਸ਼ਕਲ ਕੰਮ ਏ। ਪਰ ਇਹ ਗੱਲ ਤੇ ਪੱਕੀ ਸੀ ਜੇ ਗੱਲ ਕਰਨ ਵਾਲੇ ਉੱਤੇ ਉਹ ਵੇਲਾ ਭਾਰੀ ਸੀ ਤੇ ਉਹਨੂੰ ਏਸ ਔਖ ਵਿਚ ਫਸਿਆ ਵੇਖ ਕੇ ਈ ਪਹਿਲਾ ਬੰਦਾ ਹੱਸਿਆ ਸੀ। ਬੰਦਾ ਪਤਾ ਨਹੀਂ ਕਿਉਂ ਦੂਜਿਆਂ ਨੂੰ ਔਖ ਵਿਚ ਵੇਖ ਕੇ ਖ਼ੁਸ਼ ਹੁੰਦਾ ਏ ?

ਉਹ ਪੰਜ ਸ਼ਿਕਾਰੀ ਦੋਸਤ, ਉਸ ਰਾਤ, ਉਸ ਬੇਲੇ ਵਿਚ ਬੈਠੇ ਆਪਣੀ ਆਪਣੀ ਹੱਡ-ਬੀਤੀ ਦਾ ਇਕ-ਇਕ ਨਵਾਂ ਟੁਕੜਾ ਸੁਣਾ ਰਹੇ ਸਨ। ਜਿਹੜਾ ਅੱਗੇ ਕਦੇ ਉਹਨਾਂ ਦੇ ਅੰਦਰੋਂ ਬਾਹਰ ਨਹੀਂ ਸੀ ਨਿਕਲਿਆ। ਹਰ ਬੰਦੇ ਦੇ ਅੰਦਰ ਦਾ ਇਕ-ਇਕ ਨਵਾਂ ਨਕੋਰ ਸੱਚ! ਤੇ ਏਸ ਈ ਵਜ੍ਹਾ ਤੋਂ ਉਹਨਾਂ ਪੰਜਾਂ ਸ਼ਿਕਾਰੀਆਂ ਤੇ ਉਹਨਾਂ ਦੀਆਂ ਕਹਾਣੀਆਂ ਦੇ ਕਿਸੇ ਵੀ ਕਿਰਦਾਰ ਦਾ ਨਾਂ ਲਿਖਣਾ ਮੁਨਾਸਬ ਤੇ ਵਾਜਬ ਨਹੀਂ। ਅਸੀਂ ਉਹਨਾਂ ਪੰਜਾਂ ਬੰਦਿਆਂ ਨੂੰ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਨੰਬਰ ਦੇਨੇ ਆਂ ਤੇ ਉਹਨਾਂ ਦੀਆਂ ਕਹਾਣੀਆਂ ਦੇ ਕਿਰਦਾਰਾਂ ਲਈ ਅਲਫ਼-ਬੇ, ਜੀਮ ਜਿਹੇ ਫ਼ਰਜ਼ੀ ਨਾਂ ਵਰਤਾਂਗੇ।

ਉਹ ਪੋਹ ਦੀ ਐਸੀ ਰਾਤ ਸੀ, ਜਿਹਦੇ ਵਿਚ ਚੰਨ ਨਹੀਂ ਚੜ੍ਹਦਾ, ਰਾਤ ਹਨੇਰੀ ਤੇ ਰੱਜ ਕੇ ਠੰਢੀ ਸੀ। ਕੱਕਰ ਨਜ਼ਰੀਂ ਤਾਂ ਨਹੀਂ ਸੀ ਆਉਂਦਾ, ਪਰ ਉੱਤੇ ਪੈਂਦਾ ਜਾਪਦਾ ਸੀ। ਝਿਲ-ਮਿਲ ਝਿਲ-ਮਿਲ ਕਰਦੇ ਵੱਡੇ-ਛੋਟੇ ਤਾਰਿਆਂ ਨਾਲ ਅਸਮਾਨ ਏਨਾ ਭਰਿਆ ਤੇ ਲੱਦਿਆ ਹੋਇਆ ਸੀ ਕਿ ਉਹਨਾਂ ਦੇ ਭਾਰ ਨਾਲ ਝੁਕ ਕੇ ਬਹੁਤ ਨੀਵਾਂ ਆ ਗਿਆ ਲੱਗਦਾ। ਵੱਡੇ ਜੰਗਲ ਦੇ ਨਾਲ ਦੇ ਬੇਲੇ ਵਿਚ ਇਕ ਸਾਫ਼ ਪੱਧਰੀ ਥਾਂ ਤੇ ਉਹ ਲੋਕ ਅੱਗ ਦਾ ਵੱਡਾ ਸਾਰਾ ਭਾਂਬੜ ਬਾਲ ਕੇ ਉਹਦੇ ਆਲੇ-ਦੁਆਲੇ ਬੈਠੇ ਹੋਏ ਸਨ। ਰਾਤ ਦੇ ਪਹਿਲੇ ਪਹਿਰ ਏਸ ਦੀ ਅੱਗ ਉੱਤੇ ਉਹਨਾਂ ਆਪਣਾ ਮਾਰਿਆ ਹੋਇਆ ਸ਼ਿਕਾਰ ਭੁੰਨਿਆ, ਖਾਧਾ ਤੇ ਏਸ ਹੀ ਅੱਗ ਦਵਾਲੇ ਬਹਿ ਕੇ ਬੇਲੇ ਵਿਚ ਸ਼ਿਕਾਰ ਦੀ ਉਹ ਠੰਢੀ ਸੀਤ ਰਾਤ, ਜਾਗ ਕੇ ਕੱਟਣ ਲਈ ਬਾਤਾਂ ਪਾ ਰਹੇ ਸਨ। ਇਹੋ ਜਿਹੀਆਂ ਰਾਤਾਂ, ਬਾਤਾਂ ਪਾਉਣ ਤੇ ਸੁਣਨ ਲਈ ਬਹੁਤ ਮੁਨਾਸਬ ਹੁੰਦੀਆਂ ਨੇ ਤੇ ਸ਼ਿਕਾਰੀ ਭਾਵੇਂ ਕਿਸੇ ਮੁਲਕ, ਕਿਸੇ ਉਮਰ, ਕਿਸੇ ਤਰ੍ਹਾਂ ਦੇ ਹੋਣ, ਆਪਣੀਆਂ ਕਹਾਣੀਆਂ ਬਹੁਤ ਵਧਾਅ ਚੜ੍ਹਾਅ ਕੇ ਸੁਣਾਉਣ ਦੇ ਸ਼ੌਕੀਨ ਹੁੰਦੇ ਨੇ ਤੇ ਜੇ ਉਹ ਆਪਣੇ ਸ਼ਿਕਾਰ ਦੀਆਂ ਕਹਾਣੀਆਂ ਸੁਣਾਉਣ ਤੇ ਆ ਜਾਣ ਫੇਰ ਤੇ ਉਹ ਸਹੀ ਮਾਅਨਿਆਂ ਵਿਚ ਗੱਪਾਂ ਦੀ ਥਾਂ ਗਪੌੜ ਛੱਡਦੇ ਨੇ। ਆਪਣੀਆਂ ਇਹਨਾਂ ਸਿਫ਼ਤਾਂ ਤੋਂ ਉਹ ਵੀ ਵਾਕਫ਼ ਲੱਗਦੇ ਨੇ। ਤਾਂ ਹੀ ਤੇ ਉਹਨਾਂ ਹੱਡ-ਬੀਤੀ ਤੇ ਉਹਦੇ ਨਾਲ ਨਵੀਂ ਨਕੋਰ ਸੱਚ ਦੀ ਸ਼ਰਤ ਵੀ ਲਾ ਦਿੱਤੀ ਤੇ ਇਹ ਵੀ ਕਿ ਕਹਾਣੀ ਸ਼ਿਕਾਰੀ ਦੇ ਸ਼ਿਕਾਰ ਵਾਲੇ ਮਾਅਰਕਿਆਂ ਦੀ ਨਾ ਹੋਵੇ।

ਅੱਧਖੜ ਉਮਰਾਂ ਦੇ ਫਿਰਨ ਟੁਰਨ ਵਾਲੇ ਸ਼ਿਕਾਰੀ ਤੇ ਮਜਲਸੀ ਬੰਦਿਆਂ ਕੋਲ ਕਿੰਨਾ ਕੁ ਐਸਾ ਸੱਚ ਰਹਿ ਗਿਆ ਹੁੰਦਾ ਏ, ਜਿਹੜਾ ਉਹ ਕਿਧਰੇ ਨਾ ਕਿਧਰੇ ਵਿਖਾ ਨਾ ਬੈਠੇ ਹੋਣ! ਸੁਣਾ ਨਾ ਬੈਠੇ ਹੋਣ। ਪਰ ਤਾਂ ਵੀ ਹਰ ਬੰਦੇ ਦੇ ਅੰਦਰ ਇਕ ਭੇਤ-ਸੰਦੂਕ ਜ਼ਰੂਰ ਹੁੰਦਾ ਏ ਜਿਹਦੇ ਵਿਚ ਕੁਝ ਅਜਿਹੇ ਸੱਚ ਹੁੰਦੇ ਨੇ ਜਿਹੜੇ ਕਦੇ ਬਾਹਰ



ਦਾ ਮੂੰਹ ਨਹੀਂ ਵੇਖ ਸਕਦੇ ਸਗੋਂ ਉਹ ਬੰਦਾ ਉਹਨਾਂ ਸੱਚਾਂ ਨੂੰ ਆਪਣੇ ਆਪ ਤੋਂ ਵੀ ਲੁਕਾ-ਲੁਕਾ ਕੇ ਰੱਖਦਾ ਏ...ਕਦੇ ਬਾਹਰ ਨਹੀਂ ਕੱਢਦਾ ਜਾਂ ਕੱਢ ਨਹੀਂ ਸਕਦਾ। ਉਸ ਰਾਤ ਅਜਿਹੇ ਸੱਚ ਹੀ ਕੌੜਿਆਂ ਹੁੰਦਿਆਂ ਮੂੰਹਾਂ 'ਚੋਂ ਨਿਕਲ ਨਿਕਲ ਕੇ ਅੱਗ ਵਿਚ ਡਿੱਗ ਰਹੇ ਸਨ। ਖ਼ੌਰੇ ਏਸ ਕਰਕੇ ਹੀ ਕਹਾਣੀ ਸੁਣਾਉਣ ਵਾਲਾ ਹਰ ਬੰਦਾ ਸੋਚ-ਸੋਚ ਕੇ, ਸਹਿਮ-ਸਹਿਮ ਕੇ, ਡਰ-ਡਰ ਕੇ ਬਹੁਤ ਥੋੜਿਆਂ-ਥੋੜਿਆਂ ਲਫ਼ਜ਼ਾਂ ਵਿਚ ਇਕ-ਇਕ ਕਹਾਣੀ ਸੁਣਾ ਰਿਹਾ ਸੀ।

ਉਂਵ ਤਾਂ ਬੰਦਾ ਆਪਣੇ-ਆਪ ਦਾ ਵੀ ਪੂਰਾ ਭੇਤੀ ਨਹੀਂ ਹੁੰਦਾ, ਇੰਵ ਉਹ ਸਾਰੇ ਵੀ ਇਕ ਦੂਜੇ ਦੇ ਬਹੁਤ ਭੇਤੀ ਤੇ ਨਹੀਂ ਸਨ। ਉਦਾਂ ਉਹ ਪੰਜੇ ਬਹੁਤ ਚੰਗੇ ਤੇ ਗੂੜ੍ਹੇ ਯਾਰ ਸਨ। ਨੰਬਰ ਇਕ, ਦੋ ਤੇ ਤਿੰਨ ਦੂਰ-ਦੁਰਾਡੇ ਦੇ ਤਿੰਨ ਹੋਰ ਹੋਰ ਜ਼ਿਲ੍ਹਿਆਂ ਦੇ ਰਹਿਣ ਵਾਲੇ ਤੇ ਨੰਬਰ ਚਾਰ ਤੇ ਪੰਜ ਇਕ ਤਹਿਸੀਲ ਦੇ ਦੋ ਨੇੜੇ-ਨੇੜੇ ਪਿੰਡਾਂ ਦੇ ਵਸਨੀਕ ਸਨ। ਇਕ ਨੰਬਰ ਦੀ ਦੂਜੀ ਘਰਵਾਲੀ ਦੇ ਪੇਕੇ ਪੰਜ ਨੰਬਰ ਦੇ ਪਿੰਡ ਵਿਚ ਸਨ। ਖ਼ੌਰੇ ਏਸ ਲਈ ਹੀ ਚਾਰ ਨੰਬਰ ਤੇ ਪੰਜ ਨੰਬਰ ਇਕ ਦੂਜੇ ਦਾ ਬਹੁਤ ਆਦਰ ਭਾ ਕਰਦੇ। ਹਰ ਵਰ੍ਹੇ ਸਿਆਲ ਵਿਚ ਦਸ ਪੰਦਰਾਂ ਦਿਨ ਉਹ ਸਾਰੇ ਨੰਬਰ ਪੰਜ ਦੇ ਪਰਾਹੁਣੇ ਹੁੰਦੇ ਤੇ ਇਕੱਠੇ ਸ਼ਿਕਾਰ ਖੇਡਦੇ। ਸ਼ਿਕਾਰ ਦੇ ਇਹ ਦਿਨ ਉਹ ਗੱਪਾਂ ਲਾਉਣ ਦੇ ਨਾਲ-ਨਾਲ ਆਪਣੇ-ਆਪਣੇ ਦੁਖ-ਸੁਖ ਵੀ ਇਕ ਦੂਜੇ ਨਾਲ ਫਰੋਲਦੇ।

ਪਹਿਲੋਂ ਉਹ ਛੇ ਸਨ। ਪਰ ਪੰਦਰਾਂ ਵਰ੍ਹੇ ਪਹਿਲੋਂ ਛੇ ਨੰਬਰ ਦੇ ਮਰਨ ਦੇ ਬਾਅਦ ਉਹ ਪੰਜ ਰਹਿ ਗਏ। ਮਰਨ ਵਾਲਾ ਛੇ ਨੰਬਰ, ਚਾਰ ਤੇ ਪੰਜ ਨੰਬਰ ਦੇ ਪਿੰਡਾਂ ਦੇ ਵਿਚਕਾਰ ਇਕ ਪਿੰਡ ਦੇ ਰਹਿਣ ਵਾਲਾ ਸੀ ਤੇ ਚਾਰ ਨੰਬਰ ਦਾ ਲੰਗੋਟੀਆ ਯਾਰ ਸੀ। ਪੰਜੇ ਸ਼ਿਕਾਰੀ ਉਹਨੂੰ ਮੂੰਹ ਚਿਤ ਲੱਗਣ ਵਾਲਾ ਇਕ ਦਲੇਰ, ਅੱਛਾ ਸ਼ਿਕਾਰੀ ਤੇ ਚੰਗੇ ਖਾਂਦੇ ਪੀਂਦੇ ਘਰ ਦਾ ਜਵਾਨ ਤੇ ਆਪਣਾ ਬਹੁਤ ਪਿਆਰਾ ਯਾਰ ਸਮਝਦੇ ਸਨ। ਹਰ ਵਰ੍ਹੇ ਜਦੋਂ ਉਹ ਸਾਰੇ ਸਿਆਲ ਦੇ ਇਹਨਾਂ ਦਿਨਾਂ ਵਿਚ ਇਕੱਠੇ ਹੁੰਦੇ, ਮਰਨ ਵਾਲਾ ਛੇ ਨੰਬਰ ਕਿਸੇ ਨਾ ਕਿਸੇ ਤਰ੍ਹਾਂ, ਕਿਸੇ ਨਾ ਕਿਸੇ ਬਹਾਨੇ, ਕਿਸੇ ਨਾ ਕਿਸੇ ਗੱਲ ਰਾਹੀਂ, ਉਹਨਾਂ ਦੇ ਵਿਚ ਆ ਵੜਦਾ।

ਨੰਬਰ ਚਾਰ ਸ਼ਿਕਾਰੀ ਦਰਮਿਆਨੇ ਜਿਹੇ ਕੱਦ, ਛੀਟਕੇ ਜੁੱਸੇ, ਤੇਜ਼ ਤਿੱਖੇ ਨਕਸ਼ਾਂ ਵਾਲਾ, ਇਕ ਅੱਧਖੜ ਜਿਹੀ ਉਮਰ ਦਾ ਸੀ। ਉਹਦੇ ਸਾਂਵਲੇ ਰੰਗ ਦੇ ਚਿਹਰੇ ਤੇ ਚੀਚਕ ਦੇ ਦਾਗ਼, ਅੱਗ ਦੀ ਲੋਅ ਵਿਚ ਤਾਰਿਆਂ ਵਾਂਗ ਚਮਕਦੇ ਸਨ। ਉਸ ਫੇਰ ਇਕ ਖੰਘੂਰਾ ਮਾਰਿਆ ਤੇ ਆਪਣੀ ਬਾਰਾਂ ਬੋਰ ਦੀ ਦੋਨਾਲੀ ਖੋਲ੍ਹੀ। ਐਸ. ਜੀ. ਦੇ ਦੋ ਕਾਰਤੂਸ ਬੰਦੂਕ 'ਚੋਂ ਕੱਢ ਕੇ ਬੰਦੂਕ ਬੰਦ ਕਰ ਕੇ ਆਪਣੇ ਕੋਲ ਕੰਬਲ ਤੇ ਰੱਖੀ। ਕਾਰਤੂਸ ਕੋਲ ਪਏ ਹੋਏ ਝੋਲੇ ਵਿਚ ਪਾ ਕੇ ਝੋਲੇ ਦਾ ਮੂੰਹ ਬੰਦ ਕਰ ਕੇ ਪਰ੍ਹਾਂ ਦੋਨਾਲੀ ਦੇ ਕੋਲ ਰੱਖ ਦਿੱਤਾ। ਬਾਕੀ ਬੰਦੇ ਉਹਦੇ ਉੱਤੇ ਨਜ਼ਰਾਂ ਜਮਾਈ ਬੈਠੇ ਸਨ। ਜੰਗਲ ਬੇਲਿਆਂ ਵਿਚ ਸ਼ਿਕਾਰ ਖੇਡਣ ਵਾਲੇ ਦਿਨ ਨੂੰ ਆਮ ਤੌਰ ਤੇ, ਰਾਤ ਖ਼ਾਸ ਕਰਕੇ, ਹਰ ਵੇਲੇ ਬੰਦੂਕਾਂ ਭਰ ਕੇ ਰੱਖਦੇ ਨੇ। ਪਤਾ ਨਹੀਂ ਕਿਧਰੋਂ ਸ਼ਿਕਾਰ ਨਿਕਲ ਪਏ, ਕਿਧਰ ਨੂੰ ਟੁਰ ਪਏ, ਕਿਧਰੋਂ ਉੱਤੇ ਆ ਚੜ੍ਹੇ, ਤਾਂ ਵੀ ਆਬਾਦੀ ਤੋਂ ਕੋਹਾਂ ਦੂਰ, ਜੰਗਲੀ ਜਾਨਵਰਾਂ ਨਾਲ ਭਰੇ ਹੋਏ ਬੇਲੇ ਵਿਚ, ਉੱਤੋਂ ਅਤਿ ਹਨੇਰੀ ਰਾਤ ਨੂੰ ਉਸ ਵੇਲੇ ਪਤਾ ਨਹੀਂ ਕਿਉਂ, ਨੰਬਰ ਚਾਰ



Academy of the Punjab in North America: http://www.apnaorg.com

ਨੇ ਆਪਣੀ ਦੋਨਾਲੀ 'ਚੋਂ ਕਾਰਤੂਸ ਕੱਢ ਛੱਡੇ। ਨਹੀਂ ਤੇ ਉਹ ਸਾਰੇ ਤੇ ਸ਼ਿਕਾਰ ਦੇ ਦਿਨਾਂ ਵਿਚ, ਰਾਤ ਦਿਨ ਸਦਾ ਭਰੀਆਂ ਤੇ ਤਿਆਰ ਬੰਦੂਕਾਂ ਹੱਥਾਂ ਵਿਚ ਰੱਖਦੇ ਹੁੰਦੇ।

ਰਾਤ ਚੁੱਪ ਸੀ। ਉਹਨਾਂ ਦੇ ਦਵਾਲੇ ਝਾੜੀਆਂ, ਸਰੂਟੇ, ਕਰੂਟੇ, ਬੂਟੇ ਦਰੱਖ਼ਤ ਤੇ ਉਹਨਾਂ ਵਿਚ ਲੁਕੀ ਹੋਈ ਹਰ ਸ਼ੈਅ ਗਹਿਰੀ ਨੀਂਦ ਸੁੱਤੀ ਲੱਗਦੀ। ਜੰਗਲ ਬੇਲੇ ਦੀ ਰਾਤ ਵਿਚ ਇਕ ਉਹ ਘੜੀ ਵੀ ਆਉਂਦੀ ਏ ਜਦੋਂ ਜੰਗਲ ਬੇਲੇ ਵਿਚ ਉੱਗਣ ਵਾਲੀ ਤੇ ਉਹਦੇ ਵਿਚ ਰਹਿਣ ਵਾਲੀ ਹਰ ਚੀਜ਼ ਚੁੱਪ ਕਰ ਜਾਂਦੀ ਏ। ਇਹ ਉਹ ਘੜੀ ਸੀ। ਕਿਤੋਂ ਬੀਂਡੇ ਦੇ ਬੋਲਣ ਦੀ ਆਵਾਜ਼ ਵੀ ਨਹੀਂ ਆ ਰਹੀ ਸੀ। ਬੱਸ ਅੱਗ ਵਿਚ ਬਲਦੀਆਂ ਲੱਕੜਾਂ ਦੀ ਨਿੰਮ੍ਹੀ-ਨਿੰਮ੍ਹੀ ਸੂੰ-ਸੂੰ ਤੇ ਭਾਂਬੜ ਦੀਆਂ ਹੇਠਾਂ ਉਤਾਂਹ ਹੁੰਦੀਆਂ ਲਾਟਾਂ ਦੇ ਬੇ-ਮਾਲੂਮ ਤੇ ਬੇ-ਆਵਾਜ਼ ਰਾਗ ਨਾਲ ਪੰਜਾਂ ਬੰਦਿਆਂ ਦੇ ਸਾਹ ਲੈਣ ਦੀ ਆਵਾਜ਼ ਆ ਰਹੀ ਸੀ। ਆਲੇ-ਦੁਆਲੇ ਚੁੱਪ-ਚਾਂ ਸੀ। ਚਾਰ ਨੰਬਰ ਨੇ ਤੀਸਰੀ ਵਾਰ ਖੰਘੂਰਾ ਮਾਰਿਆ। ਅੱਗ ਵਿਚ ਭਖਦੇ, ਲਿਸ਼ਕਦੇ ਉਹਦੇ ਚਿਹਰੇ ਤੋਂ ਲੱਗਦਾ ਜਿਵੇਂ ਉਹ ਗੱਲ ਕਰਨ ਲਈ ਹੌਂਸਲਾ ਤੇ ਮੁਨਾਸਬ ਲਫ਼ਜ਼ ਲੱਭਣ ਦੀ ਅਜ਼ੀਅਤ ਦਾ ਸ਼ਿਕਾਰ ਹੋਵੇ।

ਅਖ਼ੀਰ ਉਸ ਇਕ ਲੰਮਾ ਸਾਹ (ਜਿਹੜਾ ਹੌਕੇ ਨਾਲ ਰਲਦਾ ਮਿਲਦਾ ਸੀ) ਲਿਆ ਤੇ ਹੌਲੀ ਹੌਲੀ ਕਹਿਣ ਲੱਗਾ, "ਉਹ ਯਾਰੋਂ ਵੱਧ ਮੇਰਾ ਭਰਾ ਸੀ। ਸਾਡੇ ਵਿਚ ਕਦੇ ਕੋਈ ਸ਼ੈਅ ਨਹੀਂ ਸੀ ਆਈ, ਨਹੀਂ ਸੀ ਆ ਸਕਦੀ। ਰਾਤ ਦਿਨ ਅਸੀਂ ਇਕੱਠੇ ਰਹਿੰਦੇ, ਮੌਜਾਂ ਲੁੱਟਦੇ। ਸਾਡੇ ਵਿੱਚੋਂ ਦੀ ਤੇ ਹਵਾ ਵੀ ਨਾ ਲੰਘ ਸਕਦੀ। ਉਹਨੂੰ ਦੁਨੀਆ ਦੀ ਨਜ਼ਰ ਨੇ ਖਾ ਲਿਆ ਤੇ ਮੇਰੀ ਅਕਲ ਤੇ ਪੱਥਰ ਪੈ ਗਏ। ਹੁਣ ਹੱਥਾਂ ਤੇ ਚੱਕ ਵੱਢਣ ਨਾਲ ਕੀ ਹਾਸਲ ?"

ਗੱਲ ਕਰਦਾ-ਕਰਦਾ ਉਹ ਇਕ ਦਮ ਚੁੱਪ ਹੋ ਗਿਆ ਜਿਵੇਂ ਗੱਲ ਉਹਦੇ ਸੰਘ ਵਿਚ ਅੜ ਗਈ ਹੋਵੇ। ਚਾਰੇ ਸੁਣਨ ਵਾਲੇ ਟਿਕ-ਟਿਕੀ ਲਾਏ ਉਹਦੇ ਮੂੰਹ ਵੱਲ ਵੇਖਣ ਡਹੇ ਸਨ ਤੇ ਉਹ ਅੱਗ ਦੇ ਭਾਂਬੜ ਵਿਚ ਵੇਖੀ ਜਾ ਰਿਹਾ ਸੀ, ਜਿਵੇਂ ਕਹਾਣੀ ਅੱਗ ਵਿੱਚੋਂ ਲੱਭ ਰਿਹਾ ਹੋਵੇ। ਹੁੰਗੂਰਾ ਦੇਣ ਵਾਲਾ ਉਥੇ ਹਾਜ਼ਰ ਹੀ ਨਾ ਲੱਗਦਾ। ਕੁਝ ਚਿਰ ਚੁੱਪ ਰਹਿਣ ਮਗਰੋਂ ਕਹਾਣੀ ਸੁਣਾਉਣ ਵਾਲਾ ਫਿਰ ਬੋਲਿਆ:

"ਇਕ ਦਿਨ ਮੁਰਗ਼ਾਬੀਆਂ ਮਾਰ ਕੇ ਉਹ ਤੇ ਮੈਂ ਛੰਭ ਤੋਂ ਪਿਛਾਂਹ ਪਿੰਡ ਨੂੰ ਜਾ ਰਹੇ ਸਾਂ। ਆਮ ਰਾਹ ਅਸੀਂ ਲੰਮਾ ਕਰਕੇ ਛੱਡ ਦਿੱਤਾ ਤੇ ਪੈਲੀਆਂ 'ਚੋਂ ਦੀ ਸਿੱਧੇ ਪਿੰਡ ਨੂੰ ਪੈ ਗਏ। ਸਿਆਲ ਦੇ ਦਿਨ ਸਨ। ਚੜ੍ਹਦੇ ਸੂਰਜ ਦੀ ਨਿੰਮ੍ਹੀ-ਨਿੰਮ੍ਹੀ ਧੁੱਪ ਦੇ ਬਾਵਜੂਦ ਡੰਡੀਆਂ ਦੇ ਆਲੇ-ਦੁਆਲੇ ਦਾ, ਤੇ ਵੱਟਾਂ ਉੱਤੋਂ ਦਾ ਘਾਹ ਤ੍ਰੇਲ ਨਾਲ ਭਿੱਜਿਆ ਪਿਆ ਸੀ। ਮੈਂ ਅੱਗੇ ਸਾਂ ਤੇ ਉਹ ਮੇਰੇ ਪਿੱਛੇ ਪਿੱਛੇ ਦੋ ਹੱਥਾਂ ਦੀ ਵਿੱਥ ਤੇ। ਮੇਰੀ ਭਰੀ ਹੋਈ ਬੰਦੂਕ ਮੇਰੇ ਮੋਢੇ ਤੇ ਸੀ। ਬੰਦੂਕ ਦੇ ਬੱਟ ਉੱਤੇ ਮੇਰਾ ਹੱਥ ਸੀ ਤੇ ਨਾਲੀ ਪਿਛਾਂਹ ਨੂੰ ਸੀ। ਜਿਹੜੀ ਵੱਟ ਤੋਂ ਅਸੀਂ ਉਸ ਵੇਲੇ ਲੰਘ ਰਹੇ ਸਾਂ ਉਹਦੇ ਦੋਹਾਂ ਪਾਸਿਆਂ ਤੇ ਕਮਾਦ ਸੀ, ਸਿਵਾਏ ਆਸਮਾਨ ਦੇ ਉਥੋਂ ਹੋਰ ਕਿਸੇ ਬੰਨੇ ਕੁਝ ਨਜ਼ਰੀਂ ਨਾ ਆਉਂਦਾ। ਵੱਟ ਦੇ ਤ੍ਰੇਲ ਨਾਲ ਭਿੱਜੇ ਘਾਹ ਤੋਂ ਜਿਉਂ ਮੇਰਾ ਪੈਰ ਤਿਲਕਿਆ ਤੇ ਮੇਰੇ ਸੰਭਲਦਿਆਂ ਸੰਭਲਦਿਆਂ ਅਫ਼ਰਾ-ਤਫ਼ਰੀ ਵਿਚ ਕਿਤੇ ਘੋੜੇ ਤੇ ਮੇਰਾ ਹੱਥ ਜਾ ਪਿਆ, ਬੰਦੂਕ ਚੱਲ ਗਈ। ਚਾਰ ਨੰਬਰ ਦੇ ਕਾਰਤੂਸ ਨੇ ਇਕ ਹੱਥ ਦੀ ਵਿੱਥ ਤੋਂ ਮੇਰੇ ਯਾਰ ਦਾ ਸੀਨਾ



ਛਾਨਣੀ ਕਰ ਦਿੱਤਾ...ਰੱਸੀ ਨਾਲ ਬੱਝੀਆਂ ਮੁਰਗ਼ਾਬੀਆਂ ਤੇ ਬੰਦੂਕ ਉਹਦੇ ਹੱਥੋਂ ਨਿਕਲ ਕੇ ਦੂਰ ਜਾ ਡਿੱਗੀਆਂ, ਤੇ ਉਹ ਭੋਇੰ ਤੇ ਜਾ ਪਿਆ। ਉਹ ਮੇਰੇ ਸਾਹਮਣੇ ਡਿੱਗਾ ਹੋਇਆ, ਛੱਰਾ ਵੱਜੇ ਹੋਏ ਤਿੱਤਰ ਵਾਂਗ, ਲੋਟ ਪੋਟ ਹੋਣ ਲੱਗ ਪਿਆ।"

"ਇਹ ਤੇ ਛੇ ਨੰਬਰ ਦੀ ਕਹਾਣੀ ਏ।" ਨੰਬਰ ਦੋ ਬੁੜਕ ਪਿਆ, "ਤੇ ਅਸਾਂ ਸਾਰਿਆਂ ਏਨੀ ਵਾਰ ਸੁਣੀ ਏ ਕਿ ਇਹਦਾ ਇਕ-ਇਕ ਹਰਫ਼ ਅਸੀਂ ਜਾਣਦੇ ਆਂ। ਕਿਵੇਂ ਫੇਰ ਤੂੰ ਦੌੜ ਕੇ ਪਿੰਡ ਅਪੜਿਓਂ, ਕਿਵੇਂ ਛੇ ਕੋਹ ਪੈਂਡੇ ਦੇ ਸਾਰੇ ਰਾਹ ਉਹਦਾ ਲਹੂ ਵੱਗਦਾ ਰਿਹਾ, ਕਿਵੇਂ ਹਸਪਤਾਲ ਪੁਲਸ ਆ ਗਈ, ਕਿਵੇਂ ਉਹ ਪੁਲਸ ਨਾਲ ਦੋ ਗੱਲਾਂ ਕਰ ਕੇ ਈ ਮਰ ਗਿਆ, ਭਰੀ ਹੋਈ ਬੰਦੂਕ ਨੂੰ ਬੇ-ਇਹਤਿਆਤੀ ਨਾਲ ਫੜਨ ਦੀ ਵਜ੍ਹਾ ਤੋਂ ਕਿਵੇਂ ਹੀਰੇ ਵਰਗਾ ਯਾਰ, ਯਾਰ ਦੇ ਹੱਥੋਂ ਮਰ ਗਿਆ।"

"ਨਿੱਕੀ ਜਿਹੀ ਗ਼ਲਤੀ ਨਾਲ ਕਿੱਡਾ ਵੱਡਾ ਹਾਦਸਾ ਹੋ ਗਿਆ।" ਨੰਬਰ ਇਕ ਬੋਲਿਆ, "ਸਾਨੂੰ ਕਾਹਦੀ ਭੁੱਲ ਏ ਭਾਈ, ਤੂੰ ਸਾਨੂੰ ਨਵੀਂ ਨਕੋਰ ਹੱਡ-ਬੀਤੀ ਦੇ ਬੁੱਤੇ ਵਿਚ ਚਾਰ ਰਿਹਾ ਏਂ! ਕਿਉਂ ?"

"ਇਹ ਗ਼ਲਤੀ ਨਹੀਂ ਸੀ ਬੇਵਕੂਫ਼ੋ ਤੇ ਨਾ ਮੈਂ ਤੁਹਾਨੂੰ ਚਾਰ ਰਿਹਾ ਆਂ।" ਨੰਬਰ ਚਾਰ ਚੀਕ ਪਿਆ। ਨੰਬਰ ਚਾਰ ਦੇ ਚੀਕਣ ਤੇ ਪਤਾ ਨਹੀਂ ਕਿਉਂ ਉਹ ਸਾਰੇ ਹੱਸ ਪਏ, ਸਿਵਾਏ ਪੰਜ ਨੰਬਰ ਦੇ, ਜਿਹੜਾ ਬੜੇ ਧਿਆਨ ਨਾਲ ਚਾਰ ਨੰਬਰ ਵੱਲ ਵੇਖ ਰਿਹਾ ਸੀ।

ਤਿੰਨ ਨੰਬਰ ਪਹਿਲੀ ਵਾਰ ਬੋਲਿਆ, "ਪੁਲਸ ਨੇ ਵੀ ਉਹਦੀ ਮੌਤ ਹਾਦਸਾਤੀ ਲਿਖੀ ਤੇ ਦੁਨੀਆ ਵੀ ਇਹੋ ਜਾਣਦੀ ਏ ਤੇ ਇਹਦੇ ਵਿਚ ਗ਼ਲਤ ਕੀ ਏ ? ਚਿੱਟੇ ਦਿਨ ਹੋਸ਼ ਹਵਾਸ ਵਿਚ ਸੌ ਬੰਦੇ ਤੇ ਪੁਲਸ ਦੇ ਰੂਬਰੂ ਛੇ ਨੰਬਰ ਆਪ ਆਖਿਆ ਸੀ ਕਿ ਮੇਰਾ ਯਾਰ ਤਿਲ੍ਹਕ ਨਾ ਪੈਂਦਾ ਤੇ ਬੰਦੂਕ ਨਾ ਚੱਲਦੀ। ਇਹਦੇ ਵਿਚ ਕਿਸੇ ਦਾ ਵੀ ਦੋਸ਼ ਨਹੀਂ, ਨਾ ਉਹਦਾ, ਨਾ ਬੰਦੂਕ ਦਾ।"

"ਛੇ ਨੰਬਰ ਨੇ ਜਾਣ ਕੇ ਝੂਠ ਬੋਲਿਆ ਸੀ ਮਰਦਿਆਂ...ਇਹ ਹਾਦਸਾਤੀ ਮੌਤ ਨਹੀਂ ਸੀ। ਇਹ ਈ ਤੇ ਮੈਂ ਕਲਪ ਰਿਹਾ ਆਂ। ਇਹ ਕਤਲ ਸੀ, ਸਿੱਧਾ ਤੇ ਸਾਫ਼ ਕਤਲ," ਚਾਰ ਨੰਬਰ ਨੇ ਰੋਣ ਹਾਕੀ ਚੀਕ ਮਾਰੀ।

"ਛੇ ਨੰਬਰ ਝੂਠ ਨਹੀਂ ਸੀ ਮਾਰਿਆ ਕੋਈ।" ਇਕ ਨੰਬਰ ਬੇ-ਸਬਰੀ ਤੇ ਗੁੱਸੇ ਨਾਲ ਆਖਿਆ, "ਤੂੰ ਝੂਠ ਮਾਰ ਰਿਹਾ ਏਂ ਹੁਣ। ਗੱਲ ਨੂੰ ਰੰਗ ਚਾੜ੍ਹਨ ਲਈ ਪਤਾ ਨਹੀਂ ਤੂੰ ਕੀ ਝੂਠ ਦੇ ਪੁਲੰਦੇ ਬੰਨ੍ਹ ਰਿਹਾ ਏਂ।"

"ਢੱਠੇ ਖੂਹ ਵਿਚ ਪਵੋ...ਤੁਸੀਂ ਸਾਰੇ ਆਪ ਬੇਈਮਾਨ ਤੇ ਝੂਠੇ ਓ।" ਚਾਰ ਨੰਬਰ ਇੱਕੋ ਵਾਰ ਜ਼ੋਰ ਜ਼ੋਰ ਦੀ ਰੋਣ ਲੱਗ ਪਿਆ।

ਉਸ ਆਪਣਾ ਮੂੰਹ ਗੋਡਿਆਂ ਵਿਚ ਦੇ ਲਿਆ। ਉਹ ਰੋਈ ਜਾਂਦਾ ਤੇ ਉਹਦਾ ਸਾਰਾ ਜਿਸਮ ਹਿੱਲੀ ਜਾਂਦਾ।

ਅੱਗ ਦੇ ਆਲੇ-ਦੁਆਲੇ ਬੈਠੇ ਸਾਰੇ ਬੰਦੇ ਹੈਰਾਨ ਪਰੇਸ਼ਾਨ ਹੋ ਕੇ ਚੁੱਪ ਹੋ ਗਏ, ਉਹ ਠਠੰਬਰ ਗਏ, ਚਾਰ ਨੰਬਰ ਦੀ ਗੱਲ ਤੋਂ ਨਹੀਂ, ਉਹਦੇ ਰੋਣ ਤੋਂ, ਉਹਦੀਆਂ ਅੱਖਾਂ ਵਿੱਚੋਂ ਵੱਗਦੇ ਹੋਏ ਸੱਚ ਤੋਂ...! ਚੌਹ 'ਚੋਂ ਤਿੰਨ ਬੰਦੇ ਤੇ ਉਹਦੀਆਂ ਗੱਲਾਂ ਨੂੰ ਮਖ਼ੌਲ ਹੀ

Academy of the Punjab in North America: http://www.apnaorg.com

ਸਮਝ ਰਹੇ ਸਨ, ਪਰ ਉਹਦਾ ਰੋਣ ਕੁਝ ਹੋਰ ਈ ਦੱਸ ਰਿਹਾ ਸੀ, ਜਿਹੜੇ ਬੰਦੇ ਦਾ ਉਹਨਾਂ ਪਿਛਲੇ ਵੀਹਾਂ ਵਰ੍ਹਿਆਂ ਵਿਚ ਕਿਧਰੇ ਅੱਥਰੂ ਵੱਗਦਾ ਨਹੀਂ ਸੀ ਵੇਖਿਆ, ਉਹ ਬਾਲਾਂ ਵਾਂਗ ਬੁਕ ਬੁਕ ਰੋ ਰਿਹਾ ਸੀ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰਨ ?

"ਅਸੀਂ ਸੁਣਨੇ ਆਂ ਤੂੰ ਗੱਲ ਕਰ, ਪਰ ਰੱਬ ਦੇ ਵਾਸਤੇ ਪਹਿਲੋਂ ਇਹ ਸਵਾਣੀਆਂ ਵਾਂਗ ਰੋਣਾ ਬੰਦ ਕਰ।" ਇਕ ਨੰਬਰ ਨੇ ਆਖਿਆ।

ਕੋਈ ਘੜੀ ਕੁ ਪਿੱਛੋਂ ਉਹਦਾ ਜਿਸਮ ਹਿਲਣੋਂ ਹਟ ਗਿਆ ਤੇ ਉਹਦਾ ਰੋਣ ਬੰਦ ਹੋ ਗਿਆ। ਉਸ ਅੱਥਰੂਆਂ ਨਾਲ ਭਰਿਆ ਚਿਹਰਾ ਗੋਡਿਆਂ 'ਚੋਂ ਉਤਾਂਹ ਚੁੱਕ ਕੇ ਸਾਰਿਆਂ ਵੱਲ ਵਾਰੋ-ਵਾਰੀ ਆਪਣੀਆਂ ਕੋਲਿਆਂ ਵਾਂਗ ਬਲਦੀਆਂ ਅੱਖਾਂ ਨਾਲ ਵੇਖਿਆ। ਇਕ ਲੰਮਾ ਸਾਹ ਲੈ ਕੇ ਉਹ ਕਹਿਣ ਲੱਗਾ—

"ਮੈਂ ਖ਼ੁਦਾ ਨੂੰ ਹਾਜ਼ਰ ਜਾਣ ਕੇ ਆਖਦਾ ਆਂ ਕਿ ਉਹ ਗ਼ਲਤੀ ਨਾਲ ਨਹੀਂ ਸੀ ਮਰਿਆ, ਮੈਂ ਮਸੀਤੇ ਚੜ੍ਹਨ ਲਈ ਤਿਆਰ ਆਂ ਕਿ ਘੋੜਾ ਡਿੱਗਣ ਲੱਗਿਆਂ ਆਪਣੇ ਆਪ ਨਹੀਂ ਸੀ ਦੱਬਿਆ ਗਿਆ, ਮੈਂ ਜਾਣ ਕੇ ਦੱਬਿਆ ਸੀ।...ਮੈਂ ਉਹਨੂੰ ਮਾਰਨਾ ਚਾਹੁੰਦਾ ਸਾਂ। ਮੈਂ ਉਹਨੂੰ ਮਾਰ ਦਿੱਤਾ, ਬੱਸ!"

ਚਾਰੇ ਬੰਦੇ ਕੰਬ ਗਏ...ਕਾਫ਼ੀ ਦੇਰ ਤੀਕ ਕੋਈ ਕੁਝ ਨਾ ਬੋਲਿਆ। ਖ਼ੌਰੇ ਸੱਚ ਦੀ ਦਹਿਸ਼ਤ ਨੇ ਉਹਨਾਂ ਤੋਂ ਬੋਲਣ ਦੀ ਤਾਕਤ ਖੋਹ ਲਈ ਸੀ। "ਪਰ ਕਿਉਂ ?" ਬੜੇ ਚਿਰ ਪਿੱਛੋਂ ਇਕ ਨੰਬਰ ਬੋਲਣ ਦੇ ਕਾਬਲ ਹੋ ਸਕਿਆ ਲੱਗਦਾ। ਚਾਰ ਨੰਬਰ ਨੇ ਆਪਣੀ ਚਾਦਰ ਦੀ ਡੱਬ ਨਾਲ ਆਪਣਾ ਅੱਥਰੂਆਂ ਭਰਿਆ ਮੂੰਹ ਪੂੰਝਿਆ ਤੇ ਹੌਲੀ ਜਿਹੀ ਕਹਿਣ ਲੱਗਾ—

"ਉਹਦੇ ਤੇ ਮੇਰੇ ਵਿਚ ਇਕ ਰੰਨ ਆ ਗਈ ਸੀ।"

"ਕਿਹੜੀ ਰੰਨ ?" ਦੋ ਤੇ ਤਿੰਨ ਨੰਬਰ ਨੇ ਇਕੱਠਿਆਂ ਈ ਪੁੱਛਿਆ, ਪਿਛਲੇ ਪੰਦਰਾਂ ਵਰ੍ਹਿਆਂ ਵਿਚ ਪਹਿਲੀ ਵਾਰ ਛੇ ਨੰਬਰ ਦੀ ਕਹਾਣੀ ਵਿਚ ਕੋਈ ਰੰਨ ਆ ਵੜੀ ਸੀ। ਕਦੇ ਕਦੇ ਤੇ ਪਿੰਡਾਂ ਵਿਚ ਕਿਸੇ ਮਰਦ ਤੇ ਰੰਨ ਦਾ ਮੁਆਮਲਾ ਐਸਰਾਂ ਢੱਕਿਆ ਛੁਪਿਆ ਰਹਿ ਜਾਂਦਾ ਏ, ਜਿਸ ਤਰ੍ਹਾਂ ਸੰਘਣੀ ਫ਼ਸਲ ਹੇਠ ਜ਼ਮੀਨ ਨਜ਼ਰ ਈ ਨਹੀਂ ਆਉਂਦੀ।

"ਇਹ ਨਹੀਂ ਦੱਸਣਾ! ਭਾਵੇਂ ਤੁਸੀਂ ਮੈਨੂੰ ਗੋਲੀ ਮਾਰ ਦਿਓ।" ਉਸ ਕਿਹਾ ਤੇ ਉਹ ਉਠ ਕੇ ਖਲੋ ਗਿਆ। ਬੜੇ ਹੌਸਲੇ ਤੇ ਬੜੀ ਤਸੱਲੀ ਨਾਲ ਕਹਿਣ ਲੱਗਾ—

"ਮੈਂ ਆਪਣੀ ਬੰਦੂਕ ਵਿੱਚੋਂ ਕਾਰਤੂਸ ਕੱਢ ਛੱਡੇ ਨੇ ਤੇ ਹੁਣ ਮੈਂ ਨਿਹੱਥਾ ਤੁਹਾਡੇ ਸਾਹਮਣੇ ਖੜਾ ਆਂ...ਤੁਹਾਡੇ 'ਚੋਂ ਕੋਈ ਆਪਣੇ ਯਾਰ ਦਾ ਬਦਲਾ ਲੈਣ ਲਈ ਜੇ ਮੈਨੂੰ ਗੋਲੀ ਮਾਰਨਾ ਚਾਹੁੰਦਾ ਏ ਤਾਂ ਮੈਂ ਹਾਜ਼ਰ ਆਂ ਮਾਰੋ ਮੈਨੂੰ ਗੋਲੀ!"

ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਸੀ। ਉਹ ਚੁੱਪ-ਚਾਪ ਸਾਹ ਘੁੱਟੀ ਬੈਠੇ ਆਪਣੇ ਸਾਹਮਣੇ ਆਕੜ ਕੇ ਖਲੋਤੇ ਨੰਬਰ ਚਾਰ ਦੇ ਬੁੱਤ ਨੂੰ ਦੇਖਦੇ ਰਹੇ ਤੇ ਜਿਵੇਂ ਉਸ ਇਕ ਘੜੀ ਪਲ ਵਿਚ ਈ ਪੰਦਰਾਂ ਵਰ੍ਹੇ ਲੰਘ ਗਏ। ਅੰਦਰ ਖੌਲਦੇ ਸੱਚ ਤੇ ਹੱਥੋਂ ਨਿਕਲੀ ਜਾਂਦੀ ਨਮੋਸ਼ੀ, ਸ਼ਰਮਿੰਦਗੀ, ਗ਼ੁੱਸੇ ਤੇ ਆਪਣੇ ਆਪ ਨੂੰ ਨਫ਼ਰਤ ਕਰਦੀ ਹੋਈ ਜ਼ਬਾਨ 'ਚੋਂ ਵੀ ਨੰਬਰ ਚਾਰ ਉਸ ਰੰਨ ਦਾ ਨਾਂ ਨਾ ਦੱਸਿਆ।

(ਇਕ ਮਰਦ ਨਮੋਸ਼ੀ ਤੋਂ ਤੇ ਇਕ ਵੱਸਦਾ ਘਰ ਤਬਾਹੀ ਬਰਬਾਦੀ ਤੋਂ ਬਚ ਗਿਆ)



Academy of the Punjab in North America: http://www.apnaorg.com

ਖ਼ੌਰੇ ਏਸੇ ਪਾਰੋਂ ਨੰਬਰ ਪੰਜ ਨੂੰ ਹਯਾਤੀ ਵਿਚ ਪਹਿਲੀ ਵਾਰ ਉਹਦੇ ਤੇ ਪਿਆਰ ਆਇਆ ਤੇ ਉਸ ਉਹਨੂੰ ਬਾਹੋਂ ਫੜ ਕੇ ਥੱਲੇ ਬਿਠਾ ਦਿੱਤਾ ਤੇ ਉਹਨੂੰ ਆਪਣੀ ਭਾਰੀ ਤੇ ਜਚੀ ਤੁਲੀ 'ਵਾਜ ਵਿਚ ਕਹਿਣ ਲੱਗਾ :

"ਜੇ ਉਸ ਆਪ ਤੈਨੂੰ ਮੁਆਫ਼ ਕਰ ਛੱਡਿਆ ਸੀ ਤੇ ਅੱਲ੍ਹਾ ਵੀ ਤੈਨੂੰ ਮੁਆਫ਼ ਕਰੇ। ਅਸਾਂ ਤੈਨੂੰ ਕੀ ਆਖਣਾ ਏ।" ਪੰਜ ਨੰਬਰ ਦੀ ਏਸ ਗੱਲ ਤੇ ਸਾਰੇ ਜਾਗ ਪਏ ਲੱਗਦੇ ਸਨ।

"ਉਸ ਇਹਨੂੰ ਮੁਆਫ਼ ਕੀ ਕਰਨਾ ਸੀ ? ਉਸ ਵਿਚਾਰੇ ਨੂੰ ਤੇ ਮਰਨ ਤੀਕ ਪਤਾ ਵੀ ਨਹੀਂ ਚੱਲਿਆ ਹੋਣਾ ਕਿ ਉਹਦਾ ਯਾਰ ਜਾਣ ਕੇ ਉਹਦੇ ਲਹੂ ਨਹਾਤਾ ਏ।" ਇਕ ਨੰਬਰ ਦੂਰ ਕਿਧਰੇ ਹਨੇਰਿਆਂ ਵਿਚ ਵੇਖਦਾ ਹੋਇਆ ਕਹਿਣ ਲੱਗਾ।

"ਉਹਨੂੰ ਬੜਾ ਪਤਾ ਸੀ, ਉਹਨੂੰ ਬੜਾ ਪਤਾ ਸੀ!" ਚਾਰ ਨੰਬਰ ਫੇਰ ਰੋਣ ਲੱਗ ਪਿਆ ਤੇ ਬੋਲਿਆ, "ਪਹਿਲੇ ਦਿਨ ਉਹਦੇ ਅੱਗੇ ਲੱਗ ਕੇ ਮੈਂ ਟੁਰਿਆ...ਪਹਿਲੀ ਵਾਰ ਮੈਂ ਉਹਨੂੰ ਰਾਹੋਂ ਕੁਰਾਹੇ ਪਾਇਆ...ਪਹਿਲੀ ਵਾਰ ਮੈਂ ਭਰੀ ਹੋਈ ਬੰਦੂਕ ਕੁੰਢਾਂ ਵਾਂਗ ਫੜੀ।" ਉਹਦੀਆਂ ਬਾਜ਼ ਵਰਗੀਆਂ ਅੱਖੀਆਂ ਸਭ ਕੁਝ ਵੇਖ ਜਾਂਚ ਰਹੀਆਂ ਸਨ। ਪਰ ਉੱਤੋਂ ਉਹ ਹੱਸ ਰਿਹਾ ਸੀ। ਕੀ ਤੁਹਾਡਾ ਖ਼ਿਆਲ ਏ, ਉਹ ਬਾਲ ਸੀ ਕੋਈ, ਜਿਸ ਨੇ ਮੈਨੂੰ ਜਾਣ ਕੇ ਤਿਲ੍ਹਕਦਿਆਂ ਤੇ ਨਾਲੀ ਸਿੱਧੀ ਉਹਦੇ ਦਿਲ ਵੱਲ ਕਰ ਕੇ ਘੋੜਾ ਦੱਬਦਿਆਂ ਨਾ ਵੇਖਿਆ ਹੋਏਗਾ ? ਉਸ ਡਿੱਗਦਿਆਂ ਮੈਨੂੰ ਕਿਹਾ ਸੀ—

"ਓਏ ਟਕੇ ਦੀ ਰੰਨ ਤੋਂ ਯਾਰ ਮਾਰ ਘੱਤਿਆ ਈ, ਉਸ ਤੈਨੂੰ ਵੀ ਚਾਰ ਦਿਨ ਹੰਢਾ ਕੇ ਕਿਸੇ ਯਾਰ ਤੋਂ ਮਰਵਾ ਦੇਣਾ ਏ। ਓਏ ਬਚੀਂ ਉਸ ਰੰਨ ਤੋਂ ਮੂਰਖਾ।" ਤੇ ਫੇਰ ਮੇਰਾ ਬੰਦੂਕ ਚਲਾਉਣ ਵਾਲਾ ਹੱਥ ਚੁੰਮ ਕੇ ਉਸ ਮੈਨੂੰ ਮੁਆਫ਼ ਕਰ ਦਿੱਤਾ ਸੀ।

ਘੜੀ ਕੁ ਉਹ ਸਾਰੇ ਚੁੱਪ-ਚਾਪ ਪੱਥਰ ਹੋਏ ਬੈਠੇ ਰਹੇ। ਰਾਤ ਬੇਲੇ ਵਿਚ ਕਬਰਿਸਤਾਨ ਵਾਲਾ ਸੋਗ ਤੇ ਚੁੱਪ ਸੀ। ਚੌਥੇ ਦੀ ਕਹਾਣੀ ਮੁੱਕ ਚੁੱਕੀ ਸੀ, ਅੱਗੋਂ ਪੰਜਵੇਂ ਦੀ ਵਾਰੀ ਸੀ।

ਅਚਾਨਕ ਰਾਤ ਦੀ ਚੁੱਪ ਸੂਰਾਂ ਦੇ ਘੁਰ ਘੁਰ ਤੇ ਟੁਰਨ ਦੀ 'ਵਾਜ ਨਾਲ ਪਾਟ ਗਈ। ਉਹਨਾਂ ਦੇ ਕੋਲੋਂ ਦੀ ਸੂਰਾਂ ਦਾ ਇਕ ਇੱਜੜ ਘੁਰ ਘੁਰ ਕਰਦਾ ਇਕ ਦੂਜੇ ਵਿਚ ਮੂੰਹ ਦੇਈ ਲੰਘ ਕੇ ਅਗਾਂਹ ਟੁਰ ਗਿਆ। ਪੰਜਾਂ ਸ਼ਿਕਾਰੀਆਂ ਵਿੱਚੋਂ ਕਿਸੇ ਵੀ ਸੂਰਾਂ ਵੱਲ ਧਿਆਨ ਨਾ ਦਿੱਤਾ। ਇੰਞ ਲੱਗਦਾ ਸੀ ਜਿਵੇਂ ਏਸ ਬੇਲੇ ਵਿਚ ਉਹ ਸੂਰ ਮਾਰਨ ਲਈ ਰਾਤ ਨਹੀਂ ਸਨ ਰੁਕੇ...।

ਪੰਜਵੇਂ ਸ਼ਿਕਾਰੀ ਕਿਹਾ, "ਮੇਰੀ ਕਹਾਣੀ ਬਹੁਤ ਨਿੱਕੀ ਏ, ਦੋ ਫ਼ਿਕਰਿਆਂ ਦੀ ਤੇ ਪਹਿਲੀ ਕਹਾਣੀ ਦੇ ਨਾਲ ਈ ਬੱਧੀ ਜੁੜੀ ਏ। ਏਸ ਕਰਕੇ ਮੈਂ ਉਹਨੂੰ ਹੁਣੇ ਸੁਣਾ ਕੇ ਗੱਲ ਮੁਕਾਉਣਾ ਤੇ ਆਪਣੀ ਵਾਰੀ ਦੇ ਕੇ ਵਿਹਲਾ ਹੋ ਕੇ ਸੌਣਾ ਚਾਹੁੰਦਾ ਹਾਂ।"

ਪਹਿਲੋਂ ਕਿਸੇ ਹੁੰਗਾਰਾ ਨਾ ਦਿੱਤਾ। ਫੇਰ ਸਾਰੇ ਇੱਕੋ ਵਾਰ ਹਾਂ ਹਾਂ ਕਰਨ ਲੱਗ ਪਏ।

ਉਸ ਆਖਿਆ, "ਮੇਰੀ ਕਹਾਣੀ ਬੱਸ ਏਨੀ ਕੁ ਏ, ਭਈ ਏਦੂੰ ਪਹਿਲੀ ਕਹਾਣੀ ਵਾਲੀ ਜਿਹੜੀ ਰੰਨ ਨੇ ਯਾਰ ਹੱਥੋਂ ਯਾਰ ਮਰਵਾਇਆ ਉਹ ਆਪਣੇ ਵਿਆਹ ਤੋਂ ਪਹਿਲੋਂ ਕਈ ਵਰ੍ਹੇ ਮੇਰੇ ਹੱਥੋਂ ਚਾਰ ਨੰਬਰ ਨੂੰ ਮਰਵਾਣ ਦਾ ਬੇ-ਹਿਸਾਬ ਚਾਰਾ ਲਾਉਂਦੀ ਰਹੀ,

ਪਰ ਉਹ ਕਾਮਯਾਬ ਨਾ ਹੋ ਸਕੀ। ਕਿਉਂ ਜੁ ਮੈਂ ਸਮਝਨਾ ਆਂ ਪਈ ਰੰਨ ਭਾਵੇਂ ਮੋਰੀਆਂ ਨਾਲ ਭਰੀ ਹੋਈ ਘਰ-ਘਰ ਫਿਰਨ ਵਾਲੀ ਟੀਨ ਦੀ ਛਾਨਣੀ ਹੋਵੇ ਤੇ ਭਾਵੇਂ ਇਕ ਘਰ ਵਿਚ ਪਈ ਹੋਈ ਪਾਸੇ ਦੇ ਸੋਨੇ ਦੀ ਭੜੋਲੀ...ਰੰਨ ਦੇ ਪੋਟੇ ਚੜ੍ਹ ਕੇ ਕਿਸੇ ਯਾਰ ਨੂੰ ਨਿਹੱਕ ਮਾਰ ਦੇਣਾ ਬਹੁਤ ਵੱਡਾ ਪਾਪ ਏ। ਦੁਨੀਆਂ ਦੀ ਸਭ ਤੋਂ ਸੋਹਣੀ ਰੰਨ ਵੀ ਯਾਰ ਦੀ ਜੁੱਤੀ ਦੇ ਬਰਾਬਰ ਨਹੀਂ ਹੁੰਦੀ।"

"ਅੱਗੋਂ ? ਫੇਰ ?" ਕਈ ਇਕੱਠੇ ਈ ਬੋਲ ਪਏ।

"ਮੇਰੀ ਕਹਾਣੀ ਖ਼ਤਮ ਹੋ ਗਈ," ਪੰਜਵੇਂ ਤਸੱਲੀ ਨਾਲ ਕਿਹਾ।

"ਨਾਂ ? ਨਾਂ ? ਉਹਦਾ ਨਾਂ ?" ਇਕ ਦੋ ਤਿੰਨ ਇਕੱਠੇ ਬੋਲ ਪਏ, "ਹੱਡ ਬੀਤੀ ਸੁਣਾਉਣ ਵਿਚ ਸੱਚ ਬੋਲਣ ਦੀ ਸ਼ਰਤ ਏ। ਕਹਾਣੀ ਮੁਕੰਮਲ ਕਰੋ ਤੇ ਉਸ ਰੰਨ ਦਾ ਨਾਂ ਦੱਸੋ, ਜਿਹੜੀ ਦੋ ਕਹਾਣੀਆਂ ਵਿਚ ਜੁੜੀ ਹੋਈ ਏ।"

ਨੰਬਰ ਚਾਰ ਦਾ ਰੰਗ ਉੱਡ ਗਿਆ। ਉਸ ਕਹਾਣੀ ਸੁਣਾਉਣ ਵਾਲੇ ਵੱਲ ਇਉਂ ਵੇਖਿਆ ਜਿਵੇਂ ਗੋਲੀ ਲੱਗਿਆ ਹਿਰਨ, ਹਲਾਲ ਕਰਨ ਵਾਲੇ ਸ਼ਿਕਾਰੀ ਵੱਲ ਵੇਖਦਾ ਏ।

ਇਕ ਨੰਬਰ ਦਾ ਮੂੰਹ ਗ਼ੁੱਸੇ ਨਾਲ ਸੁਰਖ਼ ਹੋ ਗਿਆ। ਉਹਦੀਆਂ ਰਗਾਂ ਫੁੱਲ ਗਈਆਂ ਤੇ ਉਸ ਪੂਰੇ ਜ਼ੋਰ ਨਾਲ ਗ਼ੁੱਸੇ, ਨਫ਼ਰਤ ਤੇ ਕਰਾਹਤ ਭਰੀ 'ਵਾਜ ਵਿਚ ਕਿਹਾ।

"ਕੰਜਰੀ, ਕੁੱਤੀ, ਗੰਦੀ, ਸੂਰਨੀ...ਗੋਲ਼ੀ ਦੇ ਲਾਇਕ ਰੰਨ। ਉਹਦਾ ਨਾਂ ਵੀ ਦੱਸੋ ਤੇ ਏਸ ਤੋਂ ਪਹਿਲੋਂ ਕਿ ਉਹ ਬੰਦੇ ਖਾਣੀ ਕਿਸੇ ਹੋਰ ਯਾਰ ਨੂੰ ਖਾ ਜਾਏ, ਉਹਨੂੰ ਸੁੱਥਣ ਵਿਚ ਗੋਲ਼ੀ ਮਾਰ ਕੇ ਪਾਰ ਲੰਘਾ ਦਿਓ।"

"ਉਹਦਾ ਨਾਂ ? ਉਹਦਾ ਨਾਂ ?" ਚਾਰ ਚੁਫੇਰੇ ਤੋਂ ਇਸਰਾਰ ਵਧੀ ਜਾਂਦਾ। ਚਾਰ ਨੰਬਰ ਦਾ ਰੰਗ ਫੇਰ ਕਾਲਾ ਸਿਆਹ ਹੋ ਗਿਆ।

ਕਹਾਣੀ ਸੁਣਾਉਣ ਵਾਲੇ ਨੇ ਆਪਣੇ ਹੱਥ ਅੱਗ ਦੇ ਏਨੇ ਨੇੜੇ ਕਰ ਦਿੱਤੇ ਕਿ ਉਹ ਸੜਨ ਲੱਗ ਪਏ। ਉਸ ਹੌਲੀ ਜਿਹਾ ਕਿਹਾ—

"ਕਿਸੇ ਦੀ ਧੀ ਭੈਣ ਨੂੰ ਛੱਟਣ ਦਾ ਪਾਪ ਮੇਰੇ ਸਿਰ ਉੱਤੇ...ਉਸ ਨੇਕ ਬਖ਼ਤ ਦਾ ਨਾਂ 'ਜੀਮ' ਏ, ਉਹ 'ਬੇ' ਪਿੰਡ ਦੇ 'ਅਲਫ਼' ਦੀ ਧੀ ਸੀ। ਦਸ ਵਰ੍ਹੇ ਹੋਏ ਉਹਦਾ ਵਿਆਹ ਹੋਇਆ ਤੇ ਤੀਸਰੇ ਦਿਨ ਉਹ ਮਰ ਗਈ। ਹੁਣ ਪੁੱਛੋਗੇ ਇਹ 'ਬੇ' ਪਿੰਡ ਕਿਥੇ ਕੁ ਏ ? ਮੇਰੇ ਪਿੰਡੋਂ ਪਹਾੜ ਵੱਲ ਦਸ ਕੋਹ ਦੀ ਵਿੱਥ ਤੇ।"

"ਮਰ ਗਈ," ਕਹਿ ਕੇ ਪਤਾ ਨਹੀਂ ਕਿਉਂ ਨੰਬਰ ਇਕ, ਦੋ ਤੇ ਤਿੰਨ ਜ਼ੋਰ-ਜ਼ੋਰ ਦੀ ਹੱਸਣ ਲੱਗ ਪਏ। ਹਾਸੇ ਦੇ ਸ਼ੋਰ ਵਿਚ ਕਿਸੇ ਵੀ ਚਾਰ ਨੰਬਰ ਨੂੰ ਸੁਖ ਦਾ ਲੰਮਾ ਸਾਹ ਲੈਂਦਿਆਂ ਨਾ ਸੁਣਿਆ।

ਹੁਣ ਇਹ ਇਕ ਨੰਬਰ ਨੂੰ ਕਿਵੇਂ ਪਤਾ ਲੱਗ ਸਕਦਾ ਸੀ ਕਿ ਉਦੋਂ ਉਹਦੇ ਤਿੰਨ ਬੱਚਿਆਂ ਦੀ ਮਾਂ, ਦਸ ਵਰ੍ਹੇ ਪਹਿਲੋਂ ਉਹਦੇ ਨਾਲ ਵਿਆਹੀ ਜਾਣ ਵਾਲੀ, ਉਹਦੀ ਪਿਆਰੀ ਦੂਜੀ ਘਰਵਾਲੀ 'ਕਾਫ਼' ਹੀ ਅਸਲ ਵਿਚ ਉਹ ਨੇਕ ਬਖ਼ਤ ਏ ਜਿਹਦਾ ਨਾਂ ਆਖ਼ਰੀ ਕਹਾਣੀ ਸੁਣਾਉਣ ਵਾਲੇ 'ਜੀਮ' ਦੱਸਿਆ ਸੀ।

ਤੁਹਾਨੂੰ ਇਹ ਦੱਸਣਾ ਬਾਕੀ ਰਹਿੰਦਾ ਏ ਪਈ ਪੰਜਵਾਂ ਸ਼ਿਕਾਰੀ ਏਸ ਕਹਾਣੀ ਦੇ ਲਿਖਣ ਵਾਲਾ ਖ਼ੁਦ ਸੀ।



## ਪੁੱਠਿਆਂ ਪੈਰਾਂ ਵਾਲੀ

پٹھیاں پیراں والی

"ਤੁਹਾਨੂੰ ਤਾਂ ਪਤਾ ਹੋਵੇਗਾ ਗ਼ਰੀਬਣੀ ਦਾ ਹੁਸਨ ਪਿੰਡ ਦਾ ਛੱਪੜ ਹੁੰਦਾ ਏ, ਜਿਦ੍ਹੇ ਵਿਚ ਜਿਦ੍ਹਾ ਦਿਲ ਚਾਹਵੇ ਤੇ ਜਦੋਂ ਚਾਹਵੇ ਆਪਣੇ ਡੰਗਰ ਹਿੱਕ ਕੇ ਵਾੜ ਦੇਵੇ। ਗ਼ਰੀਬਣੀ ਦੀ ਜਵਾਨੀ ਲਾਵਾਰਸ ਕਮਾਦ ਦੀ ਪੈਲੀ ਹੁੰਦੀ ਏ, ਜਿਦ੍ਹਾ ਦਿਲ ਕਰੇ ਲੰਘਦਿਆਂ ਇਕ ਅੱਧਾ ਗੰਨਾ ਭੰਨੇ, ਛੋਈ ਲਾਹਵੇ, ਆਗ ਤੋੜ ਕੇ ਪੈਲੀ ਵਿਚ ਸੁੱਟੇ ਤੇ ਅਨੰਦ ਨਾਲ ਗੰਨਾ ਚੂਪਦਾ ਆਪਣੇ ਰਾਹ ਪਵੇ। ਨਾ ਕੋਈ ਪੁੱਛਣ ਵਾਲਾ ਤੇ ਨਾ ਕੋਈ ਹਟਕਣ ਵਾਲਾ। ਪਰ ਮੈਂ ਨਾ ਤੇ ਸ਼ਾਮਲਾਟ ਦਾ ਛੱਪੜ ਆਂ ਤੇ ਨਾ ਲਾਵਾਰਸ ਕਮਾਦ ਦੀ ਪੈਲੀ। ਕਿਉਂ ਜੁ ਲਾਲਚ ਭਰੀਆਂ ਭੈੜੀਆਂ ਨਜ਼ਰਾਂ, ਖੋਟੇ ਅਤੇ ਹਿਰਸ ਭਰੇ ਦਿਲਾਂ ਵਾਲੇ ਲੋਕਾਂ ਤੋਂ ਮੇਰਾ ਰਾਖਾ ਤਗੜਾ ਸੀ, ਬਹੁਤਾ ਤਗੜਾ। ਅੱਜ ਈ ਨਹੀਂ, ਸਦਾ ਤੋਂ ਈ ਬੰਦਾ ਬੰਦੇ ਨੂੰ ਖਾਈ ਜਾਂਦਾ ਏ। ਤਗੜਾ ਮਾੜੇ ਨੂੰ, ਜ਼ੋਰਾਵਰ ਕਮਜ਼ੋਰ ਨੂੰ, ਜ਼ਾਲਮ ਮਜ਼ਲੂਮ ਨੂੰ, ਵਾਰਸਾਂ ਵਾਲਾ ਬੇਵਾਰਸ ਨੂੰ। ਪਰ ਕੀ ਦੁਨੀਆ ਵਿੱਚੋਂ ਸਾਰੇ ਮਾੜੇ, ਸਾਰੇ ਕਮਜ਼ੋਰ, ਸਾਰੇ ਮਜ਼ਲੂਮ ਤੇ ਸਾਰੇ ਲਾਵਾਰਸ ਮੁੱਕ ਗਏ ਨੇ ? ਨਹੀਂ ! ਤੁਸੀਂ ਆਖੋਗੇ। ਮੈਂ ਆਖਦੀ ਆਂ, ਨਾ ਮੁੱਕੇ ਤੇ ਨਾ ਹੀ ਮੁੱਕ ਸਕਦੇ ਨੇ। ਪਤਾ ਜੇ ਕਿਉਂ ? ਨੀਲੀ ਛੱਤ ਵਾਲਾ ਆਪ ਤਾਂ ਥੱਲੇ ਉਤਰ ਕੇ, ਤਕੜੇ ਹੱਥੋਂ ਵੱਢਣ ਵਾਲਾ ਟੋਕਾ ਨਹੀਂ ਖੋਹਦਾ, ਪਰ ਉਹ ਮਾੜੇ ਨੂੰ ਏਨਾ ਹੌਸਲਾ ਤੇ ਏਨੀ ਤਾਕਤ ਦੇ ਦਿੰਦਾ ਏ ਕਿ ਜਿਵੇਂ ਜਿਵੇਂ ਮਾੜੇ ਵੱਢੇ ਜਾਂਦੇ ਨੇ, ਤਿਵੇਂ ਤਿਵੇਂ ਉਹਨਾਂ ਸਰੀਰਾਂ ਦੀਆਂ ਟਹਿਣੀਆਂ ਹੋਰ ਪੁੰਗਰਦੀਆਂ ਜਾਂਦੀਆਂ ਨੇ, ਵਧਦੀਆਂ ਜਾਂਦੀਆਂ ਨੇ, ਹੋਰ ਤਗੜੀਆਂ ਤੇ ਤਾਕਤਵਰ ਹੁੰਦੀਆਂ ਜਾਂਦੀਆਂ ਨੇ, ਅੱਗੇ ਨਾਲੋਂ ਬਹੁਤੀਆਂ...ਮੰਨ ਲਓ ਤੇ ਇਹੋ ਕਾਰਨ ਜੇ, ਦੁਨੀਆ ਵਿੱਚੋਂ ਕਦੇ ਵੀ ਤਗੜਿਆਂ, ਜ਼ੋਰਾਵਰਾਂ, ਜ਼ਾਲਮਾਂ ਤੇ ਵਾਰਸਾਂ ਵਾਲਿਆਂ ਕੋਲੋਂ ਮਾੜੇ, ਕਮਜ਼ੋਰ, ਮਜ਼ਲੂਮ ਤੇ ਲਾਵਾਰਸ ਨਹੀਂ ਮੁੱਕੇ ਅਤੇ ਨਾ ਹੀ ਮੁੱਕ ਸਕਦੇ ਨੇ। ਤੁਸੀਂ ਤਾਂ ਪੜ੍ਹੇ ਲਿਖੇ ਓ ! ਮੇਰੀਆਂ ਗੱਲਾਂ ਸਮਝ ਰਹੇ ਓ ਨਾ ? ਉਹੋ ਹੀ ਨੀਲੀ ਛੱਤ ਵਾਲਾ ਮੇਰਾ ਰਾਖਾ ਏ ਤੇ ਸਦਾ ਤੋਂ ਸੀ।"

ਪੁੱਠਿਆਂ ਪੈਰਾਂ ਵਾਲੀ ਨੀਵੀਂ ਪਾ ਕੇ ਗੱਲਾਂ ਪਈ ਕਰਦੀ ਸੀ। ਸਾਵਣ ਦਾ ਛਰਾਹਟਾ ਵਰ੍ਹ ਕੇ ਹਟਿਆ ਤਾਂ ਰੋਟੀ ਵੇਲੇ ਦਾ ਸਾੜਨ ਵਾਲਾ ਸੂਰਜ ਅੱਗ ਵਰ੍ਹਾਉਣ ਲੱਗ ਪਿਆ। ਮੈਂ, ਜਿਨ੍ਹੇ ਤਿੰਨ ਕੋਹ ਪੈਂਡਾ ਕਰ ਕੇ ਅਜੇ ਦੋ ਕੋਹ ਹੋਰ ਜਾਣਾ ਸੀ, ਸਾਹ ਲੈਣ ਤੇ ਧੁੱਪ ਦੇ ਸਾੜ ਤੋਂ ਬਚਣ ਲਈ ਪੱਕੇ ਥੇਹ ਵਾਲੇ ਬੋਹੜ ਥੱਲੇ ਜਾ ਬੈਠਾ, ਕਿਉਂ

Academy of the Punjab in North America: http://www.apnaorg.com

ਜੁ ਹੋਰ ਦੂਰ ਦੂਰ ਤੀਕ ਸੜਕ ਤੇ ਕਿਤੇ ਛਾਂ ਨਹੀਂ ਸੀ। ਅੱਗੇ ਪੁੱਠਿਆਂ ਪੈਰਾਂ ਵਾਲੀ ਆਪਣੀ ਗੰਢੜੀ ਕੋਲ ਧਰੀ ਸੂਰਜ ਠਾਂਹ ਹੋਣ ਦੀ ਉਡੀਕ ਵਿਚ ਬੋਹੜ ਦੀ ਸੰਘਣੀ ਛਾਵੇਂ, ਧੁੱਪ ਤੋਂ ਲੁਕੀ ਬੈਠੀ ਸੀ। ਉਹ ਵੀ ਸ਼ਹਿਰੋਂ ਆਈ ਸੀ। ਉਹਦਾ ਪੈਂਡਾ ਤੇ ਵਖਤ ਓਨਾ ਈ ਸੀ ਜਿੰਨਾ ਮੇਰਾ, ਉਹ ਮੇਰੇ ਨਾਲ ਦੇ ਪਿੰਡ ਦੇ ਰਹਿਣ ਵਾਲੀ ਸੀ। ਓਸ ਵੇਲੇ ਮੈਂ ਤੇ ਪੁੱਠਿਆਂ ਪੈਰਾਂ ਵਾਲੀ ਆਪਣੇ ਪੈਂਡੇ, ਆਪਣੇ ਰਾਹ ਤੇ ਧੁੱਪ ਦੇ ਦੁੱਖੋਂ ਨਾ ਚਾਹੁੰਦੇ ਹੋਏ ਵੀ ਇਕ ਬੇੜੀ ਦੇ ਸਵਾਰ ਸਾਂ। ਮੇਰੇ ਤੇ ਉਹਦੇ ਓਸ ਘੜੀ ਵਿਚ ਤਿੰਨ ਦੁਖ ਤਾਂ ਸਾਂਝੇ ਸਨ। ਤੇ ਉਸ ਈ ਸਾਂਝੀ ਪੀੜ ਦੇ ਪਾਰੋਂ ਪਾਰ ਉਦੋਂ ਮੇਰਾ ਦਿਲ ਅੱਗੇ ਵਾਂਙ ਇਧਰੋਂ ਉਧਰੋਂ ਘੁੱਤੀ ਮਾਰ ਕੇ ਉਹਦੇ ਕੋਲੋਂ ਦੀ ਨੱਸ ਜਾਵਣ ਨੂੰ ਨਾ ਕੀਤਾ। ਨਾ ਹੀ ਓਸ ਪੱਕੀ ਥਾਂ ਤੇ ਓਸ ਵੇਲੇ ਉਹ ਮੈਨੂੰ ਡੈਣ, ਚੁੜੇਲ, ਪੁੱਠਿਆਂ ਪੈਰਾਂ ਵਾਲੀ, ਬੱਚਿਆਂ ਨੂੰ ਖਾਣ ਵਾਲੀ ਜਾਂ ਖ਼ਸਮਾਂ ਨੂੰ ਖਾ ਜਾਣ ਵਾਲੀ ਲੱਗੀ। ਇਹੋ ਹੀ ਸਾਰੇ ਉਹਦੇ ਨਾਂ ਸਨ। ਲੋਕ ਉਹਦਾ ਅਸਲੀ ਨਾਂ ਤਾਂ ਕਦੋਂ ਦਾ ਭੁੱਲ ਗਏ ਹੋਏ ਸਨ। ਲੋਕ ਉਹਦੇ ਤੋਂ ਇੰਞ ਬਚਦੇ, ਜਿਵੇਂ ਉਹ ਸੱਚੀਂ-ਮੁੱਚੀਂ ਡੈਣ ਸੀ। ਮੈਂ ਤੇ ਨਿੱਕਿਆਂ ਹੁੰਦਿਆਂ ਈ ਉਹਦੇ ਤੋਂ ਬਹੁਤ ਡਰਦਾ। ਉਂਞ ਵੀ ਸਾਰੀਆਂ ਮਾਵਾਂ ਆਪਣੇ ਬਾਲਾਂ ਨੂੰ ਉਹਦੀਆਂ ਨਜ਼ਰਾਂ ਤੋਂ ਬਚਾਈ ਰੱਖਦੀਆਂ। ਬੁੱਢੇ ਠੇਰੇ, ਜਵਾਨ, ਗੱਭਰੂਆਂ ਨੂੰ ਉਹਦਾ ਆਹਮਣਾ ਸਾਹਮਣਾ ਕਰਨ ਤੋਂ ਹਟਕਦੇ ਤੇ ਉਹਦਾ ਰਾਹ ਛੱਡ ਦੇਣ ਦੀ ਮੱਤ ਦਿੰਦੇ। ਕੁੜੀਆਂ-ਚਿੜੀਆਂ, ਮੁਟਿਆਰਾਂ, ਸੁਹਾਗਣਾਂ, ਉਹਦੇ ਵੱਲ ਪਿੱਠਾ ਕਰ ਕੇ ਲੰਘਦੀਆਂ, ਲੋਕਾਂ ਦਾ ਤੇ ਜੇ ਵੱਸ ਚੱਲਦਾ ਤਾਂ ਉਹ ਆਪਣਾ ਮਾਲ ਡੰਗਰ ਵੀ ਪੁੱਠਿਆਂ ਪੈਰਾਂ ਵਾਲੀ ਦੀਆਂ ਅੱਖਾਂ ਤੋਂ ਉਹਲੇ ਈ ਰੱਖਦੇ। ਪਰ ਓਸ ਘੜੀ, ਓਸ ਸਾਂਝ ਪਾਰੋਂ ਉਹ ਮੈਨੂੰ ਤੂਤ ਦੀ ਲਗਰ ਵਾਂਙ ਸਿੱਧੀ, ਪਰ ਅੰਦਰੋਂ ਕਾਲੀ ਟਾਹਲੀ ਵਾਂਗ ਸਖ਼ਤ ਤੇ ਮਜ਼ਬੂਤ, ਕਾਲੀਆਂ ਮੋਟੀਆਂ ਪਰ ਉਦਾਸ ਅੱਖਾਂ ਵਾਲੀ ਰੱਜ ਕੇ ਸੋਹਣੀ ਰੰਨ ਲੱਗੀ। ਭਾਵੇਂ ਉਹਦਾ ਸੋਹਣਾ ਚਿਹਰਾ ਪੱਥਰ ਵਰਗਾ ਸਖ਼ਤ ਸੀ ਤੇ ਉਹਦੀਆਂ ਨਜ਼ਰਾਂ ਮੇਰੇ ਸਰੀਰ ਵਿੱਚੋਂ ਲੰਘਦੀਆਂ, ਡਰਾ ਦੇਣ ਵਾਲੀਆਂ ਸਨ। ਪਰ ਤਾਂ ਵੀ ਉਸ ਸਿਖਰ ਦੁਪਹਿਰੇ ਓਸ ਪੱਕੇ ਥੇਹ ਤੇ ਉਹਦੇ ਕੋਲ ਆਪਣੇ ਮੋਢੇ ਵਾਲੀ ਚਾਦਰ ਵਿਛਾ ਕੇ ਉਹਦੇ ਏਡੇ ਨੇੜੇ ਲੰਮਾ ਪਿਆ, ਮੈਂ ਉਹਦੇ ਕੋਲੋਂ ਉੱਕਾ ਨਾ ਡਰਿਆ। ਉਹਦੇ ਬੁੱਲ੍ਹਾਂ ਤੇ ਸਦਾ ਤੋਂ ਵੱਜੇ ਹੋਏ ਜੰਦਰੇ ਆਪਣੇ ਆਪ ਹੀ ਖੁੱਲ੍ਹਦੇ ਗਏ ਤੇ ਉਹਦਾ ਸਾਂਭਿਆ ਸੰਭਾਲਿਆ ਦੁਖ ਲਫ਼ਜ਼ਾਂ ਰਾਹੀਂ ਬਾਹਰ ਡੁੱਲ੍ਹਣ ਲੱਗ ਪਿਆ। ਉਸ ਲੁਕੇ ਹੋਏ ਭੇਤ ਨੂੰ ਪਾਉਣ ਲਈ, ਮੈਂ ਇਕ ਜਵਾਨੀ ਚੜ੍ਹਦਾ, ਬਾਈਆਂ ਵਰ੍ਹਿਆਂ ਦਾ ਕਵਾਰਾ ਮੁੰਡਾ, ਜਿਦ੍ਹਾ ਸਾਰਾ ਸਰੀਰ ਮਿੱਟੀ ਦੀ ਖ਼ੁਸ਼ਬੋਈ ਵਿਚ ਪਿਆ ਮਹਿਕਦਾ ਸੀ, ਓਸ ਡੈਣ ਤੋਂ ਆਪਣਾ ਕਲੇਜਾ ਕਢਾਉਣ ਲਈ ਤਿਆਰ ਸਾਂ। ਪਤਾ ਨਹੀਂ ਓਦਣ ਇੰਨਾ ਹੌਸਲਾ ਤੇ ਜੁਰਅਤ ਮੇਰੇ ਵਿਚ ਕਿਥੋਂ ਆ ਗਈ। ਮੇਰੀ ਐਸ ਜੁਰਅਤ ਉੱਪਰ ਤੇ ਉਹਦੀਆਂ ਸੋਹਣੀਆਂ ਅੱਖਾਂ ਵਿਚ ਵੀ ਹੈਰਾਨੀ ਦੇ ਫੁੱਲ ਖਿੜੇ। ਏਸ ਸਾਰੇ ਬਾਹਰੇ ਵਿੱਚੋਂ ਤੇ ਕੋਈ ਉਹਦੇ ਨੇੜੇ ਬੈਠਣ ਦਾ ਹੌਸਲਾ ਰੱਖਣ ਵਾਲਾ ਹੈ ਨਹੀਂ ਸੀ। ਉਹ ਡੈਣ ਵੀ ਨਹੀਂ ਸੀ ਤੇ ਉਹਦੇ ਪੈਰ ਵੀ ਪੁੱਠੇ ਨਹੀਂ ਸਨ। ਪਰ ਆਲੇ-ਦੁਆਲੇ ਦੇ ਸਾਰਿਆਂ ਪਿੰਡਾਂ ਦੇ ਲੋਕ ਸਹੁੰ ਖਾਣ ਲਈ ਤਿਆਰ ਸਨ, ਕਿ ਉਹ ਡੈਣ ਏ ਤੇ ਉਸ ਮਰਨ ਵਾਲਿਆਂ ਕਈਆਂ ਬੰਦਿਆਂ ਤੇ ਡੰਗਰਾਂ ਦਾ ਕਲੇਜਾ ਕੱਢ ਲਿਆ ਸੀ।



ਉਹ ਕਹਿਣ ਲੱਗੀ, "ਤੁਸੀਂ ਨਵਿਆਂ ਇਲਮਾਂ ਨੂੰ ਪੜ੍ਹਨ ਵਾਲੇ ਤੇ ਨਵੀਆਂ ਰੌਸ਼ਨਾਈਆਂ ਵਿਚ ਸ਼ੈਆਂ ਨੂੰ ਵੇਖਣ-ਪਰਖਣ ਵਾਲੇ ਓ। ਤੁਸੀਂ ਤਾਂ...।"

"ਨਵੇਂ ਇਲਮ ਪੜ੍ਹਨ ਤੇ ਨਵੀਆਂ ਰੌਸ਼ਨਾਈਆਂ ਵਿਚ ਸ਼ੈਆਂ ਨੂੰ ਵੇਖਣ ਨਾਲ ਆਪਣੀ ਵੱਸੋਂ ਦੇ ਸੱਚ ਦੀਆਂ ਲੀਹਾਂ ਤੇ ਛੱਡੀਆਂ ਨਹੀਂ ਜਾਂਦੀਆਂ ਬੀਬੀ!" ਮੈਂ ਆਖਿਆ।

ਮੇਰੇ ਉਹਨੂੰ 'ਬੀਬੀ' ਕਹਿਣ ਤੇ ਇਕ ਵਾਰ ਤਾਂ ਉਹਦੇ ਚਿਹਰੇ ਤੇ ਵੱਡੇ ਗੁਲਾਬ ਦਾ ਫੁੱਲ ਖਿੜਿਆ। ਪਰ ਉਹ ਹੌਕਾ ਭਰ ਕੇ ਬੋਲੀ, "ਠੀਕ ਏ, ਗੱਲ ਲੀਹ ਨੂੰ ਛੱਡਣ ਦੀ ਨਹੀਂ। ਇਕ ਪੜ੍ਹਿਆ ਲਿਖਿਆ ਬੰਦਾ, ਸੱਚ ਤੇ ਝੂਠ ਦਾ ਨਿਤਾਰਾ ਕਰ ਸਕਦਾ ਏ ਜਾਂ ਨਹੀਂ? ਮੈਂ ਤੇ ਤੁਹਾਨੂੰ ਇਹ ਨਿਤਾਰਾ ਕਰਨ ਲਈ ਕਹਿੰਦੀ ਆਂ। ਇਹ ਛੁੱਟ ਸਕਦੀ ਹੁੰਦੀ ਤਾਂ ਮੈਂ ਈ ਨਾ ਛੱਡ ਦਿੰਦੀ? ਇੰਞ ਡੈਣ, ਪੁੱਠਿਆਂ ਪੈਰਾਂ ਵਾਲੀ, ਨਹਿਸ਼ ਤੇ ਨਾ ਅਖਵਾਉਂਦੀ ਸਗੋਂ ਕਿਸੇ ਸਾਊ ਦੇ ਘਰ ਚੌਧਰਾਣੀ ਬਣ ਕੇ ਵੱਸਦੀ ਹੁੰਦੀ। ਤੁਸੀਂ ਮੇਰੀ ਪੂਰੀ ਗੱਲ ਸੁਣ ਲਿਓ, ਫਿਰ ਜੋ ਰੂਹ ਵਿਚ ਆਵੇ ਫ਼ੈਸਲਾ ਕਰਨਾ। ਤੁਹਾਡਾ ਸਹੀ ਜਾਂ ਗ਼ਲਤ ਫ਼ੈਸਲਾ ਨਾ ਮੇਰਾ ਕੁਝ ਸਵਾਰ ਸਕਦਾ ਏ, ਨਾ ਵਿਗਾੜ ਸਕਦਾ ਏ। ਕਿਉਂ ਜੁ ਸ਼ੈਆਂ ਇਲਾਜ ਦੀ ਹੱਦੋਂ ਬਹੁਤ ਅਗਾਂਹ ਲੰਘ ਗਈਆਂ ਹੋਈਆਂ ਨੇ।"

"ਤੂੰ ਗੱਲ ਕਰ ਬੀਬੀ! ਮੈਂ ਹੁਣ ਵਿਚ ਨਹੀਂ ਬੋਲਦਾ!" ਮੈਂ ਆਖਿਆ। ਉਹਦੀਆਂ ਨਜ਼ਰਾਂ ਮੇਰੇ ਵਿਚ ਖੁੱਭੀ ਜਾ ਰਹੀਆਂ ਸਨ। ਮੇਰੇ ਸਾਰੇ ਵਜੂਦ ਵਿੱਚੋਂ ਦੀ ਇਕ ਝੁਰਝੁਰੀ ਲੰਘ ਗਈ। ਖ਼ੌਰੇ ਦਹਿਸ਼ਤ ਨਾਲ ਜਾਂ ਉਹਦੇ ਸੱਚ ਦੀ ਠੰਢ ਨਾਲ।

"ਮੇਰੀ ਮਾਂ ਵੀ ਇਕ ਪੁੱਠਿਆਂ ਪੈਰਾਂ ਵਾਲੀ ਡੈਣ ਸੀ, ਕਿਉਂਜੁ ਉਹ ਵੀ ਰੱਜ ਕੇ ਸੋਹਣੀ ਸੁਲੱਖਣੀ ਸੀ। ਪਰ ਮੁਕੱਦਰ ਨੇ ਉਹਨੂੰ ਇਕ ਨਕਾਰੇ ਹੱਡਾਂ-ਗੋਡਿਆਂ ਤੋਂ ਰਹੇ ਹੋਏ ਅਮਲੀ ਦੇ ਪੱਲੇ ਬੰਨ੍ਹ ਦਿੱਤਾ। ਉਹ ਵਿਆਹੀ ਹੋਈ ਏਸ ਪਿੰਡ ਆਈ, ਜਿਦ੍ਹੀ ਮੈਂ ਧੀ ਆਂ। ਮੇਰਾ ਪਿੰਡ! ਕਦੀ ਪਿੰਡ ਆਪਣੀਆਂ ਧੀਆਂ-ਧਿਆਣੀਆਂ ਨੂੰ ਇੰਞ ਵੀ ਰੋਲਦੇ ਨੇ, ਜਿਵੇਂ ਮੇਰੇ ਪਿੰਡ ਮੈਨੂੰ ਰੋਲਿਆ ਏ? ਗੱਲ ਮੇਰੀ ਨਹੀਂ, ਮੈਂ ਆਪਣੀ ਮਾਂ ਦੀ ਪਈ ਕਰਦੀ ਸਾਂ। ਕਿਉਂਜੁ ਉਹਦੀ ਗੱਲ ਨਾਲ ਈ ਮੇਰਾ ਮੁਕੱਦਰ ਬੱਝਾ ਹੋਇਆ ਏ। ਮੇਰੀ ਮਾਂ ਰੱਜ ਕੇ ਸੋਹਣੀ, ਜਵਾਨ ਤੇ ਪਰੀਆਂ ਵਾਂਗਰ ਸੀ, ਪਰ ਮੇਰੇ ਪਿਉ ਅਮਲੀ ਨੂੰ ਤਾਂ ਆਪਣੀ ਅਫ਼ੀਮ ਦੀ ਗੋਲੀ ਬਾਝੋਂ ਹੋਰ ਕੁਝ ਲੱਭਦਾ ਈ ਨਹੀਂ ਸੀ।

"ਪਿੰਡ ਦੀ ਧੀ ਹੋਵੇ ਜਾਂ ਨੂੰਹ, ਆਪਣੇ ਘਰ ਦੇ ਪਸਾਰ ਵਿਚ ਬੰਦ ਹੋ ਕੇ ਤਾਂ ਆਪਣੀ ਉਮਰ ਨਹੀਂ ਕੱਟ ਸਕਦੀ। ਉਹਨੂੰ ਸੌ ਕੰਮਾਂ-ਕਾਰਾਂ ਲਈ ਬਾਹਰ ਨਿਕਲਣਾ ਪੈਂਦਾ ਏ। ਲੋਕ ਮੇਰੀ ਮਾਂ ਦੇ ਹੁਸਨ ਤੇ ਮੇਰੇ ਪਿਉ ਅਮਲੀ ਦੇ ਚੰਗਿਆਂ ਨਸੀਬਾਂ ਬਾਰੇ ਗੱਲਾਂ ਕਰਨ ਲੱਗ ਪਏ ਸਨ। ਪਿੰਡ ਦੀ ਧੀ-ਭੈਣ ਸਾਰਿਆਂ ਦੀ ਧੀ-ਭੈਣ ਹੁੰਦੀ ਏ, ਤੇ ਨੂੰਹ ਨੂੰ ਵੀ ਧਿਆਣੀ ਸਮਝਿਆ ਜਾਂਦਾ ਏ। ਪਰ ਭੈੜ, ਝੂਠ ਤੇ ਹਿਰਸ ਕਦੋਂ ਹਰ ਪਿੰਡ ਵਿਚ ਨਹੀਂ ਰਹਿੰਦੇ? ਮੇਰੀ ਮਾਂ ਵੱਲ ਵੀ ਕੁਝ ਨਜ਼ਰਾਂ ਉਠੀਆਂ ਤੇ ਅਮਲੀ ਦੀ ਘਰਵਾਲੀ ਜਾਣ ਕੇ ਕੁਝ ਗੱਭਰੂ ਮੁੰਡੇ ਉਹਦੇ ਤੇ ਤਰਸ-ਤੁਰਸ ਵੀ ਖਾਣ ਲੱਗ ਪਏ। ਪਰ ਮੇਰੀ ਮਾਂ ਇਕ ਸਾਊ, ਨੇਕ ਤੇ ਦਲੇਰ ਸਵਾਣੀ ਸੀ। ਪਰ ਇਕ ਦਿਨ ਜਦੋਂ ਮੈਂ ਤਿੰਨਾਂ ਵਰ੍ਹਿਆਂ ਦੀ ਉਹਦੇ ਕੁੱਛੜ ਸਾਂ, ਉਸ ਪਿੰਡ ਦੇ ਤੀਸਰੇ ਹਿੱਸੇ ਦੇ ਮਾਲਕ ਤੇ

Academy of the Punjab in North America: http://www.apnaorg.com

ਇਕ ਜ਼ੋਰਾਵਰ ਜਵਾਨ ਨੇ ਮੇਰੀ ਮਾਂ ਨੂੰ ਸ਼ਾਮਲਾਟ ਦਾ ਛੱਪੜ ਬਣਾਉਣ ਦਾ ਯਤਨ ਕੀਤਾ। ਮੇਰੀ ਮਾਂ ਪਿੰਡ ਦੀ ਸ਼ਾਮਲਾਟ ਦਾ ਛੱਪੜ ਤੇ ਨਾ ਬਣੀ, ਸਗੋਂ ਉਸ ਦਲੇਰੀ ਨਾਲ ਉਸ ਹੀ ਜ਼ੋਰਾਵਰ ਦੇ ਖੂਹ ਵਿਚ ਛਾਲ ਮਾਰ ਕੇ ਆਪਣੀ ਇੱਜ਼ਤ ਬਚਾ ਲਈ ਪਰ ਆਪਣੀ ਜਾਨ ਦੇ ਦਿੱਤੀ। ਇਥੋਂ ਤੀਕ ਤਾਂ ਗੱਲ ਠੀਕ ਏ, ਪਰ ਜੇ ਓਸ ਮਰਨਾ ਈ ਸੀ ਤਾਂ ਉਹ ਮੈਨੂੰ ਕਿਉਂ ਏਸ ਨਰਕ ਵਿਚ ਛੱਡ ਗਈ? ਓਸ ਮੈਨੂੰ ਹਿੱਕ ਨਾਲ ਲਾ ਕੇ ਕਿਉਂ ਛਾਲ ਨਾ ਮਾਰੀ? ਤੇ ਆਪਣੀ ਮਾਂ ਦੀ ਇਸ ਭੁੱਲ ਜਾਂ ਗ਼ਲਤੀ ਨੂੰ ਮੈਂ ਕਦੇ ਵੀ ਮਾਫ਼ ਨਹੀਂ ਕਰ ਸਕਦੀ।"

ਉਹ ਇਕ ਪਲ ਲਈ ਚੁੱਪ ਹੋ ਗਈ। ਉਹਦੀਆਂ ਨਜ਼ਰਾਂ ਥੇਹ ਦੀ ਪੱਕੀ ਮਿੱਟੀ ਵਿਚ ਵੱਸਦੀਆਂ ਰੋੜੀਆਂ ਤੇ ਠੀਕਰੀਆਂ ਤੇ ਜੰਮੀਆਂ ਹੋਈਆਂ ਸਨ। ਓਸ ਆਪਣੇ ਖਿੱਲਰੇ ਪੁੱਲਰੇ ਵਾਲ ਆਪਣੇ ਕਾਲੇ ਦੁਪੱਟੇ ਵਿਚ ਲੁਕਾਏ ਤੇ ਕਹਿਣ ਲੱਗੀ, "ਗੱਲ ਇਕ ਤਗੜੇ ਬੰਦੇ ਦੀ ਸੀ ਤੇ ਕਿਸੇ ਨੇ ਵੀ ਮੇਰੇ ਮਾੜੇ ਪਿਉ ਦਾ ਸਾਥ ਨਾ ਦਿੱਤਾ। ਸਾਰੇ ਪਿੰਡ ਨੇ ਇਹ ਕਹਿ ਕੇ ਗੱਲ ਦੱਬ ਦਿੱਤੀ ਜੇ ਏਡੇ ਨਿਕਾਰੇ, ਨਖੱਟੂ, ਹੱਡਾਂ-ਗੋਡਿਆਂ ਤੋਂ ਰਹੇ ਹੋਏ, ਅੱਧਖੜ ਉਮਰ ਦੇ ਇਕ ਅਮਲੀ ਨਾਲ ਇਕ ਜਵਾਨ-ਜਹਾਨ, ਰੱਜ ਕੇ ਸੋਹਣੀ ਸਵਾਣੀ ਕਿੰਨਾ ਕੁ ਚਿਰ ਗੁਜ਼ਾਰਾ ਕਰਦੀ? ਖੂਹ ਵਿਚ ਛਾਲ ਨਾ ਮਾਰਦੀ ਤੇ ਹੋਰ ਕੀ ਕਰਦੀ? ਉਦੋਂ ਮੈਂ ਤਿੰਨਾਂ ਵਰ੍ਹਿਆਂ ਦੀ ਸਾਂ ਤੇ ਮੇਰੇ ਸੱਤਵੇਂ ਵਰ੍ਹੇ ਤੀਕ ਅਪੜਦਿਆਂ ਮੇਰੇ ਪਿਉ ਅਮਲੀ ਨੂੰ ਉਹਦੀ ਅਫ਼ੀਮ ਖਾ ਗਈ, ਤੇ ਮੈਂ ਇਸ ਭਰੀ-ਭਰਾਈ ਵੱਸਦੀ ਦੁਨੀਆ ਵਿਚ ਇਕੱਲੀ ਰਹਿ ਗਈ, ਲਾਵਾਰਸ, ਉੱਕੀ ਲਾਵਾਰਸ...ਪਰ ਫਿਰ ਓਸੇ ਤਗੜੇ ਬੰਦੇ ਮੈਨੂੰ ਧੀ ਕਰਕੇ ਸਾਰੀ ਬਰਾਦਰੀ ਸਾਹਮਣੇ ਗੋਦੀ ਲੈ ਲਿਆ ਤੇ ਅੱਲ੍ਹਾ ਜਾਣਦਾ ਏ ਓਸ ਮੈਨੂੰ ਧੀਆਂ ਵਾਂਙ ਈ ਪਾਲਿਆ ਤੇ ਤੇਰ੍ਹਾਂ ਵਰ੍ਹੇ ਮਗਰੋਂ ਜਦੋਂ ਮੇਰਾ ਕੁੜਤਾ ਮੇਰੇ ਜੁੱਸੇ ਉੱਤੇ ਤੰਗ ਹੋਣ ਲੱਗ ਪਿਆ, ਓਸ ਢੇਰ ਸਾਰਾ ਦਾਜ ਦੇ ਕੇ ਮੇਰੀ ਬਾਂਹ ਆਪਣੇ ਹੀ ਪਿੰਡ ਦੇ 'ਰੱਖੇ' ਦੇ ਹੱਥ ਫੜਾ ਦਿੱਤੀ। ਰੱਖਾ ਉਂਞ ਸੋਹਣਾ-ਸੁਣੱਖਾ ਚੰਗੇ ਹੱਡਾਂ ਪੈਰਾਂ ਤੇ ਕੱਦ-ਬੁੱਤ ਵਾਲਾ ਜਵਾਨ ਸੀ, ਪਰ ਪੱਲੇ ਦਾ ਮਾੜਾ ਸੀ। ਆਪਣੀ ਦੋ ਚਾਰ ਕਿੱਲ੍ਹੇ ਜ਼ਮੀਨ ਤਾਂ ਮੇਰਾ ਪਿਉ ਅਮਲੀ ਅਫ਼ੀਮ ਨੂੰ ਦੇ ਗਿਆ ਸੀ। ਪਰ ਉਹ ਜਿਨ੍ਹੇ ਮੈਨੂੰ ਧੀ ਕਰਕੇ ਪਾਲਿਆ ਸੀ ਓਸ ਦਾਜ ਵਿਚ ਸਾਮਾਨ, ਮਾਲ-ਡੰਗਰ ਤੇ ਅੱਠ ਦਸ ਕਿੱਲੇ ਜ਼ਮੀਨ ਵੀ ਦੇ ਕੇ ਰੱਖੇ ਦੀਆਂ ਸਾਰੀਆਂ ਭੁੱਖਾਂ ਕੱਢ ਦਿੱਤੀਆਂ ਤੇ ਮੈਂ ਸੱਚੀਂ ਆਪਣੇ ਆਪ ਨੂੰ ਇਕ ਭਾਗਵਾਨ, ਚੰਗੇ ਨਸੀਬਾਂ ਵਾਲੀ ਚੌਧਰਾਣੀ ਸਮਝਣ ਲੱਗ ਪਈ। ਰੱਖੇ ਦਾ ਤਾਂ ਖ਼ੁਸ਼ੀ ਨਾਲ ਜ਼ਮੀਨ ਤੇ ਪੈਰ ਈ ਨਾ ਟਿਕਦਾ। ਤੇ ਤੀਜੇ ਵਰ੍ਹੇ ਅੱਲ੍ਹਾ ਸਾਨੂੰ ਚੰਨ ਜਿਹਾ ਪੁੱਤਰ ਵੀ ਦੇ ਦਿੱਤਾ...ਰੱਖਾ ਸਾਰਾ ਸਾਰਾ ਦਿਨ ਕਾਕੇ ਨੂੰ ਚੁੱਕੀ ਫਿਰਦਾ ਨਾ ਥੱਕਦਾ। ਪਰ ਸਾਨੂੰ ਦੁਨੀਆ ਦੀਆਂ ਨਜ਼ਰਾਂ ਖਾ ਗਈਆਂ! ਮੇਰੇ ਤੇ ਰੱਖੇ ਦੇ ਵਿਚਕਾਰ ਖ਼ੌਰੇ ਕਿਹੜੀਆਂ ਕੰਧਾਂ ਖਲੋ ਗਈਆਂ? ਖ਼ੌਰੇ ਕਿਉਂ ਦੁਨੀਆ ਦੀਆਂ ਜ਼ੁਬਾਨਾਂ ਦੇ ਨਾਗ ਸਾਡੇ ਚੰਗੇ ਦਿਨਾਂ ਦੇ ਜੁੱਸੇ ਨੂੰ ਡੰਗ ਗਏ? ਰੱਖਾ ਮੇਰੇ ਤੋਂ ਦੂਰ ਦੂਰ ਹੁੰਦਾ ਜਾਂਦਾ ਸੀ ਪਰ ਮੈਂ ਕੁਝ ਵੀ ਨਾ ਕਰ ਸਕੀ। ਲੋਕ ਖ਼ੌਰੇ ਰੱਖੇ ਦੇ ਕੰਨਾਂ ਵਿਚ ਕਿਹੜਾ ਨਵਾਂ ਸੱਚ ਘੋਲਣ ਲੱਗ ਪਏ?



"ਤੇ ਅਖ਼ੀਰ ਇਕ ਰਾਤ ਰੱਖਾ ਦਾਰੂ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਘਰ ਪਰਤਿਆ ਤਾਂ ਉਸ ਆਪਣੇ ਅੰਦਰ ਦਾ ਸਾਰਾ ਜ਼ਹਿਰ ਜਿਹੜਾ ਦੁਨੀਆਂ ਉਹਦੇ ਲਹੂ ਵਿਚ ਰਲਾ ਦਿੱਤਾ ਸੀ ਆਪਣੇ ਅੰਦਰੋਂ ਕੱਢ ਕੇ ਮੇਰੇ ਮੂੰਹ ਤੇ ਮਾਰਿਆ। ਉਸ ਸਿੱਧਾ ਮੇਰਾ ਮਰੀ ਮਾਂ ਦੇ ਵਾਲਾਂ ਨੂੰ ਹੱਥ ਪਾਇਆ ਤੇ ਮੈਨੂੰ ਮੇਰੇ ਪਿਉ ਅਮਲੀ ਦੀ ਧੀ ਈ ਮੰਨਣ ਤੋਂ ਮੁਨਕਰ ਹੋ ਗਿਆ ਤੇ ਜਿਸ ਬੰਦੇ ਤੋਂ ਆਪਣੀ ਇੱਜ਼ਤ ਬਚਾਉਂਦਿਆਂ ਮੇਰੀ ਮਾਂ ਨੇ ਜਾਨ ਦੇ ਦਿੱਤੀ—ਜਦੋਂ ਮੈਂ ਤਿੰਨਾਂ ਵਰ੍ਹਿਆਂ ਦੀ ਉਹਦੇ ਕੁੱਛੜ ਸਾਂ—ਮੈਨੂੰ ਸਿੱਧਾ ਓਸ ਬੰਦੇ ਦੀ ਧੀ ਬਣਾ ਦਿੱਤਾ। ਮੇਰੀ ਮਾਂ ਨੂੰ ਏਡੀ ਵੱਡੀ ਗਾਲ੍ਹ ਤੇ ਏਡਾ ਵੱਡਾ ਝੂਠ ਸੁਣ ਕੇ, ਏਡਾ ਭੈੜਾ ਦਾਗ਼ ਉਹਦੀ ਚਿੱਟੀ ਚਾਦਰ ਨੂੰ ਲੱਗਦਿਆਂ ਵੇਖ ਕੇ ਮੈਂ ਆਪਣੇ ਆਪ ਵਿਚ ਤੇ ਰਹੀ, ਪਰ ਆਪਣੇ ਮਜਾਜ਼ੀ ਖ਼ੁਦਾ ਦੇ ਸਾਹਮਣੇ ਚੁੱਪ ਨਾ ਰਹਿ ਸਕੀ ਤੇ ਆਕੜ ਕੇ ਉਹਦੇ ਸਾਹਮਣੇ ਖਲੋ ਗਈ। ਅੰਨ੍ਹਾ ਰੱਖਾ ਗ਼ੁੱਸੇ ਵਿਚ ਹੋਰ ਅੰਨ੍ਹਾ ਹੋ ਗਿਆ। ਚੁੱਲ੍ਹੇ ਵਿੱਚੋਂ ਬਲਦਾ ਚੋ ਫੜ ਕੇ ਓਸ ਮੈਨੂੰ ਰੂੰ ਵਾਂਗ ਪਿੰਜ ਛੱਡਿਆ। ਮੈਨੂੰ ਸੁਰਤ ਨਹੀਂ, ਓਸ ਮੈਨੂੰ ਕਿੰਨਾ ਕੁ ਮਾਰਿਆ ਪਰ ਮੈਨੂੰ ਇਹ ਯਾਦ ਏ, ਕਿ ਉਹ ਚੋ ਉਹਦੇ ਹੱਥੋਂ ਛੁੱਟ ਕੇ ਲਾਗੇ ਮੰਜੀ ਉੱਤੇ ਪਏ ਕਾਕੇ ਦੇ ਸਿਰ ਵਿਚ ਜਾ ਵੱਜਾ। ਕਾਕੇ ਦੇ ਸਿਰ 'ਚੋਂ ਲਹੂ ਦੀ ਇਕ ਛੁਕਣੀ ਛੁੱਟ ਪਈ ਤੇ ਮੇਰੇ ਆਪਣੇ ਲਾਲ ਨੂੰ ਚੁੱਕ ਕੇ ਸੀਨੇ ਨਾਲ ਲਾਉਣ ਤੋਂ ਪਹਿਲੋਂ ਈ ਉਹ ਫੁੱਲ ਆਖ਼ਰੀ ਸਾਹ ਲੈ ਕੇ ਸੁੱਕ ਗਿਆ। ਮੈਂ ਨਿਢਾਲ ਹਾਰੀ ਹੋਈ ਨੇ ਉਹਨੂੰ ਓਸੇ ਮੰਜੀ ਉੱਤੇ ਪਾ ਦਿੱਤਾ। ਪਿਛਾਂਹ ਕੀ ਰਹਿ ਗਿਆ? ਠਠੰਬਰਿਆ ਹੋਇਆ ਅੰਨ੍ਹਾ-ਬੋਲ਼ਾ ਰੱਖਾ, ਮੇਰੇ ਲਾਲ ਦੀ ਲਾਸ਼ ਤੇ ਮੈਂ ਔਗੁਣਹਾਰੀ। ਇਕ ਧੁੰਦ ਜਿਹੀ ਮੇਰੀਆਂ ਅੱਖਾਂ ਅੱਗੇ ਆਈ ਤੇ ਮੇਰੇ ਸਿਰ ਨੂੰ ਚੜ੍ਹ ਗਈ। ਮੈਂ ਜ਼ਮੀਨ ਤੇ ਡਿੱਗਣ ਲੱਗੀ, ਪਰ ਫਿਰ ਖ਼ੌਰੇ ਕਿਵੇਂ ਮੇਰੇ ਲਹੂ ਦੀ ਸਾਰੀ ਤਾਕਤ ਮੇਰੇ ਹੱਥਾਂ ਵਿਚ ਆ ਗਈ। ਤੇ ਓਸ ਹੀ ਚੋ ਨਾਲ ਮੈਂ ਸਾਹਮਣੇ ਖਲੋਤੇ ਰੱਖੇ ਦੀ ਸਿਰੀ ਫੇਹ ਛੱਡੀ ਤੇ ਇਕ ਪਲ ਵਿਚ ਈ ਮੇਰੇ ਸਿਰ ਦੇ ਸਾਈਂ ਦੀ ਲੋਥ ਵੀ ਮੇਰੇ ਲਾਲ ਦੀ ਮੰਜੀ ਉੱਤੇ ਆ ਡਿੱਗੀ। ਪੁੱਤਰ ਤਾਂ ਮਾਂ ਤੋਂ ਕੁਰਬਾਨ ਹੁੰਦੇ ਈ ਆਏ ਨੇ ਸਦਾ ਤੇ ਮੇਰਾ ਤਿੰਨਾਂ ਵਰ੍ਹਿਆਂ ਦਾ ਲਾਲ ਵੀ ਆਪਣੀ ਮਾਂ ਤੋਂ ਕੁਰਬਾਨ ਹੋ ਗਿਆ। ਪਰ ਕਦੇ ਧੀਆਂ ਧਿਆਣੀਆਂ ਵੀ ਆਪਣੇ ਸਿਰ ਦੇ ਸਾਈਂ, ਆਪਣੇ ਮਜਾਜ਼ੀ ਖ਼ੁਦਾ, ਆਪਣੀਆਂ ਮਰੀਆਂ ਹੋਈਆਂ ਮਾਵਾਂ ਤੋਂ ਕੁਰਬਾਨ ਕੀਤੇ ਨੇ? ਇਹਦਾ ਮੈਨੂੰ ਕੁਝ ਇਲਮ ਨਹੀਂ। ਅੱਜ ਤੀਕ ਮੈਂ ਲੱਖਾਂ ਵਾਰੀ ਏਸ ਬਾਰੇ ਸੋਚਿਆ ਏ, ਪਰ ਕਦੇ ਇਕ ਵਾਰ ਵੀ ਆਪਣੀ ਕਰਨੀ ਤੇ ਮੈਨੂੰ ਪਛਤਾਵਾ ਤੇ ਹਿਰਖ ਨਹੀਂ ਲੱਗਾ...ਇਕ ਵਾਰ ਵੀ ਉਹਦੇ ਤੇ ਪਛੂਤਰੀ ਨਹੀਂ ਲੱਗੀ...।"

ਉਹ ਚੁੱਪ ਹੋ ਗਈ। ਮੈਂ ਪਹਿਲੀ ਵਾਰ ਸੱਚ ਦੇ ਏਸ ਸੁਫ਼ਨੇ ਦੇ ਹੜ੍ਹ ਵਿਚ ਭਿੱਜ ਕੇ ਨਿਕਲਿਆ। ਅੱਗੇ ਹੋਰ ਹੋਰ ਸੁਣੀਂਦਾ ਸੀ...ਥੇਹ ਉਜਾੜ ਤੇ ਸੁੰਨਸਾਨ ਸੀ। ਦੁਪਹਿਰ ਉਂਞ ਈ ਅੱਗ ਵਰ੍ਹਾਂਦੀ ਪਈ ਸੀ। ਨਾ ਮੇਰੇ ਅੰਦਰ ਪੱਕੇ ਥੇਹ ਦਾ ਪਿਛਾਂਹ ਕੋਈ ਡਰ ਰਹਿ ਗਿਆ ਸੀ, ਨਾ ਕੋਲ ਬੈਠੀ ਪੁੱਠਿਆਂ ਪੈਰਾਂ ਵਾਲੀ ਦੀ ਮੇਰੇ ਜੁੱਸੇ ਉੱਤੇ ਕੋਈ ਦਹਿਸ਼ਤ ਰਹਿ ਗਈ ਸੀ। ਉਹਦਾ ਪੱਥਰ ਵਰਗਾ ਸਖ਼ਤ ਚਿਹਰਾ ਮੈਨੂੰ ਮੋਮ ਵਾਂਗ ਨਰਮ ਲੱਗ ਰਿਹਾ ਸੀ ਤੇ ਉਹਦੀਆਂ ਤੇਜ਼ ਤ੍ਰਿੱਖੀਆਂ ਅੰਦਰ ਤੀਕ ਖੁੱਭ ਜਾਣ ਵਾਲੀਆਂ ਅੱਖਾਂ ਅਮਨ, ਸ਼ਾਂਤੀ, ਨਿੱਘ ਤੇ ਪਿਆਰ ਦੇ ਸਮੁੰਦਰ ਪਏ ਲੱਗਦੇ ਸਨ। ਉਹ ਓਸ ਵੇਲੇ ਮੈਨੂੰ

Academy of the Punjab in North America: http://www.apnaorg.com

ਦੁਨੀਆਂ ਦੀ ਸਭ ਤੋਂ ਸੋਹਣੀ ਤੇ ਸਭ ਤੋਂ ਵੱਡੀ ਧੀ ਲੱਗਦੀ ਪਈ ਸੀ। ਓਸ ਮੇਰੇ ਵੱਲ ਬੜੀ ਅਪਣੱਤ ਨਾਲ ਵੇਖਿਆ। ਮੈਂ ਜਿਵੇਂ ਆਪਣੇ ਆਪ ਨੂੰ ਪੁੱਛਿਆ—

"ਪਰ ਬੀਬੀ! ਇਕ ਹੋਰ ਬੰਦਾ ਵੀ ਤਾਂ ਤੇਰੀ ਮਾਂ ਦਾ ਦੇਣਦਾਰ ਸੀ!"

"ਆਹੋ!" ਪੁੱਠਿਆਂ ਪੈਰਾਂ ਵਾਲੀ ਸ਼ੌਰੇ ਫ਼ੈਸਲਾ ਮੇਰੇ ਚਿਹਰੇ ਤੋਂ ਪੜ੍ਹ ਲਿਆ ਸੀ। ਬੜੇ ਹੌਸਲੇ ਨਾਲ ਕਹਿਣ ਲੱਗੀ, "ਇਕ ਮੰਦੇ ਕੀਤੇ ਦੇ ਪਛਤਾਵੇ ਦੀ ਨਮੋਸ਼ੀ ਵਿਚ ਉਸ ਤੇਰਾਂ ਵਰ੍ਹੇ ਮੇਰਾ ਪਿਉ ਬਣ ਕੇ ਮੈਨੂੰ ਪਿਆਰ ਦਿੱਤਾ ਤੇ ਮੇਰੇ ਜਿਹੀ ਲਾਵਾਰਸ ਦੇ ਸਿਰ ਉੱਪਰ ਹੱਥ ਰੱਖ ਕੇ ਮੈਨੂੰ ਸ਼ਾਮਲਾਟ ਦਾ ਛੱਪੜ ਤੇ ਕਮਾਦ ਦੀ ਲਾਵਾਰਸ ਪੈਲੀ ਬਣਨ ਤੋਂ ਬਚਾਈ ਰੱਖਿਆ। ਕੀ ਉਹਦੀ ਏਡੀ ਵੱਡੀ ਨੇਕੀ ਦੇ ਬਦਲੇ ਮੈਂ ਉਹਨੂੰ ਉਹਦੀ ਜਵਾਨੀ ਦੀ ਇਕ ਭੁੱਲ ਵੀ ਮਾਫ਼ ਨਹੀਂ ਕਰ ਸਕਦੀ? ਉਸ ਮੇਰੀ ਮਾਂ ਦੀ ਜਾਨ ਤੇ ਲੈ ਲਈ ਪਰ ਜੇ ਓਸ ਮੇਰੀ ਮਾਂ ਦੀ ਇੱਜ਼ਤ ਲਈ ਹੁੰਦੀ ਤਾਂ ਨੀਲੀ ਛੱਤ ਵਾਲੇ ਦੀ ਸਹੁੰ ਮੈਂ ਉਹਦਾ ਸਿਰ ਵੀ ਲੈ ਲੈਂਦੀ। ਕਿਸੇ ਦੀ ਇੱਜ਼ਤ ਲੁੱਟ ਲੈਣਾ, ਕਿਸੇ ਦੀ ਜਾਨ ਲੈਣ ਤੋਂ ਵੱਡਾ ਪਾਪ ਤੇ ਵੱਡਾ ਧਰੋਹ ਏ!"

"ਠੀਕ ਏ!" ਮੈਂ ਹੋਰ ਕੁਝ ਨਾ ਕਹਿ ਸਕਿਆ।



## منّا کوہ لہور ਮੁੰਨਾ ਕੋਹ ਲਹੌਰ

"ਸਾਧ ਪਕੌੜੇ ਵੇਚ ਕੇ ਆਪਣੇ ਜੀਆ-ਜੰਤ ਦਾ ਮਸਾਂ ਹੀ ਢਿੱਡ ਭਰਦਾ ਤੇ ਚੋਰ ਚੋਰੀ ਕਰ ਕੇ ਆਪਣੇ ਬਾਲ-ਬੱਚੇ ਨਾਲ ਖੁੱਲ੍ਹੇ ਲੁੱਟਦਾ। ਤੇ ਇੰਵ ਸਾਧ ਆਪਣੇ ਹਾਲ ਵਿਚ ਮਸਤ, ਚੋਰ ਆਪਣੇ ਮਾਲ ਵਿਚ ਮਸਤ ਤੇ ਵੇਲਾ ਆਪਣੀ ਚਾਲ ਵਿਚ ਮਸਤ ਸੀ...।"

"ਕਹਾਣੀ ਦਾ ਮੁੱਢ ਈ ਬੇਢੰਗਾ ਏ!" ਦਾਰੀ ਜੁਲਾਹ ਬੋਲ ਪਿਆ, "ਅਗਾਂਹ ਕਹਾਣੀ ਕੀ ਹੋਣੀ ਏ?"

ਕਹਾਣੀ ਸੁਣਾਉਂਦਾ ਬਾਬਾ ਭੋਜ ਵਿੱਚੋਂ ਟੋਕੇ ਜਾਣ ਤੇ ਭੂੜਕ ਡੰਡੀਓਂ ਪਾਰ ਹੋਇਆ। ਦਾਰੀ ਨੂੰ ਝਈ ਲੈ ਕੇ ਪਿਆ:

"ਅਗਾਂਹ ਤੇ ਤੇਰੀ ਮਾਂ ਨੇ ਜੋ ਹੋਣਾ ਸੋ ਹੋਣਾ ਏਂ, ਪਹਿਲੋਂ ਤੂੰ ਇਹ ਦੱਸ! ਕਹਾਣੀ ਦਾ ਮੁੱਢ ਕਿਵੇਂ ਬੇਢੰਗਾ ਏ?"

ਦਾਰੀ ਨੇ ਬਾਬੇ ਦੀ ਗੱਲ ਦਾ ਬੁਰਾ ਨਾ ਮੰਨਿਆ। ਹੱਸ ਕੇ ਕਹਿਣ ਲੱਗਾ, "ਤੂੰ ਤੇ ਆਖਦਾ ਹੁੰਦਾ ਏਂ ਭਈ ਚੋਰਾਂ ਦੇ ਘਰ ਕਦੇ ਦੀਵਾ ਹੀ ਨਹੀਂ ਬਲਦਾ ਹੁੰਦਾ। ਹੁਣ ਆਪ ਹੀ ਦੱਸਦਾ ਏਂ ਭਈ ਚੋਰ ਆਪਣੇ ਬਾਲ-ਬੱਚੇ ਨਾਲ ਖੁੱਲ੍ਹੇ ਲੁੱਟਦਾ ਹੁੰਦਾ ਸੀ ਤੇ ਨਾਲੇ ਸਾਧ ਪਕੌੜੇ ਵੇਚਣ ਮਗਰੋਂ ਵੀ ਸਾਧ ਹੀ ਰਿਹਾ?"

ਕੋਲ ਬੈਠਾ ਮਾਸਟਰ ਦਾਰੀ ਦੀ ਇਮਦਾਦ ਨੂੰ ਅੱਪੜਿਆ—"ਬਾਬਾ! ਦਾਰੀ ਦੀ ਗੱਲ ਨੂੰ ਚਿੱਥ ਜ਼ਰਾ! ਉਹ ਆਖਦਾ ਏ ਕਿ ਹੱਟੀ ਵਾਲਾ ਤੇ ਚੋਰ ਜੇ ਸਕੇ ਭਰਾ ਨਹੀਂ ਤੇ ਤਾਏ ਚਾਚੇ ਦੇ ਪੁੱਤਰ ਭਰਾ ਤੇ ਜ਼ਰੂਰ ਹੁੰਦੇ ਨੇ...। ਇਕ ਨੇ ਗਾਹਕ ਨੂੰ ਲੁੱਟਣਾ, ਇਕ ਨੇ ਸਾਕ ਨੂੰ...।"

ਬਾਬੇ ਭੋਜ, ਮਾਸਟਰ ਦੀ ਸੁਣੀ ਅਣ-ਸੁਣੀ ਕਰਦਿਆਂ ਕਿਹਾ, "ਦੀਵਾ ਨਹੀਂ ਬਲਦਾ ਕਦੇ ਤੇਰੇ ਜਹੇ ਰੱਬ ਦੇ ਮਾਰੇ ਚੋਰ ਦੇ ਘਰ, ਜਿਨ੍ਹੇ ਸਵੇਰੇ ਉਠ ਕੇ ਮਸੀਤੇ ਜਾ ਕੇ ਨਹਾਵਣ ਤੋਂ ਪਹਿਲੋਂ ਮਸੀਤ ਦਾ ਤੇਲ ਚੋਰੀ ਕਰ ਕੇ ਮਲਣਾ ਹੁੰਦਾ ਏ...।"

ਬਾਬੇ ਦੀ ਗੱਲ ਅਜੇ ਵਿਚ ਈ ਸੀ, ਦਾਰੀ ਹੱਸ ਕੇ ਕਹਿਣ ਲੱਗਾ, "ਰੋਜ਼ ਸਵੇਰੇ ਮੂੰਹ ਹਨੇਰੇ ਖੂਹੀ 'ਚੋਂ ਸੌ ਬੋਕਾ ਕੱਢ ਕੇ ਸਕਾਵੇ ਤੇ ਟੂਟੀਆਂ ਭਰਨਾ ਆਂ ਮਸੀਤ ਦੀਆਂ। ਜੇ ਕਦੇ ਕਿਸੇ ਨਮਾਜ਼ੀ ਸਵੇਰੇ ਇਕ ਬੋਕਾ ਵੀ ਕੱਢਿਆ ਹੋਵੇ ਤਾਂ ਮੈਂ ਝੂਠਾ। ਤੇ ਜੇ

Academy of the Punjab in North America: http://www.apnaorg.com

ਕਦੇ ਮੈਂ ਕੁੱਜੇ 'ਚੋਂ ਤੇਲ ਦਾ ਚੋਆ ਲੈ ਲੈਨਾਂ ਆਂ ਤੇ ਗੁਨਾਹ ਕੀ ਹੋਇਆ? ਅੱਲ੍ਹਾ ਦੇ ਘਰੋਂ ਨਾ ਲਵਾਂ ਤੇ ਹੋਰ ਕਿਥੋਂ ਲਵਾਂ?"

ਦਾਗੀ ਦੀ ਗੱਲ ਦੇ 'ਹੋਰ ਕਿਥੋਂ ਲਵਾਂ' ਵਾਲੇ ਟੋਟੇ ਤੇ ਬਾਬੇ ਦਾ ਹਾਸਾ ਨਿਕਲ ਗਿਆ, ਬੋਲਿਆ, "ਪੁੱਤਰਾ। ਜੇ ਕਦੇ ਤੈਨੂੰ ਸਵੇਰੇ ਉਠ ਕੇ ਤੇਲ ਮਲ ਕੇ ਨਹਾਵਣ ਦੀ ਆਦਤ ਨਾ ਹੋਵੇ ਤੂੰ ਕਦੇ ਮਸੀਤ ਵੱਲ ਮੂੰਹ ਵੀ ਨਾ ਕਰੇਂ। ਜਾ ਕੇ ਰੋਜ਼ ਤੇਲ ਮਲਨਾ ਏਂ। ਮਗਰੋਂ ਸਰੀਰ ਖੋਲ੍ਹਣ ਲਈ ਦਸ-ਵੀਹ ਬੋਕੇ ਕੱਢ ਕੇ ਸਕਾਵੇ ਭਰ ਕੇ ਨਹਾ ਵੀ ਤਾਂ ਆਪ ਈ ਔਨਾ ਏ ਨਾ? ਤੈਨੂੰ ਕਦੇ ਨਮਾਜ਼ ਪੜ੍ਹਨ ਦੀ ਤੌਫ਼ੀਕ ਨਹੀਂ ਹੋਈ। ਪਰ ਮੇਰੀ ਗੱਲ ਯਾਦ ਰੱਖੀਂ, ਅੱਲ੍ਹਾ ਦੇ ਘਰ ਚੋਰੀ ਕਰਨਾ ਏਂ—ਕੋਹੜਾ ਹੋ ਕੇ ਮਰੇਂਗਾ। ਕੀੜੇ ਖਾਣਗੇ ਏਸ ਸਰੀਰ ਨੂੰ।"

...ਖ਼ੌਰੇ ਕੋਹੜੇ ਹੋਣ ਜਾਂ ਸਰੀਰ ਨੂੰ ਕੀੜਿਆਂ ਦੇ ਖਾਣ ਦੇ ਡਰ ਤੋਂ ਦਾਗੀ ਕੰਬ ਗਿਆ। ਸਫ਼ਾਈ ਦੇਂਦਿਆਂ ਕਹਿਣ ਲੱਗਾ: "ਸਹੁੰ ਬੇਬੇ ਦੀ! ਹੁਣ ਤਾਂ ਮੈਂ ਇਹ ਕੰਮ ਕਦੇ ਨਹੀਂ ਕੀਤਾ। ਅਜੇ ਪਿਛਲੀ ਜੁੰਮੇਰਾਤ ਨੂੰ ਤੇ ਮੈਂ ਸਵਾ ਰੁਪਏ ਦਾ ਤੇਲ ਮਸੀਤੇ ਪਾਇਆ ਏ।"

"ਹੁਣ ਤੂੰ ਮਸੀਤੋਂ ਤੇਲ ਚੋਰੀ ਕਰ ਕੇ ਨਹੀਂ ਮਲਦਾ—ਹੁਣ ਤੇ ਤੂੰ ਬੱਸ ਪੱਠੇ ਵੱਢਨਾਂ ਏਂ ਚੋਰੀ!" ਬਾਬੇ ਭੋਜ ਸ਼ੌਰੇ ਦਾਗੀ ਦੀ ਪਹਿਲੀ ਸਫ਼ਾਈ ਮੰਨ ਲਈ ਸੀ।

ਦਾਗੀ ਆਪਣੀ ਵਾਹੀ, "ਲੈ ਭਲਾ ਬਾਬਾ। ਪੱਠੇ ਮੈਂ ਕਿੰਨੇ ਕੁ ਵੱਢਨਾਂ ਆਂ? ਇਕ ਤੇ ਬੱਕਰੀ ਜਿੱਡੀ ਗਾਂ ਏ ਤੇ ਇਕ ਬਿੱਲੀ ਜਿੱਡੀ ਵੱਛੀ। ਨਾਲੇ ਪੱਠੇ ਮੈਂ ਕਿਹੜੇ ਰੋਜ਼ ਵੱਢਨਾਂ ਆਂ? ਇਕ ਅੱਧਾ ਡੰਗ ਤੇ ਮੈਂ ਘਾਹ ਖੋਤਰ ਕੇ ਪਾ ਲੈਨਾਂ ਤੇ ਵਿੱਚੋਂ ਇਕ ਅੱਧਾ ਡੰਗ ਪੱਠੇ ਵੱਢ ਲਿਆਊਨਾਂ, ਉਹ ਵੀ ਉਸ ਸ਼ੂਮ ਜੱਟ ਦੇ, ਜਿਹੜਾ ਮੰਗਿਆਂ ਨਹੀਂ ਦੇਂਦਾ। ਸਵੇਰੇ ਜੱਟ ਨੂੰ ਵੀ ਪਤਾ ਹੁੰਦਾ ਏ ਭਈ ਦਾਗੀ ਲੈ ਗਿਆ ਪੱਠੇ ਵੱਢ ਕੇ ਰਾਤੀਂ। ਉਹ ਵੀ ਹੱਸ ਛੱਡਦਾ ਏ ਤੇ ਮੈਂ ਵੀ। ਬਾਬਾ! ਤੂੰ ਹੀ ਦੱਸ ਆਪਣੇ ਦੀਨ ਈਮਾਨ ਨਾਲ, ਜੇ ਦਾਗੀ ਆਪਣੀ ਗਾਂ ਲਈ ਏਸ ਆਪਣੇ ਪਿੰਡ ਵਿੱਚੋਂ ਪੱਠੇ ਨਾ ਵੱਢੇ ਤੇ ਕਿਥੋਂ ਵੱਢੇ? ਪਿੰਡੋਂ ਬਾਹਰੋਂ ਕਿਸੇ ਹੋਰ ਪਿੰਡ ਦੇ ਪੱਠੇ ਵੱਢ ਕੇ ਧੌਣ ਭੰਨਾ ਲਏ?"

ਬਾਬੇ ਭੋਜ ਦਾ ਫੇਰ ਹਾਸਾ ਡੁੱਲ੍ਹ ਪਿਆ। ਹੱਸਦਿਆਂ ਹੱਸਦਿਆਂ ਬੋਲਿਆ, "ਓਇ ਬਦਾ! ਤੈਨੂੰ ਸੌ ਵਾਰੀ ਆਖਿਆ ਏ ਜਦੋਂ ਕਿਤੋਂ ਨਾ ਲੱਭਣ ਤਾਂ ਸਾਡੇ ਵੱਢ ਲਿਆਇਆ ਕਰ। ਪਰ ਰਾਤਾਂ ਨੂੰ ਲੋਕਾਂ ਦੇ ਚੋਰੀ ਨਾ ਵੱਢਿਆ ਕਰ। ਐਵੇਂ ਹਰਾਮ ਮੌਤੇ ਨਾ ਮਾਰਿਆ ਜਾਵੀਂ ਕਿਤੇ। ਓਇ ਚੋਰੀ ਪੱਠੇ ਵੱਢਦਿਆਂ ਮਾਰਿਆ ਜਾਣਾ ਵੀ ਕੋਈ ਕੰਮ ਹੋਇਆ। ਧੇਲਾ ਮੁੱਲ ਨਹੀਂ ਪੈਂਦਾ ਅਜਿਹੇ ਬੰਦੇ ਦਾ।"

"ਮੈਂ ਉਹਦੇ ਪੱਠੇ ਨਹੀਂ ਵੱਢਦਾ ਕਦੇ ਵੀ, ਜਿਸ ਪੱਠਿਆਂ ਦੇ ਰੁੱਗ ਤੋਂ ਮਾਰ ਹੀ ਘੱਤਣਾ ਹੋਵੇ। ਮੈਂ ਤਾਂ ਉਹਦੇ ਵੱਢਨਾਂ ਆਂ, ਜਿਹੜਾ ਜੇ ਉੱਤੋਂ ਫੜ ਵੀ ਲਵੇ ਤਾਂ ਆਪ ਆਪੇ ਪੱਚੀ ਹੋ ਜਾਵੇ।" ਦਾਗੀ ਚਹਿਕਦਿਆਂ ਗੱਲ ਟੋਰੀ, "ਸੁਣਿਆ ਨਹੀਓਂ ਬਾਬਾ! ਇਕ ਜਾਂਗਲੀ ਚੋਰ ਨੇ ਭੈਣ ਦਾ ਭੁੱਗਾ ਜਾ ਭੰਨਿਆ ਪਰ ਸੰਨ੍ਹ ਤੇ ਹੀ ਫੜਿਆ ਗਿਆ। ਭੈਣ ਤੇ ਭਣੂੰਜੇ ਭਲਾ ਕੀ ਆਖਣਾ ਸੀ? ਸਗੋਂ ਰੋਟੀ ਪਾਣੀ ਖਵਾ ਕੇ ਘੱਲਿਓ ਨੇਂ। ਚੋਰ ਪਿਛਾਂਹ ਪਰਤ ਕੇ ਆਪਣੇ ਯਾਰਾਂ ਬੇਲੀਆਂ ਨੂੰ ਗੱਲ ਸੁਣਾਉਣ ਲੱਗਾ ਚੋਰੀ



ਦੀ। ਫੜੇ ਜਾਣ ਉੱਤੇ ਅੱਪੜਿਆ ਤਾਂ ਦੱਸਿਓ ਸੂ, 'ਮੈਨੂੰ ਫੜਨ ਵਾਲੇ ਵੀ ਭੈਣ ਤੇ ਭਣੂੰਜਾ ਆਏ।' ...ਬੇਲੀਆਂ ਦੇ ਇਹ ਪੁੱਛਣ ਤੇ 'ਭਈ ਫੇਰ ਕੀ ਹੋਇਆ?' ਹੱਸ ਕੇ ਆਖਣ ਲੱਗਾ—'ਹੋਣਾ ਕੀ ਸੀ? ਮੈਨੂੰ ਵੇਖ ਕੇ ਮੇਰੀ ਭੈਣ ਤੇ ਭਣੂੰਜਾ ਢੇਰ ਪੱਚੀ ਹੋਏ।'"

ਬਾਬਾ ਤੇ ਮਾਸਟਰ ਹੱਸ ਪਏ। ਬਾਬਾ ਭੋਜ ਪਿਆਰ ਨਾਲ ਦਾਗੀ ਨੂੰ ਕਹਿਣ ਲੱਗਾ—"ਗੱਲਾਂ ਦਾ ਖੱਟਿਆ ਖਾਨਾਂ ਏਂ।"

ਉਸਤਾਦ ਖੰਘਦਾ ਪੈਰ ਘਸੀਟ ਘਸੀਟ ਕੇ ਟੁਰਦਾ ਮੰਡਲੀ ਵਿਚ ਆ ਰਲਿਆ।

"ਆ ਉਸਤਾਦਾ! ਬਾਬੇ ਭੋਜ ਉਸਤਾਦ ਨੂੰ ਆਪਣੇ ਕੋਲ ਮੰਜੀ ਤੇ ਬਿਠਾ ਕੇ ਪੁੱਛਿਆ—"ਸੁਣਾ ਵੱਲ ਏਂ?"

"ਵੱਲ ਹੁਣ ਕੀ ਹੋਣਾ ਏਂ?" ਦਸ ਕਦਮ ਟੁਰਨ ਨਾਲ ਅਜੇ ਤੀਕ ਬੁਢੇਪੇ, ਉਸਤਾਦ ਨੂੰ ਸਾਹ ਚਾੜ੍ਹਿਆ ਹੋਇਆ ਸੀ। ਨਿਢਾਲ ਜਿਹੀ 'ਵਾਜ ਵਿਚ ਕਹਿਣ ਲੱਗਾ—"ਜੇ ਲੰਮੇ ਪੈ ਜਾਈਏ ਤਾਂ ਉੱਠ ਕੇ ਨਹੀਂ ਬੈਠਾ ਜਾਂਦਾ। ਜੇ ਜ਼ੋਰ ਲਾ ਲੂ ਕੇ ਉੱਠ ਹੀ ਬਹੀਏ ਤੇ ਪੈਰੀਂ ਨਹੀਂ ਖਲੋਤਾ ਜਾਂਦਾ। ਜੇ ਮਰ ਖਪ ਕੇ ਪੈਰੀਂ ਖਲੋ ਵੀ ਜਾਈਏ ਤਾਂ ਟੁਰਿਆ ਨਹੀਂ ਜਾਂਦਾ ਤੇ ਜੇ ਜਾਨ ਤੇ ਖੇਡ ਕੇ ਘਰੋਂ ਤੇਰੀ ਹਵੇਲੀ ਤਕ ਦਸ ਕਰਊਂ ਟੁਰ ਹੀ ਆਈਏ ਤੇ ਫਿਰ ਘੜੀ ਚੰਗੀ ਤੇ ਸਾਹ ਹੀ ਸਵਾਹਰਾ ਨਹੀਂ ਹੁੰਦਾ। ਲੱਖ ਲਾਹਨਤ ਆਖ ਏਸ ਬੁਢੇਪੇ ਨੂੰ।"

ਉਸਤਾਦ ਦੀ ਗਰਿਆ-ਜ਼ਾਰੀ ਤੇ ਦਾਗੀ ਢੀਠਾਂ ਵਾਂਗ ਹੱਸ ਕੇ ਕਹਿਣ ਲੱਗਾ—"ਉਸਤਾਦ ਸਿਆਣੇ ਆਖ ਗਏ ਨੇ—ਜਵਾਨੀ ਬੜੀ ਚੀਜ਼ ਹੈ। ਬੁਢਾਪਾ ਬੜਾ ਲਾਅਨਤੀ।" ਸਣੇ ਉਸਤਾਦ ਸਾਰੇ ਹੱਸ ਪਏ।

ਭੋਜ ਤੇ ਉਸਤਾਦ ਸੱਤਰ-ਅੱਸੀ ਦੇ ਪੇਟੇ ਵਿਚ ਪੁਰਾਣੇ ਸੰਗੀ ਸਨ—ਦੋਵੇਂ ਹਾਣੀ। ਚਾਰ ਚਾਰ ਜਮਾਤਾਂ ਆਪਣੇ ਪਿੰਡ ਦੇ ਸਕੂਲ 'ਚੋਂ ਪੜ੍ਹ ਕੇ ਆਪਣੇ ਆਪਣੇ ਕੰਮ ਲੱਗ ਗਏ। ਭੋਜ ਵਾਹੀ-ਜੋਤੀ ਵਿਚ ਤੇ ਉਸਤਾਦ ਭਾਂਡੇ ਬਣਾਉਣ ਤੇ ਖੋਤਿਆਂ ਤੇ ਭਾਰ ਢੋਣ ਵਿਚ...ਭੋਜ ਦੀ ਵਾਹੀ-ਜੋਤੀ ਉਹਦੇ ਪੁੱਤਰ-ਪੋਤਰਿਆਂ ਸਾਂਭ ਲਈ ਤੇ ਉਸਤਾਦ ਦੀ ਥਾਂ ਉਹਦਾ ਭਰਾ ਚੱਕ ਤੇ ਬੈਠ ਕੇ ਸਾਰਾ ਦਿਨ ਭਾਂਡੇ ਬਣਾਉਂਦਾ, ਆਵੀ ਚਾੜ੍ਹ ਕੇ ਪਕਾਉਂਦਾ ਤੇ ਪਿੰਡੋ-ਪਿੰਡ ਵੇਚਦਾ ਉਹਦਾ ਭਤੀਜਾ...ਉਸਤਾਦ ਦੀ ਤਾਂ ਨਾ ਰੰਨ, ਨਾ ਕੰਨ। ਪਤਾ ਨਹੀਂ ਕਿਉਂ ਸਾਰੀ ਉਮਰ ਉਹਨੂੰ ਕਿਧਰੋਂ ਰੰਨ ਦਾ ਅਜਿਹਾ ਟੋਟਾ ਨਾ ਲੱਭਾ, ਜਿਹਨੂੰ ਘਰਵਾਲੀ ਆਖਦੇ ਨੇ। ਤੇ ਪਤਾ ਨਹੀਂ ਉਸਤਾਦ ਨੂੰ ਏਸ ਬਦਨਸੀਬੀ ਪਾਰੋਂ ਹੀ ਸਾਰੇ ਪਿੰਡ ਵਾਲੇ ਕਿਉਂ ਉਸਤਾਦ ਆਖਦੇ! ਇਹਨਾਂ ਦੋ ਬਾਬਿਆਂ ਦੇ ਦੋ ਹੋਰ ਯਾਰ ਸਨ। ਇਕ ਅੱਧਖੜ ਉਮਰ ਦਾ ਸੱਯਦ ਮਾਸਟਰ ਤੇ ਇਕ ਜਵਾਨ ਉਮਰ ਦਾ ਦਾਗੀ ਜੁਲਾਹਾ। ਓਦਣ ਵੀ ਉਹ ਚਾਰੇ ਈ ਰੋਜ਼ ਵਾਂਙ ਬਾਬੇ ਭੋਜ ਦੀ ਹਵੇਲੀ ਵਿਚ ਬੈਠ ਕੇ ਰਾਤੀਂ ਏਧਰ ਓਧਰ ਦੀਆਂ ਮਾਰ ਰਹੇ ਸਨ:

"ਬਾਬਾ ਅਗਾਂਹ ਟੁਰ ਹੁਣ!" ਦਾਗੀ ਬਾਬੇ ਨੂੰ ਆਖਿਆ।

"ਬੜਾ ਟੁਰੇ ਆਂ ਆਪਣੀ ਉਮਰ ਵਿਚ ਪੁੱਤ!" ਬਾਬੇ ਭੋਜ ਨੇ ਚਮਕ ਕੇ ਕਿਹਾ, "ਏਥੋਂ ਤਰੀਕ ਭੁਗਤਣ ਟੁਰਦੇ ਲਹੌਰ ਜਾਂਦੇ...ਪੂਰੇ ਅੱਸੀ ਕੋਹ!...ਪਿੰਡੋਂ ਰੋਟੀ ਪੱਲੇ ਬੰਨ੍ਹ ਕੇ, ਅੱਲ੍ਹਾ ਦਾ ਨਾਂ ਲੈ ਕੇ ਮਾਰਦੇ ਨਾਅਰਾ:

Academy of the Punjab in North America: http://www.apnaorg.com

*"ਬੱਧੇ ਭਾਰ ਮੁਸਾਫ਼ਰਾਂ ਤੇ ਮੁੰਨਾ ਕੋਹ ਲਹੌਰ।*

"ਤੇ ਪੈਂਡੇ ਠਿਲ੍ਹ, ਤੀਜੇ ਦਿਨ ਮੂੰਹ ਹਨੇਰੇ ਜਾ ਵੜਦੇ ਲਹੌਰ...ਤੇ ਤਰੀਕ ਭੁਗਤ ਕੇ ਸਾ ਦਿਹਾੜੀ ਮੁੜ ਪੈਂਦੇ ਪਿਛਾਂਹ ਤੇ ਛਾਲਾਂ ਮਾਰਦੇ ਦੋ ਦਿਨਾਂ ਵਿਚ ਪਿੰਡ ਆ ਅੱਪੜਦੇ ਤੇ ਅਗਲੇ ਦਿਨ ਉੱਠ ਕੇ ਜੋਤਰਾ ਵੀ ਲਾਉਣ ਜਾਂਦੇ ਹੱਸਦੇ ਖੇਡਦੇ...ਓਇ ਤੂੰ ਸਾਨੂੰ ਟੁਰਨ ਦੇ ਮਿਹਣੇ ਕੀ ਦੇਣੇ ਨੇ, ਜਿਨ੍ਹੇ ਦੋ ਕੋਹ ਜਾਣਾ ਹੋਵੇ ਤੇ ਅੱਧਾ ਦਿਨ 'ਟੇਸ਼ਨ ਤੇ ਬਹਿ ਕੇ ਗੱਡੀ ਉਡੀਕਦਾ ਰਹਿਨਾਂ ਏਂ!"

"ਗੱਡੀਆਂ ਤਾਂ ਬੰਦੇ ਨਕਾਰੇ ਕਰ ਛੱਡੇ!" ਉਸਤਾਦ ਹੁੰਘਿਆ। "ਹੱਡਾਂ-ਗੋਡਿਆਂ ਤੋਂ ਰਹਿ ਗਏ ਜਵਾਨ! ਚੰਗੇ ਦਿਨ ਸਨ ਜਦੋਂ ਅਜੇ ਗੱਡੀਆਂ ਨਹੀਂ ਸਨ ਬਣੀਆਂ, ਜਵਾਨ ਤਾਂ ਸਾਹ-ਸੱਤਿਆ ਵਾਲੇ ਹੁੰਦੇ ਸਨ।"

ਮਾਸਟਰ ਬਹੁਤਾ ਗਾਲੜੀ ਨਹੀਂ ਸੀ ਪਰ ਬੋਲਣੋਂ ਰਹਿ ਨਾ ਸਕਿਆ। "ਗੱਡੀਆਂ ਬੰਦੇ ਦੀ ਜਾਨ ਵੀ ਤਾਂ ਸੁਖੀ ਕਰ ਛੱਡੀ ਏ ਬਾਬਿਓ! ਸਵੇਰੇ ਚੜ੍ਹੋ ਗੱਡੀ ਤੇ ਲਹੌਰ ਤਰੀਕ ਭੁਗਤ ਕੇ ਸ਼ਾਮ ਨੂੰ ਪਿੰਡ ਵੀ ਪਰਤ ਆਓ। ਜਿਹੜਾ ਪੈਂਡਾ ਤੁਸੀਂ ਛਿਆਂ ਦਿਨਾਂ ਵਿਚ ਕਰਦੇ ਸਓ, ਹੁਣ ਛੇਆਂ ਘੰਟਿਆਂ ਵਿਚ ਨਿਬੜ ਜਾਂਦਾ ਏ ਤੇ ਨਾ ਪੈਂਦੇ ਨੇ ਪੈਰੀਂ ਛਾਲੇ ਤੇ ਨਾ ਚੜ੍ਹਦੀਆਂ ਨੇ ਖੁੱਚਾਂ...ਅਮਨ ਨਾਲ ਗੱਡੀ ਵਿਚ ਬਹਿ ਕੇ ਭਾਵੇਂ ਸੌਂ ਰਵ੍ਹੋ।"

ਦਾਰੀ ਸਫ਼ਾਈ ਦੇਂਦਿਆਂ ਤਰਲਾ ਵਾਹਿਆ, "ਮੈਂ ਤਾਂ ਆਖਿਆ ਸੀ ਗੱਲ ਨੂੰ ਅਗਾਂਹ ਟੋਰੋ!"

"ਕਿਹੜੀ ਗੱਲ?" ਬਾਬੇ ਭੋਜ ਬੇ-ਧਿਆਨੀ ਤੇ ਆਰਾਮ ਨਾਲ ਪੁੱਛਿਆ। ਬਹੁਤ ਵਾਰੀ ਇੰਵ ਹੀ ਹੁੰਦਾ ਕਿ ਗੱਲ ਵਿੱਚੋਂ ਹੋਰ ਗੱਲ ਟੁਰ ਪੈਂਦੀ, ਵਿੱਚੋਂ ਹੋਰ ਤੇ ਹੋਰ। ਅਸਲ ਗੱਲ ਕਿਤੇ ਪਿਛਾਂਹ ਦੂਰ ਰਹਿ ਜਾਂਦੀ ਤੇ ਰੌਲੇ ਵਿਚ ਵਿੱਸਰ ਜਾਂਦੀ।

"ਪਕੌੜੇ ਵੇਚਣ ਵਾਲੇ ਸਾਧ ਤੇ ਚੋਰ ਦੀ ਗੱਲ?" ਮਾਸਟਰ ਬਾਬੇ ਭੋਜ ਨੂੰ ਯਾਦ ਕਰਾਇਆ।

"ਹਾਹੋ! ਹੱਛਾ!" ਬਾਬਾ ਭੋਜ ਸੋਚਦਾ ਹੋਇਆ ਦਾਰੀ ਵੱਲ ਵੇਖ ਕੇ ਬੋਲਿਆ—"ਹੁਣ ਵਿਚ ਨਾ ਬੋਲੀਂ ਤੇ ਤੈਨੂੰ ਇਕ ਗੱਲ ਸੁਣਾਵਾਂ ਸੱਚੀ!"

ਸੱਚੀ ਗੱਲ ਦੇ ਨਾਂ ਤੇ ਉਸਤਾਦ ਕੰਨ ਚੁੱਕੇ। ਇਕ ਦੋ ਵਾਰ ਆਪਣੀ ਕਤਰਾਵੀ ਖਿਚੜੀ ਦਾੜ੍ਹੀ ਵਿਚ ਖੁਰਕ ਕੇ ਕਹਿਣ ਲੱਗਾ—"ਸੱਚ ਵੀ ਕਿੰਵ ਦਾ ਗਹਿਣਾ ਏ? ਜਿਹੜੀ ਗੱਲ ਦੇ ਗਲ ਵਿਚ ਪਾ ਦਿਓ, ਗਲ ਫੱਟ ਜਾਂਦੀ ਏ।" ਬਾਬੇ ਭੋਜ ਗੱਲ ਟੋਰੀ। "ਪਕੌੜੇ ਵੇਚਣ ਵਾਲੇ ਦਾ ਰੋਜ਼ ਦਾ ਇਕ ਗਾਹਕ ਅਜਿਹਾ ਵੀ ਸੀ ਜਿਹੜਾ ਰੋਜ਼ ਆ ਕੇ ਪਕੌੜੇ ਖਾਂਦਾ ਤੇ ਡਕਾਰ ਮਾਰ ਕੇ ਮੁੱਛਾਂ ਤੇ ਹੱਥ ਫੇਰਦਾ, ਪੈਸੇ ਦਿਤਿਓਂ ਬਗੈਰ ਚੱਲਦਾ ਹੁੰਦਾ। ਨਾ ਹੱਟੀ ਵਾਲਾ ਕਦੇ ਪੈਸੇ ਮੰਗਦਾ, ਨਾ ਹੀ ਗਾਹਕ ਕੁਝ ਦੇਂਦਾ। ਹੱਟੀ ਵਾਲਾ ਸੋਚਦਾ ਮੁਫ਼ਤੌੜੇ ਗਾਹਕ ਨੂੰ ਕਦੇ ਤਾਂ ਹਯਾ ਆਊ ਤੇ ਓੜਕ ਇਕ ਨਾ ਇਕ ਦਿਨ ਉਹ ਏਸ ਰੋਜ਼ ਦੇ ਧਰੋਹ ਤੋਂ ਮੁੜ ਜਾਊ। ਪਰ ਨਾ ਤਾਂ ਮੁਫ਼ਤੌੜੇ ਗਾਹਕ ਨੂੰ ਹਯਾ ਆਈ ਤੇ ਨਾ ਹੀ ਹੱਟੀ ਵਾਲੇ ਉਹਨੂੰ ਕਦੇ ਜਤਾਇਆ। ਪਤਾ ਨਹੀਂ ਮਾੜੇ ਹੋਣ ਪਾਰੋਂ ਜਾਂ ਭਲੇਮਾਣਸ ਹੋਣ ਕਾਰਨ! ਤੇ ਇਹ ਕੰਮ ਵਰ੍ਹਾ-ਦੋ ਚੱਲਦਾ ਰਿਹਾ...!"

ਦਾਰੀ ਰਹਿ ਨਾ ਸਕਿਆ, ਆਖਣ ਲੱਗਾ—"ਹੱਟੀ ਵਾਲਾ ਦੇਂਦਾ ਅਰਜ਼ੀ ਪਰਚਾ



Academy of the Punjab in North America: http://www.apnaorg.com

ਠਾਣੇ ਵਿਚ। ਆਪੇ ਲੈ ਜਾਂਦੇ ਬੰਨ੍ਹ ਕੇ, ਅਜਿਹੇ ਧੱਕਾਸ਼ਾਹੀ ਕਰਨ ਵਾਲੇ ਗਾਹਕ ਨੂੰ ਤੇ ਦਮੜੀ ਦੇ ਨਾਲ ਚਮੜੀ ਵੀ ਲਾਹ ਦੇਂਦੇ ਅਗਲੇ।"

ਟੋਕੇ ਜਾਣ ਤੇ ਬਾਬਾ ਭੋਜ ਦਾਰੀ ਨੂੰ ਟੁੱਟ ਕੇ ਪੈ ਗਿਆ—"ਤੇਰਾ ਪਿਓ ਠਾਣਾ ਉਦੋਂ ਹੁੰਦਾ ਨਹੀਂ ਸੀ ਤੇ ਫ਼ਰਿਆਦ ਕਰਨੀ ਪੈਂਦੀ ਸੀ ਹਾਕਮ ਅੱਗੇ। ਭਲਾ ਪਕੌੜੇ ਵੇਚਣ ਵਾਲੇ ਗ਼ਰੀਬ ਦੀ ਰਸਾਈ ਹਾਕਮ ਤੀਕਰ ਹੁੰਦੀ ਹੋਊ?"

"ਹੱਛਾ ਭਲਾ! ਫੇਰ?" ਦਾਰੀ ਬਾਬੇ ਵੱਲ ਵੇਖਿਆ।

"ਫੇਰ ਇਕ ਦਿਹਾੜੇ ਮੁਫ਼ਤੌੜਾ ਗਾਹਕ ਮੁੱਛਾਂ ਨੂੰ ਤਾਅ ਦੇਂਦਾ ਆਇਆ। ਵੇਖਦਾ ਕੀ ਏ? ਪਕੌੜਿਆਂ ਵਾਲੇ ਦੀ ਭੱਠੀ ਤੇ ਕੜਾਹੀ ਧੋਤੀ ਮਾਂਜੀ ਮੂਧੀ ਪਈ ਏ ਤੇ ਹੱਟੀ ਵਾਲਾ ਸਿਰ ਫੜ ਕੇ ਬੈਠਾ ਏ।"

"'ਕੀ ਹੋਇਆ? ਅੱਜ ਪਕੌੜੇ ਨਹੀਂ ਕੱਢੇ ਭਲਿਆ?' ਉਹਨੇ ਪੁੱਛਿਆ। 'ਜੋ ਹੈ ਸੀ ਤੂੰ ਖਾ ਗਿਆ ਏਂ, ਵਰ੍ਹੇ-ਦੋਹੀਂ ਵਿਚ। ਮੇਰੀ ਰਾਸ ਮੁੱਕ ਗਈ ਏ। ਹੁਣ ਕਾਹਦੇ ਨਾਲ ਕੱਢਾਂ ਪਕੌੜੇ?' ਹੱਟੀ ਵਾਲੇ ਰੋਂਦੀ ਆਵਾਜ਼ ਵਿਚ ਕਿਹਾ।

"'ਹੱਛਾ!' ਕੁਝ ਦੇਰ ਸੋਚ ਕੇ ਗਾਹਕ ਆਖਿਆ, 'ਕੱਲ੍ਹ ਹੱਟੀ ਜ਼ਰੂਰ ਖੋਲ੍ਹੀਂ, ਮੈਂ ਏਸ ਕੁ ਵੇਲੇ ਆਵਾਂਗਾ।'

"ਅਗਲੇ ਦਿਨ ਕੀਤੇ ਹੋਏ ਇਕਰਾਰ ਤੇ ਗਾਹਕ ਅੱਪੜਿਆ। ਇਕ ਪੋਟਲੀ ਹੱਟੀ ਵਾਲੇ ਨੂੰ ਫੜਾ ਕੇ ਹੱਥ ਜੋੜ ਕੇ ਕਹਿਣ ਲੱਗਾ: 'ਕਦੇ ਪਹਿਲੋਂ ਦੱਸ ਦੇਂਦੋਂ ਤਾਂ ਤੇਰੀ ਭੱਠੀ ਠੰਢੀ ਕਦੀ ਨਾ ਹੁੰਦੀ। ਆਪਣੀ ਹੱਟੀ ਚਲਾ ਭਲਿਆ ਤੇ ਜਦੋਂ ਇਹ ਮੁੱਕ ਜਾਵਣ, ਫੇਰ ਫੂਕ ਮਾਰ ਛੱਡੀਂ ਮੇਰੇ ਕੰਨ ਵਿਚ!' ਤੇ ਹੱਟੀ ਵਾਲੇ ਨੂੰ ਹੈਰਾਨ ਪਰੇਸ਼ਾਨ ਛੱਡ ਕੇ ਚੱਲਦਾ ਹੋਇਆ।

"ਪੋਟਲੀ ਸੋਨੇ ਦੀਆਂ ਮੋਹਰਾਂ, ਟੂੰਬਾਂ ਤੇ ਹੀਰੇ-ਮੋਤੀਆਂ ਨਾਲ ਭਰੀ ਹੋਈ ਸੀ। ਪਕੌੜਿਆਂ ਵਾਲੇ ਏਨੀ ਦੌਲਤ ਕਦੇ ਖ਼ੁਆਬ ਵਿਚ ਵੀ ਨਹੀਂ ਸੀ ਦੇਖੀ।

"ਸੱਤ-ਅੱਠ ਦਿਹਾੜੇ ਮਗਰੋਂ ਸ਼ਹਿਰ ਵਿਚ ਇਕ ਨਾਮੀ-ਗਰਾਮੀ ਚੋਰ ਨੂੰ ਸੂਲੀ ਚਾੜ੍ਹਨ ਦੀ ਡੌਂਡੀ ਪਿੱਟੀ ਗਈ, ਜਿਨ੍ਹੇ ਇਕ ਸਰਦਾਰ ਦਾ ਭੁੱਗਾ ਭੰਨਿਆ ਸੀ। ਤੇ ਉਤੋਂ ਚੋਰੀ ਨਹੀਂ ਸੀ ਮੰਨਦਾ। ਮਾਲ ਨਹੀਂ ਸੀ ਦੇਂਦਾ। ਸੂਲੀ ਸ਼ਹਿਰ ਦੇ ਵੱਡੇ ਚੌਕ ਵਿਚ ਦਿੱਤੀ ਜਾਣੀ ਸੀ ਤੇ ਸਾਰਾ ਸ਼ਹਿਰ ਤਮਾਸ਼ਾ ਵੇਖਣ ਆਇਆ ਹੋਇਆ ਸੀ, ਵਿਚ ਉਹ ਪਕੌੜਿਆਂ ਵਾਲਾ ਵੀ ਸੀ। ਪਕੌੜਿਆਂ ਵਾਲੇ ਸੂਲੀ ਦੇ ਥੜ੍ਹੇ ਤੇ ਕੱਸੀਆਂ ਮੁਸ਼ਕਾਂ, ਬੱਧੇ ਖਲੋਤੇ ਆਪਣੇ ਰੋਜ਼ ਦੇ ਗਾਹਕ ਨੂੰ ਸਿਹਾਣ ਲਿਆ ਤੇ ਪਲ ਭਰ ਵਿਚ ਉਹਨੂੰ ਸਾਰੀ ਗੱਲ ਦਾ ਚਾਨਣ ਹੋ ਗਿਆ। 'ਚੋਰੀ ਦਾ ਮਾਲ ਮੋੜਿਆਂ ਸ਼ੈਰੇ ਚੋਰ ਦੀ ਜਾਨ ਬਚ ਜਾਏ,' ਹੱਟੀ ਵਾਲੇ ਸੋਚਿਆ ਤੇ ਭੀੜ ਨੂੰ ਚੀਰਦਾ ਸੂਲੀ ਦੇ ਥੜ੍ਹੇ ਵੱਲ ਵਧਿਆ। ਜ਼ਰਾ ਨੇੜੇ ਹੋਇਆ ਤੇ ਉਸ ਹੱਥ ਚੁੱਕਿਆ ਬੋਲਣ ਲਈ। ਪਰ ਓਸੇ ਘੜੀ ਚੋਰ ਦੀਆਂ ਤੇ ਉਹਦੀਆਂ ਨਜ਼ਰਾਂ ਮਿਲੀਆਂ। ਚੋਰ ਨੇ ਸ਼ੈਰੇ ਉਹਦੀਆਂ ਅੱਖਾਂ ਵਿਚ ਪੜ੍ਹ ਲਿਆ ਸੀ, ਹੱਸਿਆ ਤੇ ਉੱਚੀ 'ਵਾਜ ਨਾਲ ਜਿਵੇਂ ਸਾਰੀ ਖ਼ਲਕਤ ਨੂੰ ਸੁਣਾ ਕੇ ਕਹਿਣ ਲੱਗਾ—'ਜੇ ਚੋਰੀ ਦਾ ਮਾਲ ਮੁੜ ਵੀ ਗਿਆ ਤਾਂ ਵੀ ਸੂਲੀ ਤਾਂ ਇਹਨਾਂ ਮੈਨੂੰ ਟੰਗ ਈ ਦੇਣਾ ਏ। ਏਸ ਲਈ ਜਿਸ ਭਲੇਮਾਣਸ ਕੋਲ ਮੇਰਾ ਮਾਲ ਹੈ ਉਹ ਆਪਣੇ ਕੋਲ ਹੀ ਰੱਖੇ। ਜੇ ਉਹ ਸਾਰਾ

ਨਾ ਵੀ ਰੱਖਣਾ ਚਾਹਵੇ ਤੇ ਜਿੰਨਾ ਮੈਂ ਉਹਦਾ ਕਰਜ਼ਾ ਦੇਣਾ ਏ—ਉਹ ਰੱਖ ਕੇ ਬਾਕੀ ਮਾਲ 'ਚੋਂ ਸ਼ਹਿਰ ਵਿਚ ਲੋਕਾਂ ਲਈ ਖੂਹ ਲਵਾ ਦੇਵੇ ਤੇ ਸਰਾਂ ਬਣਵਾ ਦੇਵੇ।' "

"ਤੇ ਚੋਰ ਸੂਲੀ ਚੜ੍ਹ ਗਿਆ..." ਬਾਬਾ ਭੋਜ ਖਲੋ ਗਿਆ, ਗੱਲ ਕਰਦਾ ਖ਼ੌਰੇ ਸਾਹ ਲੈਣ ਲਈ।

"ਤੇ ਫੇਰ ਲਵਾ ਦਿੱਤੇ ਖੂਹ ਹੱਟੀ ਵਾਲੇ ਨੇ ਤੇ ਬਣਵਾ ਦਿੱਤੀ ਮੁਸਾਫ਼ਰਾਂ ਲਈ ਸਰਾਂ ? ਮੋਇਆਂ ਦੇ ਥੇਹ ਵਿਚ।" ਦਾਰੀ ਹੱਸ ਕੇ ਕਹਿਣ ਲੱਗਾ—"ਖਾ ਗਿਆ ਹੋਣਾ ਏ ਹੱਟੀ ਵਾਲਾ ਸਾਰਾ ਕੁਝ।"

"ਨਹੀਂ ਭਾਈ !" ਬਾਬੇ ਭੋਜ ਕਿਹਾ, "ਉਦੋਂ ਅਜੇ ਲੋਕਾਂ ਵਿਚ ਈਮਾਨ ਦੀ ਰੱਤੀ ਹੈ ਸੀ। ਹੱਟੀ ਵਾਲੇ ਆਪਣੇ ਪੈਸੇ ਰੱਖ ਕੇ ਬਾਕੀ ਸਾਰੀ ਦੌਲਤ ਨਾਲ ਸ਼ਹਿਰ ਵਿਚ ਦਸ ਖੂਹ ਲਵਾ ਦਿੱਤੇ ਤੇ ਇਕ ਸਰਾਂ ਬਣਵਾ ਦਿੱਤੀ ਮੁਸਾਫ਼ਰਾਂ ਲਈ...। ਕਈ ਸਦੀਆਂ ਲਹੌਰ ਸ਼ਹਿਰ ਦੇ ਲੋਕ ਤੇ ਲਹੌਰ ਵਿਚ ਬਾਹਰੋਂ ਆਵਣ ਵਾਲੇ ਮੁਸਾਫ਼ਰ ਉਸ ਚੋਰ ਦੇ ਖੂਹਾਂ ਦਾ ਪਾਣੀ ਪੀਂਦੇ ਰਹੇ ਤੇ ਉਹਨੂੰ ਦੁਆਵਾਂ ਦੇਂਦੇ ਰਹੇ।"

"ਸਦੀਆਂ ?" ਮਾਸਟਰ ਹੈਰਾਨ ਹੋ ਕੇ ਪੁੱਛਿਆ।

"ਹਾਹੋ !" ਬਾਬੇ ਭੋਜ ਮਾਸਟਰ ਦੀਆਂ ਅੱਖਾਂ ਵਿਚ ਵੇਖ ਕੇ ਕਿਹਾ—"ਇਹ ਗੱਲ ਕੋਈ ਚਾਰ ਸਦੀਆਂ ਪੁਰਾਣੀ ਏ, ਪਰ ਸੱਚੀ ਏ। ਏਸ ਕਰਕੇ ਅੱਜ ਵੀ ਜਿਊਂਦੀ ਏ।"

"ਸੱਚ ਕਦੇ ਪੁਰਾਣਾ ਨਹੀਂ ਹੁੰਦਾ।...ਸੱਚ ਕਦੇ ਬੁੱਢਾ ਨਹੀਂ ਹੁੰਦਾ, ਸੱਚ ਕਦੇ ਨਹੀਂ ਮਰਦਾ।" ਉਸਤਾਦ ਨੇ ਗੋਡਿਆਂ ਤੇ ਹੱਥ ਰੱਖ ਕੇ ਉੱਠਦਿਆਂ ਹੋਇਆਂ ਦੋ ਟੁੱਕ ਤਰੀਕੇ ਨਾਲ ਗੱਲ ਕੀਤੀ।



## وڈا آدمی    ਵੱਡਾ ਆਦਮੀ

ਥੋੜੇ ਥੋੜੇ ਕੁਮਲਾਏ ਹੋਏ ਫੁੱਲ ਮੈਨੂੰ ਬੜੇ ਚੰਗੇ ਲੱਗਦੇ ਨੇ। ਤੋਰੀ ਦੇ ਜ਼ਰਦ ਫੁੱਲਾਂ ਤੋਂ ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਦੇ ਨਾਲ ਤਰੇਲ ਸੁੱਕਣ ਲੱਗਦੀ ਏ ਤੇ ਉਹ ਫੁੱਲ ਬੜੇ ਚਮਕਦਾਰ ਤੇ ਸੋਹਣੇ ਲੱਗਦੇ ਨੇ, ਪਰ ਜਦੋਂ ਸੂਰਜ ਦੀਆਂ ਕਿਰਨਾਂ ਵਿਚ ਥੋੜੀ ਜਿਹੀ ਗਰਮੀ ਆ ਜਾਂਦੀ ਏ ਤਾਂ ਉਹ ਫੁੱਲ ਕੁਝ ਸਹਿਮ ਜਾਂਦੇ ਨੇ...ਤਾਜ਼ਗੀ ਇਕ ਪਾਸੇ ਤੇ ਮੁਰਝਾਉਣਾ ਦੂਜੇ ਪਾਸੇ—ਤੇ ਤੋਰੀ ਦੇ ਫੁੱਲਾਂ ਦਾ ਵਿਚਲਾ ਸਫ਼ਰ—ਬਸ ਉਹ ਸਫ਼ਰ ਮੈਨੂੰ ਬੜਾ ਚੰਗਾ ਲੱਗਦਾ ਏ। ਖ਼ੌਰੇ ਜ਼ਿੰਦਗੀ ਵੀ ਉਹੋ ਈ ਸਫ਼ਰ ਏ ? ਜ਼ਿੰਦਗੀ ਵਿਚ ਤਾਂ ਉਹ ਸਫ਼ਰ ਪਏ ਕਿ ਨਹੀਂ ਪਰ ਰਤਨ ਸਿੰਘ ਤੇ ਮੈਂ ਜਦੋਂ ਆਖ਼ਰੀ ਰਾਤ ਆਪਸ ਵਿਚ ਮਿਲੇ ਸਾਂ ਉਹਦੇ ਚਿਹਰੇ ਉੱਤੇ ਉਹੋ ਈ ਸਫ਼ਰ ਸੀ—ਤੋਰੀ ਦੇ ਫੁੱਲਾਂ ਦਾ ਵਿਚਲਾ ਸਫ਼ਰ। ਸੱਤ ਵਰ੍ਹੇ ਲੰਘ ਗਏ ਨੇ ਪਰ ਰਤਨ ਸਿੰਘ ਦਾਂ ਵੱਡੇ ਸੁਰਖ਼ ਗੁਲਾਬ ਦੇ ਫੁੱਲ ਵਾਂਗੂੰ ਦਾ ਚਿਹਰਾ ਜਿਦ੍ਹੇ ਤੇ ਮੈਂ ਪਹਿਲੀ ਵਾਰੀ ਪਹਿਲਾ ਪਰਛਾਵਾਂ ਵੇਖਿਆ ਸੀ ਅੱਜ ਤਕ ਮੇਰੀਆਂ ਅੱਖਾਂ ਅੱਗੇ ਫਿਰਦਾ ਏ। ਤੇ ਉਦੋਂ ਮੈਨੂੰ ਇੰਞ ਲੱਗਦਾ ਏ ਜਿਵੇਂ ਕਿਸੇ ਨੇ ਮੇਰੇ ਦਿਲ ਨੂੰ ਮੁੱਠ ਵਿਚ ਫੜ ਕੇ ਘੁੱਟ ਦਿੱਤਾ ਹੋਵੇ। ਸ਼ਹਿਰ ਵਿਚ ਫਿਰਦਿਆਂ ਜਦੋਂ ਮੈਂ ਆਪਣੇ ਰਤਨ ਸਿੰਘ ਵਰਗਾ ਕੋਈ ਗੱਭਰੂ ਕਿਤੇ ਵੇਖਨਾਂ ਤੇ ਮੇਰੇ ਅੰਦਰ ਕੋਈ ਸ਼ੈਅ ਟੁੱਟ ਜਾਂਦੀ ਏ। ਵਾਹਿਗੁਰੂ ਦੀ ਸੌਂਹ, ਮਾਂ ਜਾਏ ਭਰਾ ਚੰਗੇ ਹੋਣ ਜਾਂ ਭੈੜੇ, ਬੜੀ ਦੌਲਤ ਹੁੰਦੇ ਨੇ। ਤੇ ਆਪਣਾ ਰਤਨ ਤੇ ਸਦਾ ਈ ਚੰਗਾ ਸੀ, ਬਹੁਤਾ ਈ ਚੰਗਾ—ਸਿਵਾਏ ਉਸ ਇਕ ਰਾਤ ਤੋਂ, ਉਹ ਸਦਾ ਹੀ ਬੜਾ ਬੀਬਾ ਤੇ ਪਿਆਰਾ ਭਰਾ ਸੀ। ਘੜੀ ਦਾ ਉਖੜਿਆ ਵਰ੍ਹਿਆਂ ਤੇ ਪੈ ਜਾਂਦਾ ਏ। ਸੁਣਿਆ ਏ ਰਤਨ ਸਿੰਘ ਨੂੰ ਵੀ ਮੇਰੇ ਮਗਰੋਂ ਕਦੀ ਕਿਸੇ ਨੇ ਹੱਸਦਿਆਂ ਨਹੀਂ ਵੇਖਿਆ ਤੇ ਮੈਨੂੰ ਤਾਂ ਇੰਞ ਲੱਗਦਾ ਏ ਜਿਵੇਂ ਰੂੰ ਅਤੇ ਮੋਮ ਵਾਂਗਰ ਦੇ ਦਿਲ ਦੀ ਥਾਂ ਮੇਰੇ ਸੀਨੇ ਵਿਚ ਪੱਥਰ ਰਖਿਆ ਏ।

ਪਰ ਇਹ ਪੱਥਰ ਵੀ ਓਸ ਵੇਲੇ ਘਿਉ ਵਾਂਙ ਪੰਘਰ ਜਾਂਦਾ ਏ ਜਦੋਂ ਰਤਨ ਦਾ ਉਸ ਰਾਤ ਵਾਲਾ ਪੀਲਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਜਾਂਦਾ ਏ। ਪਰ ਹੁਣ ਇਹਨਾਂ ਗੱਲਾਂ ਦਾ ਕੀ ਫ਼ਾਇਦਾ ? ਹੁਣ ਤਾਂ ਜ਼ਿੰਦਗੀ ਸ਼ਹਿਰ ਦੀਆਂ ਪੱਕੀਆਂ ਸੜਕਾਂ ਉੱਤੇ ਆ ਗਈ ਏ। ਨਾ ਉਹ ਪਿੰਡ ਦੀ ਤੋਰੀ ਦੇ ਫੁੱਲ—ਨਾ ਉਹ ਮਿੱਟੀ ਨਾਲ ਭਰੀਆਂ ਰਾਹਵਾਂ।

Academy of the Punjab in North America: http://www.apnaorg.com

ਨਾ ਉਹ ਗੱਲ ਤੇ ਨਾ ਉਹ ਬਾਤ। ਜ਼ਿੰਦਗੀ ਕੁਝ ਹੋਰ ਹੀ ਹੋ ਗਈ ਏ। ਹੋਰ ਕੀ ਹੋ ਗਈ ਏ ? ਬਦਲ ਗਈ ਏ। ਰਤਨ ਸਿੰਘ ਵੀ ਕੁਝ ਹੋਰ ਈ ਹੋ ਗਿਆ ਹੋਵੇਗਾ। ਚੰਦੋ ਵੀ ਬਦਲ ਗਈ ਹੋਵੇਗੀ। ਨਿੱਕੀਆਂ ਨਿੱਕੀਆਂ ਕੁੜੀਆਂ ਜਵਾਨ ਹੋ ਗਈਆਂ ਹੋਣਗੀਆਂ—ਜਵਾਨ ਵਿਆਹੀਆਂ ਗਈਆਂ ਹੋਣਗੀਆਂ ਤੇ ਵਿਆਹੀਆਂ ਕੁੜੀਆਂ ਬਾਲ ਬੱਚੜਦਾਰ ਹੋ ਗਈਆਂ ਹੋਣਗੀਆਂ। ਚੰਦੋ ਕਿੰਨੀ ਬਦਲ ਗਈ ਹੋਵੇਗੀ, ਵਾਹਿਗੁਰੂ ਹੀ ਜਾਣੇ!

ਸ਼ਹਿਰ ਤੇ ਪਿੰਡ ਦੀ ਜ਼ਿੰਦਗੀ ਵਿਚ ਬਹੁਤਾ ਫ਼ਰਕ ਵੀ ਨਹੀਂ। ਖ਼ੌਰੇ ਤਾਂ ਹੀ ਇਸ ਸ਼ਹਿਰ ਵਿਚ ਰਹਿ ਕੇ ਮੈਨੂੰ ਕਦੇ ਤੋਰੀ ਦੇ ਪੀਲੇ ਫੁੱਲ ਨਹੀਂ ਭੁੱਲਦੇ—ਕਦੇ ਵੀ। ਏਸ ਸ਼ਹਿਰ ਦੀਆਂ ਬਹੁਤੀਆਂ ਕੁੜੀਆਂ ਪੀਲੇ ਰੰਗ ਦੇ ਲੀੜੇ ਪਾਉਂਦੀਆਂ ਨੇ ਤੇ ਜਿਹੜੀਆਂ ਪੀਲੇ ਰੰਗ ਦੇ ਲੀੜੇ ਨਹੀਂ ਪਾਉਂਦੀਆਂ, ਉਹਨਾਂ ਦੇ ਚਿਹਰਿਆਂ ਦਾ ਰੰਗ ਈ ਪੀਲਾ ਹੁੰਦਾ ਏ। ਕਚਹਿਰੀ ਬਾਜ਼ਾਰ ਵਿਚ ਵੜ ਕੇ ਮੈਨੂੰ ਇੰਞ ਲੱਗਦਾ ਏ ਜਿਵੇਂ ਮੈਂ ਕਿਸੇ ਤੋਰੀ ਦੀ ਪੈਲੀ ਵਿਚ ਜਾ ਵੜਿਆ ਹੋਵਾਂ ਤੇ ਨਾਲੇ ਜੇ ਤੋਰੀ ਦੇ ਫੁੱਲ ਤੇ ਇਨਸਾਨ ਰਲਦੀਆਂ ਮਿਲਦੀਆਂ ਸ਼ੈਆਂ ਨਾ ਹੁੰਦੀਆਂ ਤੇ ਸਮੀਨਾ ਵੀ ਮੈਨੂੰ ਤੋਰੀ ਦਾ ਇਕ ਉਦਾਸ ਜਿਹਾ ਫੁੱਲ ਕਿਉਂ ਲੱਗਦੀ। ਖ਼ੌਰੇ ਕਿੰਨੀ ਵਾਰੀ ਜੀਅ ਕੀਤਾ ਏ ਕਿ ਆਪਣੇ ਕੋਲ ਬੈਠੀ ਹੋਈ ਸਮੀਨਾ ਦਾ ਅੱਥਰੂਆਂ ਨਾਲ ਭਰਿਆ ਹੋਇਆ ਚਿਹਰਾ ਉਤਾਂਹ ਚੁੱਕ ਕੇ ਆਪਣੀਆਂ ਅੱਖਾਂ ਦੇ ਕੋਲ ਕਰ ਲਵਾਂ ਤੇ ਅੱਖਾਂ ਦੀ ਅੱਗ ਨਾਲ ਉਹਦੇ ਅੱਥਰੂਆਂ ਨੂੰ ਸੁਕਾ ਦੇਵਾਂ। ਕਈ ਵਾਰੀ ਦਿਲ ਕੀਤਾ ਏ ਉਸ ਡਰੀ ਹੋਈ ਸਹਿਮੀ ਜਿਹੀ ਕੁੜੀ ਨੂੰ ਆਪਣੇ ਨਾਲ ਲਾ ਕੇ ਆਖਾਂ, 'ਬਸ ਇਕ ਵਾਰੀ ਹੱਸ' ਤੇ ਜਦੋਂ ਉਹ ਹੱਸੇ ਤਾਂ ਆਪਣੀ ਜ਼ਿੰਦਗੀ ਉਹਦਿਆਂ ਚਰਨਾਂ ਵਿਚ ਰੱਖ ਦਿਆਂ। ਕਈ ਵਾਰੀ ਜਦੋਂ ਉਹ ਮੇਰੇ ਦਿਲ ਤੇ ਹੱਥ ਰੱਖ ਕੇ ਆਖਦੀ ਏ, 'ਇਥੇ ਪੱਥਰ ਏ,' ਤੇ ਉਹਨੂੰ ਆਖਾਂ 'ਨਹੀਂ, ਇਥੇ ਪੱਥਰ ਨਹੀਂ, ਮੋਮ ਵਾਂਗਰ ਦਾ ਦਿਲ ਏ—ਮੋਮ ਵਾਂਗਰ ਦਾ।' ਪਰ ਖ਼ੌਰੇ ਕੀ ਗੱਲ ਏ ਮੈਂ ਉਹਨੂੰ ਕੁਝ ਵੀ ਨਹੀਂ ਆਖ ਸਕਦਾ ਤੇ ਉਹ ਜਦੋਂ ਮੈਨੂੰ ਮਿਲਣ ਆਉਂਦੀ ਏ, ਮੈਂ ਚੁੱਪ ਚਾਪ ਉਹਨੂੰ ਵੇਖਦਾ ਰਹਿੰਦਾ ਆਂ ਤੇ ਉਹ ਜਾਂ ਰੋਂਦੀ ਰਹਿੰਦੀ ਏ ਜਾਂ ਬਿਟ ਬਿਟ ਮੇਰੀਆਂ ਅੱਖਾਂ ਵਿਚ ਵੇਖਦੀ ਰਹਿੰਦੀ ਏ ਜਿਵੇਂ ਅੱਖਾਂ ਰਾਹੀਂ ਮੇਰੇ ਦਿਲ ਵਿਚ ਉਤਰਨ ਦਾ ਚਾਰਾ ਕਰਦੀ ਹੋਵੇ ਤੇ ਇਕ ਦਿਨ ਤਾਂ ਉਹ ਆਜਿਜ਼ ਆ ਕੇ ਆਖਣ ਲੱਗੀ, 'ਤੇਰੇ ਵਿਚ ਤੇ ਜਜ਼ਬਾਤ ਈ ਨਹੀਂ।'

ਕਾਲਜ ਦੀ ਉਹ ਲਿਖੀ-ਪੜ੍ਹੀ ਕੁੜੀ ਖ਼ੌਰੇ ਠੀਕ ਈ ਆਖਦੀ ਹੋਵੇ।

ਪਰ ਅਜੇ ਕੱਲ੍ਹ ਦੀ ਗੱਲ ਏ ਜਦੋਂ ਮੇਰੇ ਵਿਚ ਐਨੀ ਅੱਗ ਸੀ ਬਈ ਮੇਰੇ ਕੋਲ ਖਲੋਤਾ ਬੰਦਾ ਸੇਕ ਨਾਲ ਈ ਪੰਘਰ ਜਾਂਦਾ ਸੀ। ਮੈਂ ਨਵਾਂ ਨਵਾਂ ਜਵਾਨੀ ਚੜ੍ਹਿਆ ਸਾਂ। ਉਹੋ ਈ ਠੂਏਂ ਦੀ ਪੂਛਲ ਵਰਗੀਆਂ ਉਤਾਂਹ ਉਠੀਆਂ ਹੋਈਆਂ ਮੁੱਛਾਂ, ਉਹੋ ਅੱਖਾਂ ਉੱਤੇ ਡਿੱਗੀ ਹੋਈ ਪੱਗ, ਉਹੀ ਲਿਸ਼ਕਦੇ ਫਲ ਵਾਲੀ ਛਵ੍ਹੀ ਹੱਥ ਵਿਚ ਤੇ ਉਹੋ ਈ ਰਤਨ ਸਿੰਘ ਦੇ ਹੱਥੀਂ ਕੱਢੀ ਹੋਈ ਸ਼ਰਾਬ ਦਾ ਨਸ਼ਾ ਸਿਰ ਵਿਚ। ਮੈਂ ਪੂਰਾ ਗੱਭਰੂ ਸਾਂ ਪਰ ਰਤਨ ਆਖਦਾ ਹੁੰਦਾ ਸੀ, "ਭਾਊ! ਪਤਾ ਈ ਗੱਭਰੂ ਕਦੋਂ ਪੂਰਾ ਬਣਦਾ ਏ ?"

"ਕਦੋਂ ?" ਮੈਂ ਪੁੱਛਦਾ।



"ਜਦੋਂ ਉਹਦੇ ਹੱਥ ਵਿਚ ਛਵ੍ਹੀ ਹੋਵੇ—ਉਹਦੀ ਡੱਬ ਵਿਚ ਸ਼ਰਾਬ ਦੀ ਬੋਤਲ—ਤੇ ਦਿਲ ਵਿਚ ਕਿਸੇ ਰੰਨ ਦੀ ਮੂਰਤ ਹੋਵੇ—ਬੰਦਾ ਉਦੋਂ ਪੂਰਾ ਗੱਭਰੂ ਹੁੰਦਾ ਏ, ਭਾਊ ਬਚਨ ਸਿੰਘਾ!"

"ਹਲਾ," ਮੈਂ ਉਹਦੀ ਗੱਲ ਸੁਣ ਕੇ ਹੱਸਦਾ ਤੇ ਉਹ ਵੀ ਹੱਸਣ ਲੱਗ ਪੈਂਦਾ।

ਰਤਨ ਸਿੰਘ ਮੈਥੋਂ ਦੋ ਵਰ੍ਹੇ ਨਿੱਕਾ ਸੀ। ਉਦੋਂ ਉਹਦੀ ਉਮਰ ਕੋਈ ਬਾਈ ਤਰੇਈ ਵਰ੍ਹੇ ਹੋਵੇਗੀ। ਅਸੀਂ ਦੋ ਈ ਭਰਾ ਸਾਂ ਤੇ ਅੱਧਾ ਪਿੰਡ ਦੁਸ਼ਮਨ ਸੀ। ਪਰ ਸਾਡਾ ਬਾਪੂ ਜਿਹੜਾ ਆਪਣੇ ਵੇਲੇ ਦਾ ਮੰਨਿਆ ਪ੍ਰਮੰਨਿਆ ਸੂਰਮਾ ਸੀ, ਸਦਾ ਈ ਆਖਦਾ ਹੁੰਦਾ ਸੀ, "ਬਚਨ ਮੇਰੀ ਇਕ ਅੱਖ ਏ ਤੇ ਰਤਨ ਦੂਸਰੀ ਤੇ ਜਦੋਂ ਤਕ ਮੇਰੀਆਂ ਦੋਵਾਂ ਅੱਖਾਂ ਵਿਚ ਚਾਨਣ ਏ ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦਾ।" ਤੇ ਗੱਲ ਵੀ ਠੀਕ ਸੀ। ਪਰ ਸੁਣਿਆ ਏ ਬਾਪੂ ਇਕ ਦਿਨ ਸੁੱਤਾ ਤੇ ਫੇਰ ਉਠਿਆ ਈ ਨਾ। ਮੈਂ ਉਦੋਂ ਕਾਲਜ ਵਿਚ ਪੜ੍ਹਦਾ ਸਾਂ। ਬਾਪੂ ਮਰ ਗਿਆ ਤੇ ਪਿੰਡ ਵਿਚ ਰਤਨ ਸਿੰਘ 'ਕੱਲਾ ਰਹਿ ਗਿਆ। ਨਾ ਕੋਈ ਚਾਚਾ ਨਾ ਕੋਈ ਬਾਬਾ। ਮੇਰੇ ਤੇ ਰੱਬ ਦੇ ਸਿਵਾ ਰਤਨ ਸਿੰਘ ਦਾ ਹੋਰ ਹੈ ਵੀ ਕੌਣ ਸੀ ਤੇ ਏਸ ਕਰਕੇ ਮੈਂ ਕਾਲਜ ਛੱਡ ਦਿੱਤਾ ਤੇ ਪਿੰਡ ਟੁਰ ਗਿਆ। ਰਤਨ ਸਿੰਘ ਅੱਗੇ ਈ ਆਕੜ ਕੇ ਟੁਰਦਾ ਹੁੰਦਾ ਸੀ ਪਰ ਮੇਰੇ ਜਾਣ ਨਾਲ ਉਹ ਹੋਰ ਆਕੜ ਕੇ ਟੁਰਨ ਲੱਗ ਪਿਆ। ਉਹ ਬੜਾ ਖ਼ੁਸ਼ ਸੀ। ਸਦਾ ਈ ਆਖਦਾ ਹੁੰਦਾ ਸੀ, "ਭਾਊ ਇਕ ਇਕ ਤੇ ਦੋ ਯਾਰਾਂ। ਹੁਣ ਅਸੀਂ ਦੋ ਆਂ। ਤੇ ਭਾਵੇਂ ਸਾਰਾ ਪਿੰਡ 'ਕੱਠਾ ਹੋ ਕੇ ਆ ਜਾਏ ਅਸੀਂ ਮਾਰੀਏ ਈ ਮਾਰੀਏ—ਪਰ ਭਾਊ! 'ਕੱਲੇ ਬੰਦੇ ਦੀ ਵੀ ਕੋਈ ਵਾਹੀ ਹੁੰਦੀ ਏ ?"

ਉਹ ਠੀਕ ਆਖਦਾ ਸੀ, ਅਸੀਂ ਦੋਵੇਂ ਈ ਚੰਗੇ ਹੱਥਾਂ ਪੈਰਾਂ ਵਾਲੇ ਸਾਂ। ਚੰਗਾ ਖਾਣ, ਚੰਗਾ ਪੀਣ, ਨਾ ਕੰਮ ਨਾ ਕਾਰ, ਵਾਹੀ ਅੱਧ ਦੀ ਸੀ—ਅਸੀਂ ਦੋਵੇਂ ਹੌਸਲੇ ਵਾਲੇ ਵੀ ਸਾਂ ਤੇ ਸਾਨੂੰ ਇਕ ਦੂਜੇ ਦੀ ਬਰਕਤ ਵੀ ਬੜੀ ਸੀ। ਤੇ ਦਿਨ ਬੜੇ ਚੰਗੇ ਲੰਘਦੇ ਜਾਂਦੇ ਸਨ।

ਉਹ ਪੋਹ ਮਾਘ ਦੇ ਠੰਢੇ ਦਿਨ ਸਨ ਜਦੋਂ ਸੂਰਜ ਦੀ ਪੂਰੀ ਲੋਅ ਵਿਚ ਮੈਂ ਚੰਦੋ ਨੂੰ ਵੇਖਿਆ ਤੇ ਆਪਣੇ ਲਈ ਚੁਣ ਲਿਆ। ਉਹ ਬਾਲੀਆਂ ਦੇ ਹਰਨਾਮ ਸਿੰਘ ਦੀ 'ਕੱਲੀ ਧੀ ਸੀ ਤੇ ਬਾਲੀਆਂ ਸਾਡੇ ਕੋਲੋਂ ਕੋਈ ਤਿੰਨ ਕੋਹ ਸੀ। ਪਰ ਮੇਰੀ ਸਾਵੀ ਘੋੜੀ ਅੱਖ ਝਮਕਣ ਜਿੰਨੇ ਚਿਰ ਵਿਚ ਬਾਲੀਆਂ ਦੇ ਕੋਲ ਵਗਦੇ ਹੋਏ ਬਸੰਤਰ ਕੰਢੇ ਮੈਨੂੰ ਅਪੜਾ ਦਿੰਦੀ ਜਿਥੇ ਚੰਦੋ ਬਹਿ ਕੇ ਮੈਨੂੰ ਉਡੀਕਦੀ ਹੁੰਦੀ ਸੀ ਤੇ ਮੈਂ ਪਹਿਰ ਰਾਤ ਦਾ ਪਿੰਡੋਂ ਨਿਕਲਿਆ ਸਰਘੀ ਵੇਲੇ ਪਿੰਡ ਮੁੜਦਾ ਸਾਂ। ਘਰੋਂ ਰੋਟੀ ਖਾ ਕੇ ਮੈਂ ਛੇਤੀ ਹਵੇਲੀ ਆ ਜਾਂਦਾ ਤੇ ਉਥੇ ਈ ਸੌਂਦਾ ਹੁੰਦਾ ਸਾਂ ਤੇ ਰਤਨ ਘਰ ਬੇਬੇ ਕੋਲ ਮੰਜੀ ਡਾਹ ਕੇ ਸੌਂਦਾ ਹੁੰਦਾ ਸੀ।

ਫੇਰ ਉਹ ਖ਼ੌਰੇ ਹਾੜ ਦੇ ਦਿਨ ਸਨ। ਰਤਨ ਸਿੰਘ ਆਪਣੇ ਯਾਰ ਬੇਲੀਆਂ ਨਾਲ ਤਿੰਨਾਂ ਚੌਹਾਂ ਦਿਨਾਂ ਦਾ ਕਿਤੇ ਦੂਰ ਮੇਲਾ ਵੇਖਣ ਗਿਆ ਹੋਇਆ ਸੀ ਤੇ ਉਸ ਦਿਨ ਜਦੋਂ ਮੈਂ ਪਹਿਰ ਰਾਤ ਗਏ ਹਵੇਲੀ ਵਿੱਚੋਂ ਆਪਣੀ ਸਾਵੀ ਘੋੜੀ ਕੱਢੀ ਤੇ ਮੋਢੇ ਦੀ ਚਾਦਰ ਨਾਲ ਕਾਠੀ ਝਾੜ ਕੇ ਮੈਂ ਛਵ੍ਹੀ ਸਾਂਭੀ ਤੇ ਉੱਤੇ ਚੜ੍ਹਨ ਈ ਲੱਗਾ ਸਾਂ ਤੇ ਰਤਨ

Academy of the Punjab in North America: http://www.apnaorg.com

ਸਿੰਘ ਆ ਗਿਆ। ਉਹਦਾ ਚਿਹਰਾ ਉਤਰਿਆ ਜਿਹਾ ਸੀ ਤੇ ਉਹਦਾ ਪਿੰਡਾ ਥੋਰੇ ਸਫ਼ਰ ਤੇ ਥਕਾਵਟ ਨਾਲ ਭੱਜਿਆ ਹੋਇਆ ਸੀ।

"ਕਦੋਂ ਆਇਆਂ ਏਂ ਰੱਤੂ ?" ਮੈਂ ਉਹਨੂੰ ਪੁੱਛਣ ਵਿਚ ਪਹਿਲ ਕੀਤੀ।

"ਬਸ ਜ਼ਰਾ ਕੁ ਹੋਈ ਏ ਭਾਊ, ਰੋਟੀ ਈ ਖਾਧੀ," ਉਹਦੀ 'ਵਾਜ ਤੋਂ ਲੱਗਦਾ ਸੀ ਜਿਵੇਂ ਉਹ ਕੁਝ ਉਖੜਿਆ ਜਿਹਾ ਏ।

ਆਖਣ ਲੱਗਾ, "ਮੈਂ ਤਾਂ ਤੈਨੂੰ ਮਿਲਣ ਆਇਆ ਸਾਂ ਪਰ ਤੂੰ ਕਿਥੇ ਚੱਲਿਆ ਏਂ ?"

'ਕਿਥੇ'...ਮੇਰੇ ਕੋਲ ਕੀ ਜਵਾਬ ਸੀ। ਰਾਤ ਦੇ ਉਸ ਵੇਲੇ ਮੈਂ ਉਹਨੂੰ ਕੀ ਦੱਸਦਾ ਮੈਂ ਕਿਥੇ ਚਲਿਆ ਆਂ। ਮੈਂ ਚੁੱਪ ਕਰ ਰਿਹਾ ਤੇ ਉਹ ਆਖਣ ਲੱਗਾ,

"ਜੇ ਕਿਸੇ ਗੱਭਰੂ ਨੂੰ ਮਿਲਣ ਚਲਿਆਂ ਏਂ ਤਾਂ ਜਾ ਪਰ ਜੇ ਕਿਸੇ ਰੰਨ ਨੂੰ ਮਿਲਣ ਚਲਿਆ ਏਂ ਤਾਂ ਏਸ ਵੇਲੇ ਮੈਂ ਨਹੀਂ ਜਾਣ ਦੇਣਾ," ਤੇ ਉਸ ਅਗਾਂਹ ਵਧ ਕੇ ਮੇਰੀ ਘੋੜੀ ਦੀ ਵਾਗ ਫੜ ਲਈ।

"ਕਿਉਂ ?" ਮੇਰੇ ਮੂੰਹ ਵਿੱਚੋਂ ਬਸ ਇਕ ਈ ਲਫ਼ਜ਼ ਨਿਕਲਿਆ।

"ਓ ਭਾਊ! ਅੱਧੇ ਜਹਾਨ ਨਾਲ ਸਾਡਾ ਵੈਰ ਏ ਤੇ ਤੂੰ ਆਖਨਾਂ ਏਂ 'ਕਿਉਂ'। ਫੇਰ ਰੰਨ ਦਾ ਕੀ ਇਤਬਾਰ ਹੁੰਦਾ ਏ ? ਮੈਂ ਤੈਨੂੰ 'ਕੱਲੇ ਨੂੰ ਨਹੀਂ ਜਾਣ ਦੇਣਾ ਧਰਮ ਨਾਲ।"

"ਝੱਲਿਆ," ਮੈਂ ਹੱਸ ਕੇ ਉਹਨੂੰ ਆਖਿਆ, "ਚੱਲ ਭਲਾ ਅੱਜ ਤੂੰ ਵੀ ਮੇਰੇ ਨਾਲ ਚੱਲ। ਤੈਨੂੰ ਤੇਰੀ ਭਾਬੀ ਵਿਖਾਈਏ। ਪਰ ਛੇਤੀ ਕਰ ਉਹ ਵਿਚਾਰੀ ਕਦੋਂ ਦੀ ਬੈਠੀ ਉਡੀਕਦੀ ਹੋਵੇਗੀ।"

ਤੇ ਰਤਨ ਨੇ ਆਪਣੀ ਚਾਦਰ ਦੀ ਡੱਬ ਵਿੱਚੋਂ ਬਰਛੀ ਦਾ ਫਲ ਕੱਢ ਕੇ ਹੱਥ ਵਿਚ ਫੜੀ ਡਾਂਗ ਨੂੰ ਚਾੜ੍ਹ ਲਿਆ ਤੇ ਪਲਾਕੀ ਮਾਰ ਕੇ ਮੇਰੇ ਪਿੱਛੇ ਚੜ੍ਹ ਕੇ ਆਖਣ ਲੱਗਾ, "ਚੱਲ ਭਾਊ।"

ਪੂਰੇ ਚੰਨ ਦੀ ਲੋਅ ਨੇ ਜਿਵੇਂ ਦਿਨ ਚਾੜ੍ਹਿਆ ਹੋਇਆ ਸੀ। ਪਿੰਡੋਂ ਨਿਕਲਦਿਆਂ ਈ ਜਦੋਂ ਮੈਂ ਘੋੜੀ ਦਾ ਮੂੰਹ ਬਾਲੀਆਂ ਵੱਲ ਕੀਤਾ ਤੇ ਉਹ ਛੇਤੀ ਨਾਲ ਪੁੱਛਣ ਲੱਗਾ, "ਭਾਊ, ਬਾਲੀਆਂ ?"

"ਆਹੋ," ਮੈਂ ਆਖਿਆ।

ਰਾਹ ਵਿਚ ਉਸ ਬੰਨੇ ਹੋਰ ਕੋਈ ਪਿੰਡ ਨਹੀਂ ਸੀ। ਰਤਨ ਸਿੰਘ ਨੇ ਵੀ ਤਾਂ ਠੀਕ ਈ ਪੁੱਛਿਆ ਸੀ।

"ਉਹ ਕੌਣ ਏ ਭਾਊ ?" ਰਤਨ ਸਿੰਘ ਨੇ ਪੁੱਛਿਆ।

"ਚੱਲ ਕੇ ਵੇਖ ਲਵੀਂ।"

"ਪਰ ਫੇਰ ਵੀ ?"

"ਘੜੀ ਸਬਰ ਕਰ।"

"ਫੇਰ ਵੀ ਭਾਊ, ਉਹ ਹੈ ਕੌਣ ?" ਉਹ ਕੁੜੀ ਦਾ ਨਾਂ ਪੁੱਛਣ ਤੇ ਤੁਲ ਗਿਆ ਸੀ ਥੋਰੇ।



"ਚੰਦੋ," ਅਖ਼ੀਰ ਮੈਂ ਉਹਨੂੰ ਦੱਸ ਈ ਦਿੱਤਾ।

"ਕਿਹੜੀ ਚੰਦੋ ?" ਉਹ ਛੇਤੀ ਨਾਲ ਪੁੱਛਣ ਲੱਗਾ।

"ਕਿਹੜੀ ਚੰਦੋ! ਹਰਨਾਮ ਸਿੰਘ ਦੀ ਧੀ—ਹੋਰ ਕਿਹੜੀ ਚੰਦੋ।"

"ਧਰਮ ਨਾਲ ਭਾਊ।"

"ਆਹੋ," ਮੈਂ ਹੈਰਾਨੀ ਨਾਲ ਉਹਨੂੰ ਆਖਿਆ, "ਉਹ ਕੋਈ ਮਾੜੀ ਕੁੜੀ ਏ, ਜਿਹੜਾ ਤੂੰ ਐਡਾ ਹੈਰਾਨ ਹੋਇਆ ਏਂ।" ਪਰ ਰਤਨ ਸਿੰਘ ਕੁਝ ਨਾ ਬੋਲਿਆ। ਮੈਂ ਪਿਛਾਂਹ ਪਰਤ ਕੇ ਵੇਖਿਆ, ਪਰ ਚੰਨ ਦੀ ਤਿੱਖੀ ਰੌਸ਼ਨੀ ਵਿਚ ਵੀ ਮੈਨੂੰ ਉਹਦੇ ਚਿਹਰੇ ਤੇ ਕੁਝ ਨਾ ਲੱਭਾ। ਬਸ, ਉਹ ਕਿਤੇ ਦੂਰ ਪਿਆ ਵੇਖਦਾ ਸੀ। ਫੇਰ ਇੱਕੋ ਵਾਰੀ ਜਿਵੇਂ ਕੋਈ ਗੱਲ ਯਾਦ ਆ ਗਈ ਹੋਵੇ। ਆਖਣ ਲੱਗਾ, "ਭਾਊ! ਰਤਾ ਕੁ ਘੋੜੀ ਡੱਕ।"

"ਕਿਉਂ ?" ਮੈਂ ਪੁੱਛਿਆ ਤੇ ਘੋੜੀ ਦੀਆਂ ਵਾਗਾਂ ਖਿੱਚ ਲਈਆਂ।

ਘੋੜੀ ਖਲੋਂਦਿਆਂ ਈ ਉਹ ਛਾਲ ਮਾਰ ਕੇ ਉਤਰ ਗਿਆ। ਮੈਂ ਹੈਰਾਨੀ ਨਾਲ ਉਹਦੇ ਵੱਲ ਵੇਖਿਆ ਤੇ ਰਤਨ ਸਿੰਘ ਨੇ ਮੋਢੇ ਦੀ ਚਾਦਰ ਨਾਲ ਮੂੰਹ ਤੋਂ ਮੁੜ੍ਹਕਾ ਪੂੰਝ ਕੇ ਆਖਿਆ, "ਤੂੰ ਵੀ ਉਤਰ ਆ।"

ਉਸ ਵੇਲੇ ਅਸੀਂ ਆਪਣੇ ਪਿੰਡ ਦੇ ਤੇ ਬਾਲੀਆਂ ਦੇ ਵਿਚਕਾਰ ਵਾਲੇ ਰੱਕੜ ਵਿਚ ਸਾਂ।

"ਕੀ ਗੱਲ ਏ ?" ਮੈਂ ਚਾਰ-ਚੁਫੇਰੇ ਕੈੜ ਲੈ ਕੇ ਆਖਿਆ ਜਿਵੇਂ ਆਲੇ-ਦੁਆਲੇ ਕੋਈ ਖ਼ਤਰਾ ਹੋਵੇ।

"ਕੀ ਗੱਲ ਐ ਰੱਤੂ ?" ਤੇ ਮੈਂ ਵੀ ਘੋੜੀਉਂ ਥੱਲੇ ਉਤਰ ਗਿਆ। ਉਹ ਮੇਰੇ ਕੋਲ ਆ ਕੇ ਖਲੋ ਗਿਆ। ਉਹਦਾ ਚਿਹਰਾ ਉਦੋਂ ਤੋਰੀ ਦੇ ਫੁੱਲਾਂ ਵਾਂਗਰ ਪੀਲਾ ਸੀ ਪਰ ਉਹਦੀਆਂ ਅੱਖਾਂ ਚੰਨ ਦੀ ਲੋਅ ਵਿਚ ਉਹਦੀ ਬਰਛੀ ਦੇ ਫਲ ਨਾਲੋਂ ਵੀ ਬਹੁਤੀਆਂ ਚਮਕਦੀਆਂ ਸਨ।

ਉਹ ਬੜੀਆਂ ਡੂੰਘੀਆਂ ਤੇ ਚੁਭਣ ਵਾਲੀਆਂ ਨਜ਼ਰਾਂ ਨਾਲ ਮੇਰੇ ਵੱਲ ਪਿਆ ਵੇਖਦਾ ਸੀ।

ਫੇਰ ਉਸ ਚਾਦਰ ਦਾ ਸਿਰ ਤੇ ਮੁੰਡਾਸਾ ਬੰਨ੍ਹ ਲਿਆ ਤੇ ਮੇਰੇ ਤੋਂ ਚਾਰ ਪੰਜ ਕਦਮ ਪਿਛਾਂਹ ਨੂੰ ਹੋ ਕੇ ਉਸ ਬਰਛੀ ਸੱਜੇ ਹੱਥ ਵਿਚ ਤਗੜੀ ਕਰ ਕੇ ਫੜ ਲਈ ਤੇ ਆਖਣ ਲੱਗਾ, "ਬਚਨਿਆ, ਸਾਡੇ ਵਿੱਚੋਂ ਇਕ ਬੰਦਾ ਸਵੇਰ ਦਾ ਸੂਰਜ ਵੇਖੇਗਾ—ਤਗੜਾ ਹੋ ਜਾ।"

ਤੇ ਉਸ ਵੇਲੇ ਮੇਰਾ ਮਾਂ ਜਾਇਆ ਭਰਾ ਰੱਤੂ, ਜਿਹਨੂੰ ਅਜੇ ਕੱਲ੍ਹ ਤਕ ਮੈਂ ਮੋਢੇ ਤੇ ਚੁੱਕੀ ਫਿਰਦਾ ਸਾਂ ਮੈਨੂੰ ਇੰਜ ਲੱਗਾ ਜਿਵੇਂ ਫਾਵਾ ਹੋ ਗਿਆ ਹੋਵੇ। ਮੈਂ ਘੋੜੀ ਦੀ ਵਾਗ ਛੱਡ ਕੇ ਛੇਤੀ ਨਾਲ ਛਵ੍ਹੀ ਸਾਂਭ ਲਈ ਤੇ ਪਿਛਾਂਹ ਹਟ ਗਿਆ।

ਉਸ ਵੇਲੇ ਅਸਮਾਨ ਤੇ ਚੁੱਪ ਕਰ ਕੇ ਬੈਠਾ ਰੱਬ ਸਾਨੂੰ ਵੇਖਦਾ ਸੀ ਤੇ ਜਾਂ ਜ਼ਮੀਨ ਤੇ ਸਾਡੀ ਕੋਲ ਖਲੋਤੀ ਸਾਵੀ ਘੋੜੀ—ਤੇ ਹੋਰ ਦੂਰ ਦੂਰ ਤਕ ਕੋਈ ਬੰਦਾ ਪਰਿੰਦਾ ਨਹੀਂ ਸੀ। ਤੇ ਰਤਨ ਸਿੰਘ ਮੇਰੇ ਲਈ ਇਕ ਬੁਝਾਰਤ ਜਿਹੀ ਬਣ ਗਿਆ ਸੀ।

"ਪਰ ਕਿਉਂ ?" ਮੈਂ ਏਨਾ ਈ ਪੁੱਛ ਸਕਿਆ।

Academy of the Punjab in North America: http://www.apnaorg.com

"ਕਿਉਂ ?" ਉਹ ਜ਼ੋਰ ਦੀ ਹੱਸਿਆ ਤੇ ਮੈਂ ਜਿਹੜਾ ਜਾਣਦਾ ਈ ਨਹੀਂ ਸਾਂ ਕਿ ਡਰ ਕੀ ਹੁੰਦਾ ਏ, ਮੈਂ ਤ੍ਰਬਕ ਗਿਆ ਤੇ ਗਰਮੀ ਦੀ ਉਸ ਰਾਤ ਵਿਚ ਮੇਰੇ ਪਿੰਡੇ ਵਿੱਚੋਂ ਦੀ ਸਰਦੀ ਦੀ ਇਕ ਲਹਿਰ ਲੰਘ ਗਈ।

ਰਤਨ ਆਖ ਰਿਹਾ ਸੀ, "ਚੰਦੋ ਇਕ ਏ ਤੇ ਅਸੀਂ ਦੋ।"

"ਪਰ ਰੱਤੂ ਗੱਲ ਤੇ ਸੁਣ ਮੇਰੀ ਮੂਰਖਾ," ਮੈਂ ਉਹਨੂੰ ਧੱਫਾ ਮਾਰ ਕੇ ਪਿਆਰ ਨਾਲ ਆਖਿਆ।

"ਗੱਲ ?" ਉਹ ਫੇਰ ਉੱਚੀ ਸਾਰੀ ਹੱਸਿਆ ਤੇ ਇੰਞ ਲੱਗਾ ਜਿਵੇਂ ਹੱਸਿਆ ਨਹੀਂ ਰੋਇਆ ਹੋਵੇ।

"ਗੱਲ ਕੀ, ਸਾਡੇ ਵਿੱਚੋਂ ਇਕ ਬੰਦਾ ਚੰਦੋ ਦਾ ਮੂੰਹ ਵੇਖੇਗਾ, ਤਗੜਾ ਹੋ ਜਾ ਤੇ ਉਸ ਬਰਛੀ ਤਾਣ ਕੇ ਮੇਰੇ ਤੇ ਹਮਲਾ ਕੀਤਾ।" ਮੈਂ ਇਕ ਬੰਨੇ ਹੋ ਗਿਆ। ਸਰਦੀ ਦੀ ਇਕ ਹੋਰ ਲਹਿਰ ਮੇਰੇ ਪਿੰਡੇ ਵਿੱਚੋਂ ਦੀ ਲੰਘ ਗਈ। ਮੈਂ ਉਸ ਈ ਪਿਉ ਦਾ ਪੁੱਤਰ ਸੀ ਜੀਹਦਾ ਰਤਨ—ਮੈਂ ਵੀ ਉਸ ਮਾਂ ਦਾ ਦੁੱਧ ਪੀਤਾ ਸੀ ਜੀਹਦਾ ਉਸ—ਮੇਰੇ ਵਿਚ ਵੀ ਓਨਾ ਹੀ ਗ਼ੁੱਸਾ ਸੀ ਤੇ ਓਨੀ ਈ ਤਾਕਤ। ਪਰ ਫੇਰ ਵੀ ਮੈਂ ਉਸ ਵੇਲੇ ਰੱਤੂ ਕੋਲੋਂ ਕੁਝ ਖ਼ੌਫ਼ ਖਾ ਗਿਆ। ਰੱਤੂ ਕੋਲੋਂ ਨਹੀਂ, ਆਪਣੇ ਆਪ ਕੋਲੋਂ—ਬਾਪੂ ਦੀ ਰੂਹ ਕੋਲੋਂ ਜਿਹੜੀ ਸਾਡੇ ਕੋਲ ਖਲੋਤੀ ਹੋਈ ਸੀ ਤੇ ਜਿਨ੍ਹੇ ਮੇਰੇ ਕੰਨ ਵਿਚ ਹੌਲੀ ਜਿਹੀ ਆਖਿਆ,

'ਬਚਨਿਆ, ਤੂੰ ਮੇਰੀ ਇਕ ਅੱਖ ਦਾ ਨੂਰ ਏਂ ਤੇ ਰਤਨਾ ਦੂਜੀ ਦਾ।'

ਤੇ ਸਾਹਮਣੇ ਖਲੋਤਾ ਰਤਨ ਸਿੰਘ ਫਿਰ ਬਰਛੀ ਤਾਣ ਕੇ ਮੇਰੇ ਵੱਲ ਆਇਆ ਤੇ ਮੈਂ ਆਪਣੀ ਛਵ੍ਹੀ ਹੱਥੋਂ ਸੁੱਟ ਦਿੱਤੀ ਤੇ ਮੇਰੇ ਮੂੰਹ ਵਿੱਚੋਂ ਮਸਾਂ ਈ ਨਿਕਲਿਆ, "ਤੂੰ ਜਿੱਤ ਜਾ ਓਏ ਰਤਨ ਸਿੰਘਾ...।"

ਤੇ ਮੈਂ ਜ਼ਮੀਨ ਤੇ ਬਹਿ ਗਿਆ। ਖਲੋਤਾ ਰਹਿੰਦਾ ਤੇ ਸ਼ੈਰੇ ਡਿੱਗ ਪੈਂਦਾ। ਉਹ ਰਤਨ ਦੀ ਤੇ ਮੇਰੀ ਆਖ਼ਰੀ ਮੁਲਾਕਾਤ ਸੀ ਤੇ ਉਸਦੇ ਮਗਰੋਂ ਮੈਂ ਅੱਜ ਤਕ ਪਿੰਡ ਨਹੀਂ ਗਿਆ। ਅਗਲੇ ਦਿਨ ਮੈਂ ਸ਼ਹਿਰ ਜਾ ਕੇ ਫ਼ੌਜ ਵਿਚ ਭਰਤੀ ਹੋ ਗਿਆ ਤੇ ਲਾਮ ਤੇ ਚਲਾ ਗਿਆ। ਸੱਤ ਵਰ੍ਹੇ ਗੁਜ਼ਾਰ ਕੇ ਪਰਤਿਆ ਤੇ ਦੂਰ-ਦਰਾਜ਼ ਇਸ ਸ਼ਹਿਰ ਵਿਚ ਆ ਕੇ ਨੌਕਰੀ ਕਰ ਲਈ। ਉਸ ਰਾਤ ਤੋਂ ਲੈ ਕੇ ਇਸ ਰਾਤ ਤਕ ਕੋਈ ਇਸ ਤਰ੍ਹਾਂ ਦਾ ਦਿਨ ਤੇ ਰਾਤ ਨਹੀਂ ਗੁਜ਼ਰਿਆ ਜਦੋਂ ਮੈਨੂੰ ਰਤਨਾ ਯਾਦ ਨਾ ਆਇਆ ਹੋਵੇ। ਭੈੜਿਓ ਨਹੀਂ ਚੰਗਿਓ ਓੜਕ ਮਾਂ ਜਾਇਆ ਸੀ ਤੇ ਉਸ ਰਾਤ ਦਾ ਮੈਨੂੰ ਇੰਞ ਲੱਗਦਾ ਏ ਜਿਵੇਂ ਮੇਰੇ ਅੰਦਰੋਂ ਕੋਈ ਸ਼ੈਅ ਮਰ ਗਈ ਹੋਵੇ। ਸੁਣਿਆ ਏ ਰਤਨ ਸਿੰਘ ਤੇ ਚੰਦੋ ਨੇ ਆਪਣੇ ਪਹਿਲੇ ਪੁੱਤਰ ਦਾ ਨਾਂ ਵੀ ਬਚਨ ਸਿੰਘ ਰੱਖਿਆ ਏ। ਸੁਣਿਆ ਏ ਰਤਨ ਨੂੰ ਉਦੋਂ ਤੋਂ ਲੈ ਕੇ ਕਦੀ ਕਿਸੇ ਨੇ ਹੱਸਦਿਆਂ ਨਹੀਂ ਵੇਖਿਆ। ਤੇ ਚੰਦੋ ਦਾ ਰੰਗ ਉੱਕਾ ਈ ਤੋਰੀ ਦਿਆਂ ਫੁੱਲਾਂ ਵਾਂਗਰ ਦਾ ਹੋ ਗਿਆ ਏ। ਤੋਰੀ ਦੇ ਫੁੱਲ ਜਿਹੜੇ ਵੱਡਿਆਂ ਸ਼ਹਿਰਾਂ ਵਿਚ ਨਹੀਂ ਲੱਭਦੇ। ਤੋਰੀ ਦੇ ਫੁੱਲ ਜਿਹੜੇ ਮੈਨੂੰ ਬੜੇ ਚੰਗੇ ਲੱਗਦੇ ਨੇ।



## ਗੁਆਚੀ ਹੋਈ ਖ਼ੁਸ਼ਬੂ گواچی ہوئی خوشبو

ਮੈਂ ਕਿਹੜੀ ਕਹਾਣੀ ਲਿਖਾਂ ?

ਜਦੋਂ ਮੈਂ ਕਹਾਣੀ ਲਿਖਣ ਦੀ ਸੋਚਨਾ ਆਂ, ਕਿੰਨੀਆਂ ਈ ਕਹਾਣੀਆਂ ਮੇਰੇ ਚਾਰ-ਚੁਫੇਰੇ ਆ ਕੇ ਖਲੋ ਜਾਂਦੀਆਂ ਨੇ। ਕਿਸੇ ਕਹਾਣੀ ਦੇ ਹੱਥ ਮਿਹਨਤ-ਮੁਸ਼ੱਕਤ ਕਰ ਕੇ ਖੁਰਦਰੇ ਹੋ ਗਏ ਨੇ। ਕਿਸੇ ਕਹਾਣੀ ਦੇ ਵਾਲ ਮਿੱਟੀ ਵਿਚ ਮਿੱਟੀ ਹੋ ਗਏ ਨੇ...ਕਿਸੇ ਕਹਾਣੀ ਦੇ ਸਿਰ ਤੇ ਚੁੰਨੀ ਨਹੀਂ...ਕਿਸੇ ਕਹਾਣੀ ਦਾ ਮੱਖਣ ਵਰਗਾ ਜੁੱਸਾ ਜਹਾਜ਼ ਦੀ ਸਟ੍ਰੈਫ਼ਿੰਗ ਨਾਲ ਛਾਣਨੀ ਏਂ...ਕਿਸੇ ਕਹਾਣੀ ਦੇ ਸੁਹਣੇ ਚਿਹਰੇ ਤੇ ਬਾਰੂਦ ਦੀ ਸੜ੍ਹਾਂਦ ਤੇ ਲਹੂ ਦੇ ਦਾਗ਼ ਨੇ...ਕਿਸੇ ਕਹਾਣੀ ਦੀ ਬਾਂਹ ਵੱਢੀ ਏ...ਕਿਸੇ ਦੀ ਲੱਤ ਹੈ ਨਹੀਂ...ਕਿਸੇ ਦੀਆਂ ਅੱਖਾਂ ਟੁਰ ਗਈਆਂ...ਕਿਸੇ ਦਾ ਗੋਸ਼ਤ ਨੇਪਾਮ ਬੰਮ ਦੀ ਅੱਗ ਨਾਲ ਝੁਲਸ ਗਿਆ ਏ।

ਚਾਰ ਚੁਫੇਰੇ ਵੇਖਨਾ ਆਂ ਤੇ ਮੇਰੀ ਕੋਈ ਵੀ ਕਹਾਣੀ ਸਾਲਮ ਨਹੀਂ—ਕਿਸੇ ਦਾ ਹੁਸਨ ਵੀ ਕਾਇਮ ਨਹੀਂ ਰਿਹਾ...ਕਿਸੇ ਦੇ ਲੀੜੇ ਵੀ ਪੂਰੇ ਤੇ ਪਿੰਡਾ ਢੱਕਣ ਵਾਲੇ ਨਹੀਂ...ਸਭ ਬਦ-ਸੂਰਤੀ ਦੇ ਗਹਿਰੇ ਸਾਏ ਥੱਲੇ ਨੇ—ਪਰ ਬਦ-ਸੂਰਤੀ ਵੀ ਤੇ ਇਕ ਹੁਸਨ ਏ। ਤੇ ਸ਼ਾਇਰ ਅਦੀਬ ਤੇ ਅਜ਼ਲ ਤੋਂ ਹੁਸਨ ਵੰਡਦਾ ਤੇ ਹੁਸਨ ਨੂੰ ਸਰਾਹੁੰਦਾ ਆਇਆ ਏ। ਤੇ ਮੈਂ ਕਿਉਂ ਬਦ-ਸੂਰਤੀ ਨੂੰ ਹੁਸਨ ਦੀ ਝੂਠੀ ਚਾਦਰ ਵਿਚ ਵਲ੍ਹੇਟ ਕੇ ਲੋਕਾਂ ਨੂੰ ਵਿਖਾਉਂਦਾ ਆਂ ? ਚਾਦਰ ਲਾਹ ਕੇ ਕਿਉਂ ਨਹੀਂ ਦੱਸਦਾ ? ਪਰ ਇਹਦੀ ਵੀ ਕੀ ਲੋੜ ਏ ? ਮੇਰੀਆਂ ਸਾਰੀਆਂ ਕਹਾਣੀਆਂ ਦਾ ਜਨਮ ਵੀ ਮਿੱਟੀ ਤੋਂ ਹੋਇਆ ਏ। ਤੇ ਇਹਨਾਂ ਦੇ ਪੈਰ ਵੀ ਮਿੱਟੀ ਉੱਤੇ ਨੇ। ਇਹਨਾਂ ਦੀ ਬਦ-ਸੂਰਤੀ ਵਿਚ ਵੀ ਮਿੱਟੀ ਦੀ ਪੀੜ ਏ। ਤੇ ਇਹੋ ਹੀ ਪੀੜ ਇਹਨਾਂ ਨੂੰ ਬਦ-ਸੂਰਤ ਕਰ ਦੇਂਦੀ ਏ। ਪਰ ਹੁਣ ਮੈਂ ਬਦ-ਸੂਰਤ ਦਾ ਲਫ਼ਜ਼ ਨਹੀਂ ਲਿਖਾਂਗਾ। ਕਿਉਂਕਿ ਜੁ ਮਿੱਟੀ ਦਾ ਜ਼ਖ਼ਮ...ਮਿੱਟੀ ਦਾ ਦੁਖ...ਮਿੱਟੀ ਦੀ ਸਾਂਝ, ਕਦੀ ਵੀ ਬਦ-ਸੂਰਤੀ ਨਹੀਂ, ਸਗੋਂ ਖ਼ੂਬਸੂਰਤੀ ਦੇਂਦੇ ਨੇ। ਪਰ ਮਿੱਟੀ ਇਨਸਾਨ ਦੇ ਪੈਦਾ ਹੋਣ ਤੋਂ ਪਹਿਲਾਂ ਵੀ ਇਹੋ ਜਿਹੀ ਸੀ। ਸਗੋਂ ਇਨਸਾਨ ਨੇ ਮਿੱਟੀ ਨੂੰ ਜ਼ਖ਼ਮ...ਦੁਖ...ਦਰਦ ਤੇ ਬਦ-ਸੂਰਤੀਆਂ ਦਿੱਤੀਆਂ...ਮਿੱਟੀ ਨੇ ਤੇ ਸਦਾ ਇਨਸਾਨ ਦੀ ਸੂਰਤ ਵੇਖਣ ਤੋਂ ਬਗ਼ੈਰ ਈ ਆਸਰਾ ਦਿੱਤਾ...ਤੇ ਦੇਂਦੀ ਰਹੇਗੀ। ਇਨਸਾਨ, ਮਿੱਟੀ ਤੇ ਆਸਰਾ !

Academy of the Punjab in North America: http://www.apnaorg.com

ਪਰ ਇਨਸਾਨ ਕੋਲੋਂ ਮਿੱਟੀ ਦਾ ਆਸਰਾ ਖੋਹਣ ਵਾਲਾ ਕੌਣ ਏ ? ਮੇਰੇ ਕੋਲੋਂ ਮੇਰੀ ਪੱਗ ਤੇ ਮੇਰੀ ਜੁੱਤੀ ਕਿਨ੍ਹੇ ਖੋਹੀ, ਜਿਹੜੀ ਮੈਂ ਆਪਣੇ ਦਾਣੇ ਵੇਚ ਕੇ ਲਿਆਂਦੀ ਸੀ ? ਦਾਣੇ, ਜਿਹੜੇ ਮੈਂ ਆਪਣਾ ਮੁੜ੍ਹਕਾ, ਮਿੱਟੀ ਦੇ ਮੁੜ੍ਹਕੇ ਵਿਚ ਰਲਾ ਕੇ, ਮਿੱਟੀ ਵਿੱਚੋਂ ਕੱਢੇ ਸਨ। ਮੇਰੇ ਅੰਦਰੋਂ ਮੇਰਾ ਸਾਰਾ ਲਹੂ ਕਿਸ ਮਸ਼ੀਨ ਨੇ ਨਿਚੋੜ ਲਿਆ ਏ ? ਜਿਹੜਾ ਮੈਂ ਆਪਣਾ ਤੇ ਆਪਣੇ ਬਾਲ-ਬੱਚੇ ਦਾ ਢਿੱਡ ਭਰਨ ਦਾ ਠੇਕਾ ਕਰਨ ਦੇ ਭੁਲੇਵੇਂ ਖੁਹਾ ਬੈਠਾ। ਤੇ ਮੇਰਾ ਢਿੱਡ ਕਿਉਂ ਖ਼ਾਲੀ ਏ ? ਮੇਰਾ ਸਾਰਾ ਲਹੂ ਮਸ਼ੀਨ ਨੂੰ ਦੇਣ ਦੇ ਮਗਰੋਂ ਵੀ ਮੇਰੇ ਬਾਲ ਭੁੱਖੇ ਕਿਉਂ ਨੇ ? ਮੇਰੀ ਮਿੱਟੀ ਉੱਤੇ ਲੀਕਾਂ ਕਿਸ ਨੇ ਖਿੱਚ ਦਿੱਤੀਆਂ ਤੇ ਕਿਉਂ ? ਜਮੀਲਾ ਦੇ ਹੁਸਨ ਨੂੰ ਅਲ-ਜਜ਼ਾਇਰ ਦੀ ਕਿਹੜੀ ਸ਼ੈਅ ਵਿਗਾੜ ਦਿੱਤਾ ? ਵੀਤਨਾਮ ਦੇ ਹਰੇ-ਭਰੇ ਜੰਗਲਾਂ ਤੇ ਨਿੱਕੇ ਨਿੱਕੇ ਘਰਾਂ ਨੂੰ ਕਿਸ ਸੁਆਹ ਦਾ ਢੇਰ ਬਣਾ ਦਿੱਤਾ ? ਸਹਿਰਾਏ-ਸੀਨਾ ਵਿਚ ਲਹੂ ਕਿਉਂ ਤੇ ਕਿਸ ਉਹਦੀ ਰੇਤ ਤੇ ਰੋੜ੍ਹ ਕੇ, ਰੇਤ ਦਾ ਰੰਗ ਬਦਲਾ ਦਿੱਤਾ ? ਕਾਲੇ ਨੂੰ ਗੋਰੇ, ਨਫ਼ਰਤ ਨਾਲ ਗਟਰ ਦਾ ਭਰਾ ਸਮਝ ਕੇ ਗਟਰ ਵਿਚ ਕਿਉਂ ਸੁੱਟ ਦਿੱਤਾ ? ਇਨਸਾਨ ਜੇ ਜਮਾਂਦਰੂ ਆਜ਼ਾਦ ਏ, ਤਾਂ ਫੇਰ ਉਹਨੂੰ ਗ਼ੁਲਾਮ ਬਣਾਉਣ ਲਈ ਸਾਇੰਸ ਨੇ ਏਨੀਆਂ ਈਜਾਦਾਂ ਕਿਉਂ ਕੀਤੀਆਂ ਨੇ ? ਮਿੱਟੀ ਜੇ ਮੁਕੱਦਸ ਏ ਤੇ ਫੇਰ ਉਹਦੇ ਸੀਨੇ ਉੱਤੇ ਰੋਜ਼ ਜ਼ਖ਼ਮ ਲਾ ਕੇ, ਲਹੂ ਵਗਾ ਕੇ, ਉਹਦਾ ਪਿੰਡਾ ਕਿਉਂ ਛਾਣਨੀ ਕੀਤਾ ਜਾਂਦਾ ਏ ? ਰੱਬ ਜੇ ਆਸਰਾ ਏ, ਤੇ ਫੇਰ ਇਨਸਾਨ ਕੋਲੋਂ ਉਹਦਾ ਆਸਰਾ ਕਿਉਂ ਖੋਹਿਆ ਜਾਂਦਾ ਹੈ ? ਰੱਬ, ਮਿੱਟੀ, ਇਨਸਾਨ ਤੇ ਆਸਰਾ, ਜੇ ਇਕ ਚਕੋਰ ਏ, ਤੇ ਫੇਰ ਕਿਹੜਾ ਹੱਥ ਇਹਨਾਂ ਲੀਕਾਂ ਤੇ ਪੂੰਝੇ ਮਾਰ ਕੇ ਇਹਨਾਂ ਨੂੰ ਮਿਟਾਉਣ ਦਾ ਚਾਰਾ ਕਰਦਾ ਏ ? ਤੇ ਜਦੋਂ ਨਾਜ਼ੀ ਆਕਸਫੋਰਡ ਦੇ ਲਹਿਜੇ ਵਿਚ ਅੰਗਰੇਜ਼ੀ ਬੋਲਦੀ ਬੋਲਦੀ, ਉਹ ਪੰਜਾਬੀ ਬੋਲੀ ਸੁਣ ਕੇ ਮੇਰੇ ਵੱਲ ਮੋਟੀਆਂ ਸ਼ਰਬਤੀ ਅੱਖਾਂ ਨਾਲ ਸਵਾਲੀਆ ਅੰਦਾਜ਼ ਵਿਚ ਵੇਖਦੀ ਏ :

*ਰੱਬ ਵਰਗਾ ਆਸਰਾ ਤੇਰਾ, ਵੱਸਦਾ ਰਹੁ ਮਿੱਤਰਾ।*

ਤੇ ਉਹਨੂੰ ਕੀ ਜਵਾਬ ਦੇਵਾਂ ? ਆਖਾਂ, ਰੱਬ ਕੋਲ ਹੋਰ ਬੜੇ ਕੰਮ ਨੇ, ਦੁਨੀਆ ਵਧ ਗਈ ਏ। ਮਸਾਇਲ ਵਧ ਗਏ ਨੇ। ਓਹ ਵਿਹਲਾ ਨਹੀਂ, ਤੇ ਆਸਰਾ ? ਆਸਰਾ ਕਿਦ੍ਹਾ ਤੇ ਕਾਹਦਾ ? ਜਦੋਂ ਆਸਰਿਆਂ ਦੀ ਤਾਦਾਦ ਤੋਂ ਕਈ ਹਜ਼ਾਰ ਗੁਣਾ ਵੱਧ, ਉਹਨਾਂ ਲੋਕਾਂ ਦੀ ਤਾਦਾਦ ਏ, ਜਿਹੜੇ ਆਸਰੇ ਖੋਹਦੇ ਨੇ।

ਚਾਚਾ ਟਹਿਲ ਸਿੰਘ ਠੀਕ ਆਖਦਾ ਹੁੰਦਾ ਸੀ, "ਪੁੱਤਰ! ਅਸੀਂ ਸਾਰੇ ਈ ਕਹਾਣੀਆਂ ਆਂ। ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"

ਆਹੋ, ਚਾਚਾ, ਟਹਿਲ ਸਿੰਘਾ! ਤੂੰ ਠੀਕ ਆਖਦਾ ਸੈਂ। ਅਜੇ ਕੱਲ੍ਹ ਦੀ ਗੱਲ ਏ, ਜਦੋਂ ਤੂੰ ਏਥੇ, ਏਸ ਮਿੱਟੀ ਦਾ ਪੁੱਤਰ, ਏਸ ਮਿੱਟੀ ਵਿੱਚੋਂ ਕੱਢੇ ਸੋਨੇ ਦੀਆਂ ਮੌਜਾਂ ਮਾਣਦਾ ਸੈਂ। ਇਹ ਮਿੱਟੀ ਤੈਨੂੰ ਲਾਡਲੇ ਪੁੱਤਰਾਂ ਵਾਂਗਰ ਲਾਡ ਲਡਾਉਂਦੀ ਸੀ। ਤੇਰੀਆਂ ਹਵਾ ਨਾਲੋਂ ਤੇਜ਼ ਦੌੜਨ ਵਾਲੀਆਂ ਘੋੜੀਆਂ ਦੀ ਧੁੰਮ, ਸਾਰੇ ਬਾਹਰੇ ਵਿਚ ਸੀ। ਤੇਰੇ ਧੰਨੀ ਦੇ ਢੱਗੇ, ਲੋਕ ਦੂਰੋਂ-ਦੂਰੋਂ ਵੇਖਣ ਆਉਂਦੇ ਸਨ। ਤੇਰੀਆਂ ਨੀਲੀ ਦੀਆਂ ਮੱਝਾਂ ਦੇ ਨਾਲ ਦੀਆਂ, ਸਾਰੇ ਪੰਜਾਬ ਵਿਚ ਕਿਸੇ ਕੋਲ ਮੱਝਾਂ ਨਹੀਂ ਸਨ। ਤੇਰੇ ਦਲਾਨ, ਰੰਗੀਲ



ਮੰਜੀਆਂ ਤੇ ਪੇਟੀਆਂ, ਰੰਗ-ਬਰੰਗੀਆਂ ਫੁਲਕਾਰੀਆਂ, ਰਜ਼ਾਈਆਂ ਤੇ ਸੋਹਣੀਆਂ ਖੇਸੀਆਂ ਨਾਲ ਭਰੀਆਂ ਰਹਿੰਦੀਆਂ ਸਨ। ਤੇਰੇ ਬੂਹੇ ਤੋਂ ਕਦੇ ਕੋਈ ਲੋੜਵੰਦ ਖ਼ਾਲੀ ਹੱਥ ਨਹੀਂ ਸੀ ਗਿਆ। ਤੂੰ ਇਕ ਵੱਡਾ ਸਰਦਾਰ ਹੋ ਕੇ ਵੀ ਆਪਣੇ ਨੌਕਰਾਂ ਨੂੰ ਪੁੱਤਰਾਂ ਵਾਂਙੂ ਰੱਖਦਾ ਸੈਂ, ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਦਾ ਸੈਂ। ਹਰ ਇਕ ਦੀ ਪੀੜ ਵਿਚ ਤੇਰੀ ਸਾਂਝ ਸੀ।

ਭੈਣੀ ਸਾਹਿਬ ਵਾਲੇ ਗੁਰੂ, ਦਾਇਰੇ ਵਾਲੇ ਬੋਹੜ ਥੱਲੇ ਸੰਗਤਾਂ ਲਾਈ ਬੈਠੇ ਸਨ। ਤੇਰੀ ਹਵੇਲੀ ਵਿਚ ਸੈਂਕੜੇ ਪ੍ਰਾਹੁਣਿਆਂ ਲਈ ਪ੍ਰਸ਼ਾਦ ਪੱਕ ਰਹੇ ਸਨ। ਬੇਸਮਝ ਮੁੰਡੇ ਲੁੱਕ-ਲੁੱਕ ਕੇ ਬੋਲੀਆਂ ਪਾਉਂਦੇ ਫਿਰਦੇ ਸਨ :

*ਕੁਣਕਾ ਖਾਣ ਦੇ ਮਾਰੇ, ਆ ਗਏ ਨਾਮਧਾਰੀਏ।*

ਸਾਰੇ ਪਿੰਡ ਵਿਚ ਮੇਲਾ ਲੱਗਾ ਹੋਇਆ ਸੀ। ਅਸੀਂ ਵੀ ਨਿੱਕੇ-ਨਿੱਕੇ ਗੁਰੂ ਹੋਰਾਂ ਦੇ ਦਰਸ਼ਨ ਕਰਨ ਗਏ। ਹੋਰ ਵੀ ਲੋਕ ਦੂਰੋਂ-ਦੂਰੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਹੋਏ ਸਨ। ਤੂੰ ਪਾਲ ਸਿੰਘ ਤੇ ਮੈਨੂੰ ਫੜ ਕੇ ਗੁਰੂ ਹੋਰਾਂ ਸਾਹਮਣੇ ਖਲ੍ਹਾਰ ਦਿੱਤਾ।

"ਇਹ ਮੇਰੇ ਪੁੱਤਰ ਨੇ।" ਤੂੰ ਆਖਿਆ। ਪਾਲੇ ਦਾ ਸਿਰ ਨੰਗਾ ਸੀ ਤੇ ਉਸ ਨਿੱਕਾ ਜਿਹਾ ਜੂੜਾ ਘੁੱਟ ਕੇ ਬੰਨ੍ਹਿਆ ਹੋਇਆ ਸੀ। ਗੁਰੂ ਹੋਰਾਂ ਪਹਿਲੇ ਓਹਦੇ ਸਿਰ ਤੇ ਪਿਆਰ ਦਿੱਤਾ ਤੇ ਤੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ, ਜਿਵੇਂ ਪੁੱਛਦੇ ਹੋਣ, 'ਇਹ ਦੂਜਾ ਮੁਸਲਮਾਨ ਮੁੰਡਾ ਕੌਣ ਏ ?' ਤੇ ਤੂੰ ਆਖਿਆ ਸੀ, 'ਮੇਰੇ ਭਰਾ ਦਾ ਪੁੱਤਰ ਏ।'

ਤੇ ਗੁਰੂ ਹੋਰਾਂ ਹੱਸ ਕੇ, ਦੋਹਾਂ ਹੱਥਾਂ ਨਾਲ ਮੇਰੇ ਸਿਰ ਤੇ ਪਿਆਰ ਦਿੱਤਾ ਤੇ ਦੁਆ ਦਿੱਤੀ।

ਤੇ ਫੇਰ ਚਾਚਾ ਤੇਰੀ ਸਾਵੀ ਘੋੜੀ ਨੇ, ਜਿਹੜੀ ਤੂੰ ਮਹਾਰਾਜਾ ਕਪੂਰਥਲਾ ਕੋਲੋਂ ਉਸ ਜ਼ਮਾਨੇ ਵਿਚ ਦਸ ਹਜ਼ਾਰ ਦੀ ਲਈ ਸੀ, ਬੜੀਆਂ ਆਸਾਂ ਤੇ ਸੱਧਰਾਂ ਦੀ ਵਛੇਰੀ ਦਿੱਤੀ। ਤੇਰੀ ਉਸ ਵਛੇਰੀ ਵਿਚ ਜਾਨ ਸੀ ਤੇ ਬੜਾ ਚਿਰ ਮਗਰੋਂ ਮੈਨੂੰ ਪਤਾ ਲੱਗਾ, ਕਿ ਉਹ ਵਛੇਰੀ ਬੜੇ ਬੇ-ਬਹਾ ਮੁੱਲ ਦੀ ਸੀ। ਓਦੋਂ ਵਛੇਰੀ ਮਸਾਂ ਹੀ ਛਿਆਂ ਮਹੀਨਿਆਂ ਦੀ ਹੋਵੇਗੀ। ਮੈਂ ਇਕ ਦਿਨ ਖੇਡਦਾ-ਖੇਡਦਾ ਤੇਰੇ ਘਰ ਚਲਾ ਗਿਆ। ਸੋਨੇ ਦੇ ਦਿਲ ਵਾਲੀ ਚਾਚੀ ਨੇ ਸਦਕੇ ਵਾਰੀ ਹੋ ਕੇ, ਘੁੱਟ ਕੇ ਦੋਹਾਂ ਹੱਥਾਂ ਦਾ ਪਿਆਰ ਮੇਰੇ ਸਿਰ ਤੇ ਦਿੱਤਾ। ਮੱਥਾ ਚੁੰਮਿਆ ਤੇ ਮੈਨੂੰ ਗੋਦੀ ਵਿਚ ਬਿਠਾ ਲਿਆ। ਇਕ ਰੋਟੀ ਦੀ ਚੂਰੀ ਕੁੱਟ ਕੇ ਤੇ ਸ਼ੱਕਰ ਪਾ ਕੇ ਮੈਨੂੰ ਧੱਕੇ ਨਾਲ ਖੁਆਉਣ ਲੱਗ ਪਈ। ਏਨੇ ਚਿਰ ਵਿਚ ਪਾਲਾ ਆ ਗਿਆ ਤੇ ਅਸੀਂ ਦੋਵੇਂ ਖੇਡਦੇ-ਮੱਲਦੇ ਹਵੇਲੀ ਆ ਗਏ। ਭਾਊ ਰਤਨ ਸਿੰਘ ਹਵੇਲੀ ਵਿਚ ਸੀ। ਉਹਦੀ ਬਾਂਦਰੀ ਬੰਦਿਆਂ ਵਾਂਙੂ ਵੇਲਣੇ ਵਿਚ ਗੰਨੇ ਲਾਉਣ ਡਹੀ ਸੀ। ਭਾਊ ਪੂੜ ਵਿਚ ਸੋਡਾ ਪਾ ਕੇ ਉੱਤੋਂ ਮੈਲ ਲਾਹੁਣ ਡਿਹਾ ਸੀ। (ਮੈਨੂੰ ਅਜੇ ਤੀਕਰ ਯਾਦ ਏ। ਭਾਊ ਦਾ ਗੁੜ ਸਾਰੇ ਪਿੰਡ ਦੇ ਗੁੜ ਵਿੱਚੋਂ ਚਿੱਟਾ ਤੇ ਸਾਫ਼ ਹੁੰਦਾ ਸੀ।) ਨਿੱਕੂ ਈਸਾਈ ਚੁੰਬਾ ਝੋਕਣ ਡਿਹਾ ਸੀ। ਭਾਊ ਚੁੰਬੇ ਦੇ ਧੂੰਏਂ ਤੇ ਗੁੜ ਦੀ ਪੂੜ ਵਿੱਚੋਂ ਉਠਣ ਵਾਲੀ ਭਾਫ਼ ਵਿਚ ਲੁਕਿਆ ਲੱਗਦਾ ਸੀ। ਪਰ ਉਸ ਪਾਲੇ ਤੇ ਮੈਨੂੰ ਵੇਖ ਲਿਆ।

"ਰਹੁ ਪੀ!"

"ਗੁੜ ਖਾ!"

Academy of the Punjab in North America: http://www.apnaorg.com

"ਰੌਨਾ ਚੁਪ ਲੈ!"

"ਬਹਿ ਜਾ...ਓਏ ਮੁੰਡਿਆ! ਮੰਜੀ ਪਰ੍ਹਾਂ ਧੁੱਪੇ ਕਰ ਦੇ ਵੀਰ ਨੂੰ।"

ਖ਼ੌਰੇ ਭਾਊ ਰਤਨ ਸਿੰਘ ਨੇ ਮੇਰੇ ਤੇ ਕਿੰਨੇ ਕੁ ਹੁਕਮ ਲਾ ਦਿੱਤੇ। ਪਰ ਮੇਰਾ ਧਿਆਨ ਓਸ ਵਛੇਰੀ ਵੱਲ ਚਲਾ ਗਿਆ ਤਾਂ ਮੈਂ ਤੇ ਪਾਲ ਸਿੰਘ ਕੋਲ ਜਾ ਕੇ ਵਛੇਰੀ ਵੇਖਣ ਲੱਗ ਪਏ। ਰੱਜ ਕੇ ਸੋਹਣੀ ਵਛੇਰੀ, ਤਸਵੀਰ ਲੱਗਦੀ ਸੀ। ਖ਼ੌਰੇ ਕਿਧਰੋਂ ਚਾਚਾ ਟਹਿਲ ਸਿੰਘ ਆ ਗਿਆ ਤੇ ਖ਼ੌਰੇ ਕਿਸ ਮੂਰਖਪੁਣੇ ਵਿਚ ਮੈਂ ਉਹਦੀ ਗੋਦੀ ਚੜ੍ਹਿਆਂ, ਓਸ ਵਛੇਰੀ ਤੇ ਚੜ੍ਹਨ ਦੀ ਜ਼ਿੱਦ ਕੀਤੀ। ਸੱਤਾਂ ਵਰ੍ਹਿਆਂ ਦੇ ਬਾਲ ਵਿਚ ਸਮਝ ਕਿੰਨੀ ਕੁ ਹੁੰਦੀ ਏ? ਪਰ ਚਾਚਾ! ਤੂੰ ਮੈਨੂੰ ਇਕ ਵਾਰ ਨਾ ਮੋੜਿਆ, ਨਾ ਸਮਝਾਇਆ ਤੇ ਓਸ ਮਾਸੂਮ ਤੇ ਬੇ-ਬਹਾ ਮੁੱਲ ਦੀ ਵਛੇਰੀ ਨੂੰ ਫੜ ਕੇ, ਲਗਾਮ ਨੂੰ ਗੰਢਾਂ ਦੇ ਦੇ ਕੇ, ਛੋਟੀ ਕਰ ਕੇ ਉਹਨੂੰ ਲਗਾਮ ਦੇ ਦਿੱਤੀ। ਜਿਹੜਾ ਬੰਦਾ, ਜਿਥੇ ਸੀ, ਹੈਰਾਨੀ ਨਾਲ ਬੁੱਤ ਬਣ ਗਿਆ। ਭਾਊ ਪੱਕੇ ਹੋਏ ਧੂੜ ਨੂੰ ਛੱਡ ਕੇ ਖਲੋ ਗਿਆ। ਹਰ ਬੰਦਾ, ਚਾਚਾ, ਤੇਰੇ ਵੱਲ ਵੇਖਣ ਡਿਹਾ ਸੀ, ਜਿਹੜਾ ਤੂੰ ਇਕ ਬਾਲ ਦੇ ਮੂਰਖਪੁਣੇ ਨਾਲ ਆਪ ਵੀ ਬਾਲ ਬਣ ਗਿਆ ਸੈਂ, ਪਰ ਤੇਰੇ ਕੰਮਾਂ ਵਿਚ ਦਖ਼ਲ ਦੇਣ ਦੀ ਹਿੰਮਤ ਤੇ ਜੁਰਅਤ ਕਿਹਨੂੰ ਸੀ। ਫੇਰ ਤੂੰ ਮੋਢੇ ਵਾਲੀ ਖੱਦਰ ਦੀ ਚਾਦਰ ਲਾਹ, ਟੱਪਦੀ, ਨੱਚਦੀ, ਘਬਰਾਈ ਹੋਈ ਤੇ ਪਰੇਸ਼ਾਨੀ ਨਾਲ ਨਿਢਾਲ ਹੋਈ ਵਛੇਰੀ ਉੱਤੇ ਪਾਈ ਤੇ ਫੇਰ ਕਾਠੀ ਓਹਦੇ ਮਾਸੂਮ, ਨਿੱਕੇ, ਨਰਮ ਤੇ ਨਰੋਏ ਲੱਕ ਤੇ ਪਾ ਕੇ ਤੰਗ ਨੂੰ ਗੰਢਾਂ ਦੇ ਕੇ ਕੱਸ ਦਿੱਤਾ। ਅੱਜ ਸੋਚਨਾ ਆਂ ਕਿ ਛਿਆਂ ਮਹੀਨਿਆਂ ਦੀ ਦੁੱਧ ਪੀਂਦੀ ਕੋਮਲ ਬਾਲੜੀ ਵਛੇਰੀ ਦੀ ਜਾਨ ਲੈਣ ਲਈ ਤਾਂ ਏਨਾ ਦੁਖ ਤੇ ਸਦਮਾ ਈ ਬੜਾ ਸੀ। ਪਰ ਚਾਚਾ! ਫੇਰ ਤੂੰ ਮੈਨੂੰ ਓਹਦੇ ਉੱਤੇ ਚਾੜ੍ਹ ਕੇ ਤੇ ਉਹਨੂੰ ਅੱਗੋਂ ਫੜ ਕੇ ਹਵੇਲੀ ਦੇ ਦੋ ਫੇਰੇ ਲਵਾਏ ਤੇ ਵਛੇਰੀ ਦੁਖ ਤੇ ਸਦਮੇ ਨਾਲ ਨਿਢਾਲ ਹੋ ਕੇ ਡਿੱਗ ਕੇ ਮਰ ਗਈ—ਮਹਾਰਾਜਾ ਕਪੂਰਥਲੇ ਦੀ ਲਾਡਲੀ ਸਾਵੀ ਘੋੜੀ ਦੀ ਸੋਹਣੀ ਵਛੇਰੀ, ਜਿਹੜੀ ਤੂੰ ਕਿੰਨੀਆਂ ਸੱਧਰਾਂ ਤੇ ਆਸਾਂ ਨਾਲ ਲਈ ਸੀ। ਪਰ ਤੇਰੇ ਮੱਥੇ ਤੇ ਵੱਟ ਤੇ ਕੀ, ਕਿਸੇ ਵੀ ਉਫ਼ ਨਾ ਕੀਤੀ, ਸਿਵਾਏ ਅੱਬਾ ਜੀ ਦੇ ਕਿ ਜਦੋਂ ਉਹਨਾਂ ਸੁਣਿਆਂ, ਮੈਨੂੰ ਵੀ ਗੁੱਸੇ ਹੋਏ ਤੇ ਤੈਨੂੰ ਵੀ। ਪਰ ਤੂੰ ਹੱਸ ਛੱਡਿਆ।

ਚਾਚਾ! ਅੱਜ ਮੈਂ ਬਾਲਗ਼ ਆਂ। ਸਿਆਣਾ ਆਂ। ਪੱਥਰ ਵਾਂਙੂੰ ਠੇਡੇ ਖਾ ਖਾ ਕੇ ਗੋਲ ਹੋ ਗਿਆ ਆਂ। ਦੁਨੀਆ ਦਾ ਸਰਦ-ਗਰਮ ਵੀ ਵੇਖਿਆ ਤੇ ਉਹਨਾਂ ਦੇ ਵਸਨੀਕਾਂ ਨੂੰ ਵੇਖਣ, ਪਰਖਣ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ਏ। ਅੱਜ ਉਹ ਗੱਲਾਂ, ਖ਼ੁਾਬਾਂ ਦੀਆਂ ਗੱਲਾਂ ਲੱਗਦੀਆਂ ਨੇ, ਗਵਾਚੇ ਹੋਏ ਖ਼ੁਾਬ। ਕਿੱਡਾ ਬਦ-ਕਿਸਮਤ ਹੁੰਦਾ ਏ ਉਹ ਬੰਦਾ, ਜਿਸ ਦੇ ਖ਼ੁਾਬ ਗਵਾਚ ਜਾਣ। ਅੱਜ ਸੋਚਨਾ ਆਂ, ਚਾਚਾ, ਅਜੇ ਤੂੰ ਤੇ ਮੇਰੇ ਪਿਉ ਦਾ ਮੂੰਹ ਬੋਲਿਆ ਭਰਾ ਸੈਂ, ਤੂੰ ਤੇ ਉਹਦੇ ਨਾਲ ਪੱਗ ਵਟਾਈ ਸੀ। ਤੂੰ, ਉਹਦਾ ਸੱਕਾ ਭਰਾ ਤੇ ਨਹੀਂ ਸੈਂ। ਪਰ ਜਿੰਨਾ ਪਿਆਰ ਤੂੰ ਮੈਨੂੰ ਦਿੱਤਾ, ਓਨਾ ਤੇ ਮੇਰੇ ਕਿਸੇ ਸੱਕੇ ਚਾਚੇ ਵੀ ਨਹੀਂ ਦਿੱਤਾ। ਲਹੂ ਤੇ ਲਹੂ ਦੀ ਤਾਂ ਆਖਦੇ ਨੇ ਸਾਂਝ ਈ ਬੜੀ ਹੁੰਦੀ ਏ, ਜਿਵੇਂ ਕੁੱਖ ਦੀ ਤੇ ਕੁੱਖ ਦੀ ਬੜੀ ਸਾਂਝ ਹੁੰਦੀ ਏ। ਪਰ ਫੇਰ ਵੀ ਤੂੰ ਮੈਨੂੰ ਸੱਕਿਆਂ ਨਾਲੋਂ ਪਿਆਰਾ ਕਿਉਂ ਸੈਂ? ਮੈਂ ਤੈਨੂੰ, ਤੇਰੇ ਪਾਲੇ ਨਾਲੋਂ ਬਹੁਤਾ ਪਿਆਰਾ, ਬਹੁਤਾ ਲਾਡਲਾ ਤੇ ਬਹੁਤਾ ਨੇੜੇ ਕਿਉਂ ਸਾਂ?



ਫੇਰ ਉਹ ਅਨ੍ਹੇਰੀ ਚੜ੍ਹੀ ਤੇ ਹੋਣੀ ਜ਼ਮੀਨ ਤੇ ਆ ਕੇ ਇਨਸਾਨ ਦੇ ਰੂਪ ਵਿਚ ਬਹਿ ਗਈ। ਰਾਵੀ ਤੇ ਬਸੰਤਰ ਹੜ੍ਹ ਨਾਲ ਗ਼ਜ਼ਬਨਾਕ ਹੋਏ, ਤੇ ਛੱਲਾਂ ਗੁੱਸੇ ਵਿਚ ਝੱਗ ਨਾਲ ਭਰੇ ਮੂੰਹ ਲੈ ਕੇ ਅੰਦਰੋਂ ਬਾਹਰ ਨਿਕਲ ਆਈਆਂ। ਚਾਰ-ਚੁਫੇਰੇ ਲੱਕ-ਲੱਕ ਪਾਣੀ। ਤੂੰ ਭਰੀ ਹਵੇਲੀ ਤੇ ਭਰੇ ਘਰ ਵਿੱਚੋਂ, ਬੱਸ ਦੋ ਚਾਰ ਸ਼ੈਵਾਂ ਲਈਆਂ ਤੇ ਮੇਰੇ ਚਾਚੇ-ਤਾਏ ਤੇ ਪਿਉ ਓਸ ਗੱਡੇ ਨੂੰ ਬਰਛੀਆਂ, ਛਵ੍ਹੀਆਂ ਤੇ ਬੰਦੂਕਾਂ ਦੇ ਪਹਿਰੇ ਵਿਚ ਲੈ ਕੇ ਟੁਰ ਪਏ। ਗੱਡੇ ਤੇ ਚਾਚੀ, ਪਾਲਾ, ਭੈਣ, ਤੂੰ ਤੇ ਰੱਬੂ ਸਉ ਤੇ ਤੁਹਾਡੇ ਆਲੇ-ਦੁਆਲੇ, ਤੁਹਾਡੀ ਹਿਫ਼ਾਜ਼ਤ ਲਈ ਅਸੀਂ ਡੇਰੇ ਦੇ ਪੁੱਲ ਤੀਕਰ ਗਏ। ਤੁਸੀਂ ਵੀ ਰੋ ਰੋ ਕੇ ਨਿਢਾਲ ਹੋ ਗਏ ਤੇ ਤੁਹਾਨੂੰ ਛੱਡਣ ਜਾਣ ਵਾਲੇ ਵੀ। ਰਾਹ ਵਿਚ ਲੁੱਟ-ਮਾਰ, ਕਤਲੋ-ਗ਼ਾਰਤ, ਹਮਲੇ ਤੇ ਹੋਰ ਕੀ ਕੀ ਬਲਾਵਾਂ ਤੇ ਪੁੱਲ ਉੱਤੇ ਜਾ ਕੇ ਜਦੋਂ ਮੇਰੇ ਪਿਉ ਤੇ ਤੂੰ ਜੱਫੀ ਮਾਰੀ ਤੇ ਤੁਸਾਂ ਦੋਹਾਂ ਈ ਢਾਹੀਆਂ ਮਾਰੀਆਂ। ਤੁਹਾਨੂੰ ਡੇਰੇ ਵਾਲੇ ਪੁੱਲ ਤੋਂ ਲੰਘਦਿਆਂ ਜਾਂਦਿਆਂ ਤੇ ਪਰਤ-ਪਰਤ ਕੇ ਵੇਖਦਿਆਂ ਨੂੰ, ਵੇਖ ਵੇਖ ਕੇ ਮੇਰਾ ਪਿਉ, ਕਿਵੇਂ ਬਾਲਾਂ ਵਾਂਙੂੰ ਢਾਹਾਂ ਮਾਰਦਾ ਰਿਹਾ। ਤੁਸੀਂ ਅਗਾਂਹ ਲੰਘ ਕੇ ਖ਼ਲਕਤ ਦੇ ਹੜ੍ਹ ਵਿਚ ਗਵਾਚ ਗਏ, ਪਰ ਅਸੀਂ ਸ਼ਾਮ ਤੀਕਰ ਕਿਉਂ ਪੁੱਲ ਤੇ ਖਲੋਤੇ ਤੇ ਰੋਂਦੇ ਰਹੇ। ਤੇ ਅਖ਼ੀਰ ਤੁਹਾਨੂੰ ਗਵਾ ਕੇ, ਆਪਣੇ ਤੇ ਤੁਹਾਡੇ ਉਜੜਿਆਂ ਘਰਾਂ ਵਿਚ ਪਰਤ ਕੇ ਆ ਗਏ। ਓਦੋਂ ਮੈਂ ਅੱਠਾਂ ਵਰ੍ਹਿਆਂ ਦਾ ਸਾਂ ਤੇ ਹੁਣ ਅਠੱਤੀਆਂ ਵਰ੍ਹਿਆਂ ਦਾ, ਪਰ ਮੈਂ ਔਖੇ ਤੋਂ ਔਖੇ ਵੇਲੇ ਵੀ ਆਪਣੇ ਪਿਉ ਨੂੰ ਰੋਂਦਿਆਂ ਨਹੀਂ ਵੇਖਿਆ, ਸਿਵਾਏ ਓਸ ਦਿਨ ਦੇ। ਹੁਣ ਤਾਂ ਬੱਸ, ਤੇਰੇ ਨਾਂ ਤੇ ਓਹਦੀਆਂ ਅੱਖਾਂ ਭਿੱਜ ਜਾਂਦੀਆਂ ਨੇ।

ਤੇ ਅੱਜ ਮੁਕੇਰੀਆਂ ਦੇ ਕਿਸੇ ਪਿੰਡ ਵਿਚ ਸ਼ਰਨਾਰਥੀ ਟਹਿਲ ਸਿੰਘ ਖ਼ੌਰੇ ਕਿੱਡਾ ਕੁ ਖ਼ੁਸ਼ ਏ? ਤੇ ਖ਼ੌਰੇ ਹੁਣ ਪਾਲਾ ਸਿੰਘ ਮੇਰੇ ਵਾਂਙੂੰ ਅੱਧੇ ਧੌਲਿਆਂ ਵਾਲੇ ਸਿਰ ਤੇ ਆਪਣੀਆਂ ਰੌਸ਼ਨ ਬਦਾਮੀ ਅੱਖਾਂ ਵਿਚ ਕੋਈ ਖ਼ੁਾਬ ਰੱਖਦਾ ਏ ਕਿ ਨਹੀਂ?

ਚਾਚਾ ਟਹਿਲ ਸਿੰਘ ਆਖਦਾ ਹੁੰਦਾ ਸੀ, "ਅਸੀਂ ਸਾਰੇ ਈ ਕਹਾਣੀਆਂ ਆਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"

ਤੇ ਚਾਚਾ ਵੇਖ ਲੈ, ਮੈਨੂੰ ਤੇਰੀ ਕਹਾਣੀ ਯਾਦ ਏ, ਤੇ ਮੈਂ ਇਹਨੂੰ ਕਿਸੇ ਦਿਨ ਲਿਖਾਂਗਾ ਵੀ। ਅੱਜ ਤੇ ਮੇਰੇ ਚਾਰ-ਚੁਫੇਰੇ ਕਹਾਣੀਆਂ 'ਕੱਠੀਆਂ ਹੋ ਕੇ ਘੇਰਾ ਪਾ ਕੇ ਖਲੋਤੀਆਂ ਨੇ, ਚਾਰ-ਚੁਫੇਰੇ ਕਿਆਮਤ ਵਾਲਾ ਸ਼ੋਰ ਏ—

ਮੇਰੀਆਂ ਕਹਾਣੀਆਂ ਲਹੂ-ਲੁਹਾਨ ਨੇ। ਉਹਨਾਂ ਦੇ ਸਿਰ ਨੰਗੇ, ਵਾਲ ਖਿੱਲਰੇ ਤੇ ਪਿੰਡੇ ਜ਼ਖ਼ਮੀ ਨੇ। ਮੇਰਿਆਂ ਹੱਥਾਂ ਵਿਚ ਟੁੱਟਾ ਹੋਇਆ ਕਲਮ, ਤੇ ਟੁੱਟਾ ਹੋਇਆ ਠੂਠਾ ਏ, ਜਿਹਦੇ ਵਿਚ ਮੈਂ ਆਪਣੀਆਂ ਕਹਾਣੀਆਂ ਲਈ ਖ਼ੁਸ਼ੀਆਂ ਲੈਣ ਘਰੋਂ ਨਿਕਲਿਆ ਸਾਂ। ਮੇਰੀਆਂ ਅੱਖਾਂ ਵਿਚ ਏਨੇ ਅੱਥਰੂ ਨੇ ਕਿ ਮੈਂ ਆਪਣਾ ਰਾਹ ਵੀ ਨਹੀਂ ਵੇਖ ਸਕਦਾ। ਮੇਰਾ ਆਪਣਾ ਹਾਲ ਵੀ ਮੇਰੀਆਂ ਆਪਣੀਆਂ ਕਹਾਣੀਆਂ ਵਾਲਾ ਏ। ਤੇ ਮੈਂ ਸੋਚਨਾ ਆਂ, ਮੈਂ ਕਿਵੇਂ ਕਹਾਣੀ ਲਿਖਾਂ?

Academy of the Punjab in North America: http://www.apnaorg.com

## ਮੁੜ ਗੁਆਚੀ ਖ਼ੁਸ਼ਬੂ — مڑ گواچی خوشبو

*ਜਤਿੰਦਰਪਾਲ ਸਿੰਘ ਜੌਲੀ* — جتندرپال سنگھ جولی

ਅਫ਼ਜ਼ਲ ਅਹਿਸਨ ਰੰਧਾਵਾ ਦਾ ਪਹਿਲਾ ਕਹਾਣੀ ਸੰਗ੍ਰਹਿ *ਰੰਨ, ਤਲਵਾਰ ਤੇ ਘੋੜਾ* ਚੜ੍ਹਦੇ ਪੰਜਾਬ ਵਿਚ 1982 ਵਿਚ ਛਪਿਆ। 1980-81 ਵਿਚ ਉਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਨੂੰ ਲਿਪੀਅੰਤਰ ਕਰਦਿਆਂ ਮੈਂ ਇਹ ਮਹਿਸੂਸ ਕੀਤਾ ਕਿ ਦੇਸ਼-ਵੰਡ ਪੂਰਬਲੇ ਸਾਂਝੇ ਪੰਜਾਬ ਦੇ ਸਭਿਆਚਾਰਕ ਨਿਵੇਕਲੇਪਨ ਨੂੰ ਪ੍ਰਗਟਾਉਂਦੀਆਂ ਇਹ ਕਹਾਣੀਆਂ ਸਮੂਹ ਪੰਜਾਬੀਆਂ ਦੀ ਅਦਬੀ ਵਿਰਾਸਤ ਹਨ। ਸਮੇਂ ਸਮੇਂ ਇਹ ਕਹਾਣੀਆਂ ਮੈਂ ਪੰਜਾਬੀ 'ਚ ਛਪਦੇ ਸਿਰਮੌਰ ਰਸਾਲਿਆਂ ਤੇ ਅਖ਼ਬਾਰਾਂ ਵਿਚ ਭੇਜਦਾ ਰਿਹਾ ਜੋ ਖ਼ੂਬ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ।

'ਗੁਆਚੀ ਹੋਈ ਖ਼ੁਸ਼ਬੂ' ਕਹਾਣੀ *ਪੰਜਾਬੀ ਟ੍ਰਿਬਿਊਨ* ਦੇ ਹਫ਼ਤਾਵਾਰੀ ਅੰਕ ਵਿਚ ਛਪੀ। ਸਹਿਵਨ ਹੀ ਉਹ ਕਹਾਣੀ ਮੈਂ ਆਪਣੇ ਘਰ 'ਚ ਰਹਿੰਦੇ ਇਕ ਬਜ਼ੁਰਗ ਸਰਦਾਰ ਨਰੈਣ ਸਿੰਘ ਹੁਰਾਂ ਨੂੰ ਸੁਣਾਈ। ਕਹਾਣੀ ਸੁਣਦਿਆਂ ਹੀ ਕਹਿਣ ਲੱਗੇ: 'ਇਹ ਟਹਿਲ ਸਿੰਘ ਨਾਮਧਾਰੀਆ ਤਾਂ ਨਹੀਂ!' ਟਹਿਲ ਸਿੰਘ ਉਸ ਕਹਾਣੀ ਦਾ ਮੁੱਖ ਪਾਤਰ ਹੈ। ਮੈਂ ਕਿਹਾ, 'ਬਾਪੂ ਜੀ, ਇਹ ਕਹਾਣੀ ਪਾਕਿਸਤਾਨ ਦੇ ਇਕ ਲੇਖਕ ਨੇ ਲਿਖੀ ਐ। ਇਹ ਨਾਂ ਤਾਂ ਐਵੇਂ ਹੀ ਰੱਖ ਦੇਂਦੈ ਉਹ ਸਰਦਾਰਾਂ ਵਾਲੇ।'

'ਨਹੀਂ, ਮੈਂ ਇਹਨੂੰ ਜਾਣਨਾਂ—ਇਹਦਾ ਪੋਤਾ ਦਾਲਮ ਵਿਆਹਿਐ, ਜਿਥੇ ਮੇਰੀ ਧੀ ਰਹਿੰਦੀ ਏ। ਮੈਂ ਤੈਨੂੰ ਇਹਦਾ ਪਤਾ ਲਿਆ ਦੂੰ। ਇਹ ਮੇਰੀ ਭੂਆ ਦਾ ਪੁੱਤ ਭਰਾ ਲੱਗਦੈ—ਮੈਥੋਂ ਵੱਡਾ ਹੈ 10 ਵਰ੍ਹੇ!'

ਇਹ ਗੱਲ ਸੁਣ ਕੇ ਮੈਨੂੰ ਹੋਰ ਵੀ ਹੈਰਾਨੀ ਹੋਈ—ਕਿਉਂਕਿ ਬਾਪੂ ਨਰੈਣ ਸਿੰਘ ਨੂੰ ਆਪਣੀ ਉਮਰ ਦਾ ਵੀ ਭਾਵੇਂ ਪੱਕਾ ਪਤਾ ਤਾਂ ਨਹੀਂ ਪਰ ਉਹ ਏਨਾ ਦੱਸਦੇ ਨੇ ਕਿ 'ਜਦੋਂ ਜਰਮਨੀ ਦੀ ਪਹਿਲੀ ਜੰਗ ਲੱਗੀ ਤਾਂ ਮੈਂ ਘਰੋਂ ਨੱਸ ਕੇ ਜੰਗ ਲੜਨ ਗਿਆ ਸਾਂ।' ਇਸ ਜੰਗ ਦਾ ਵਾਕਿਆ 1914 ਦਾ ਹੈ ਤੇ ਮੈਂ ਸੋਚਦਾਂ, ਉਦੋਂ ਬਾਪੂ 18 ਸਾਲਾਂ ਤੋਂ ਘੱਟ ਕੀ ਹੋਊ, ਜਦੋਂ ਅਛੋਪਲੇ ਜਿਹੇ ਪਿੰਡੋਂ ਨੱਸ ਕੇ ਜਰਮਨ ਵਾਲਾ ਸੰਸਾਰ-ਯੁੱਧ ਲੜਨ ਜਾ ਪਹੁੰਚਾ। ਇਸ ਹਿਸਾਬ ਨਾਲ ਬਾਪੂ ਦਾ ਜਨਮ 1896 ਦੇ ਆਸ ਪਾਸ ਦਾ ਹੋਵੇਗਾ ਤੇ ਬਾਪੂ ਟਹਿਲ ਸਿੰਘ ਦਾ 1886 ਦਾ। ਮੇਰੇ ਮਨ ਵਿਚ ਇਹਨਾਂ ਬਜ਼ੁਰਗਾਂ



ਨੂੰ ਵੇਖਣ ਦੀ ਬੜੀ ਜਗਿਆਸਾ ਜਾਗੀ। ਅਗਲੇ ਹਫ਼ਤੇ ਤਕ ਬਾਪੂ ਨਰੈਣ ਸਿੰਘ ਹੁਰਾਂ ਮੈਨੂੰ ਉਹਨਾਂ ਦਾ ਪਤਾ ਲਿਆ ਦਿੱਤਾ:

*ਸ੍ਰ. ਟਹਿਲ ਸਿੰਘ ਰੰਧਾਵਾ, ਸਰਪੰਚ*
*ਪਿੰਡ ਲਾਡਪੁਰ, ਡਾਕਖ਼ਾਨਾ ਭੰਗਾਲਾ,*
*ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ।*

ਕਹਾਣੀ ਵਿਚਲੇ ਹਵਾਲਿਆਂ ਮੁਤਾਬਕ ਟਹਿਲ ਸਿੰਘ ਦੇਸ਼-ਵੰਡ ਪਿੱਛੋਂ ਸ਼ਰਨਾਰਥੀ ਬਣਿਆ ਕਿਧਰੇ ਮੁਕੇਰੀਆਂ (ਹੁਸ਼ਿਆਰਪੁਰ) ਦੇ ਇਲਾਕੇ ਵਿਚ ਹੀ ਰਹਿ ਰਿਹਾ ਸੀ। ਮੈਂ ਖ਼ਤ ਪਾ ਦਿੱਤਾ। ਮੇਰੀ ਹੈਰਾਨੀ ਭਰੀ ਖ਼ੁਸ਼ੀ ਦੀ ਕੋਈ ਥਾਹ ਨਹੀਂ ਸੀ ਜਦ ਵਾਪਸੀ ਡਾਕ ਟਹਿਲ ਸਿੰਘ ਰੰਧਾਵਾ ਦਾ ਗੁਰਮੁਖੀ ਵਿਚ ਕੰਬਦੇ ਹੱਥਾਂ ਨਾਲ ਲਿਖਿਆ ਨਿਹਾਇਤ ਖ਼ੂਬਸੂਰਤ ਖ਼ਤ, ਮੇਰੇ ਤਕ ਆ ਪਹੁੰਚਾ। ਯਕੀਨ ਜਿਹਾ ਈ ਨਾ ਆਵੇ ਕਿ ਰੰਧਾਵੇ ਦੀ ਵਰ੍ਹਿਆਂ ਤੋਂ 'ਗੁਆਚੀ ਹੋਈ ਖ਼ੁਸ਼ਬੂ' ਮੈਨੂੰ ਸਚਮੁੱਚ ਲੱਭ ਪਈ ਹੈ। ਬੜਾ ਵਿਲੱਖਣ ਅਨੁਭਵ ਹੁੰਦਾ ਹੈ ਕਿਸੇ ਕਹਾਣੀ ਦੇ ਪਾਤਰ ਦਾ ਜੀਉਂਦੇ ਜਾਗਦੇ ਤੁਹਾਡੇ ਸਾਹਵੇਂ ਆ ਖਲੋਣਾ। ਮੈਂ ਹਕੀਕਤ ਨੂੰ ਨੇੜਿਓਂ ਤੱਕਣ ਲਈ ਝੱਟ ਉਹਨਾਂ ਦੇ ਪਿੰਡ ਨੂੰ ਚਾਲੇ ਪਾ ਦਿੱਤੇ। ਮੁਕੇਰੀਆਂ ਤੋਂ ਭੰਗਾਲੇ ਪਹੁੰਚ ਕੇ ਅੱਗੋਂ 'ਲਾਡਪੁਰ' ਜਾਣ ਲਈ ਕੋਈ ਸਾਧਨ ਨਾ ਮਿਲਿਆ। ਰਾਹਗੀਰਾਂ ਦੇ ਦੱਸਣ ਮੁਜਬ—'ਆਹ ਲਾਗੇ ਈ ਆ—ਦੋ ਚਾਰ ਪੈਲੀਆਂ ਲੰਘ ਕੇ'—ਚੱਲਦਾ ਚੱਲਦਾ ਮੈਂ ਆਥਣ ਵੇਲੇ ਪੈਦਲ ਹੀ ਉਹਨਾਂ ਦੇ ਪਿੰਡ ਜਾ ਪਹੁੰਚਾ। ਰਾਹ ਵਿਚ ਹੀ ਸ਼ੋਭਾ ਸੁਣੀ ਕਿ ਜਿਉਂ ਦਾ ਪਿੰਡ ਬੱਝਾ ਹੈ, ਟਹਿਲ ਸਿੰਘ ਰੰਧਾਵਾ ਹੀ ਉਥੋਂ ਦਾ ਸਰਪੰਚ ਰਿਹਾ ਹੈ। ਹੁਣ ਅੱਜ ਕੱਲ੍ਹ ਉਹਦਾ ਲੜਕਾ ਕਿਰਪਾਲ ਸਿੰਘ ਸਰਪੰਚ ਹੈ।

ਇਹ ਕਿਰਪਾਲ ਸਿੰਘ ਉਹੀ ਪਾਲਾ ਹੈ—ਅਫ਼ਜ਼ਲ ਦਾ ਹਾਣੀ, ਜਿਸਨੂੰ ਬਚਪਨ ਵਿਚ ਟਹਿਲ ਸਿੰਘ ਨੇ ਭੈਣੀ ਸਾਹਿਬ ਦੇ ਮੇਲੇ ਵਿਚ ਬੋਹੜ ਹੇਠਾਂ ਬੈਠੇ ਸਤਿਗੁਰਾਂ ਸਾਹਵੇਂ ਅਫ਼ਜ਼ਲ ਦੇ ਬਰਾਬਰ ਖਲ੍ਹਾਰ ਕੇ ਕਿਹਾ ਸੀ: 'ਇਹ ਦੋਵੇਂ ਮੇਰੇ ਪੁੱਤਰ ਨੇ!' ਪਿੰਡ ਵੱਲ ਵਧਦਿਆਂ ਤੇ ਲੋਕਾਂ ਦੀਆਂ ਗੱਲਾਂ ਸੁਣਦਿਆਂ 'ਗੁਆਚੀ ਹੋਈ ਖ਼ੁਸ਼ਬੂ' ਦੀ ਹਰ ਸਤਰ ਮੇਰੀਆਂ ਅੱਖਾਂ ਅੱਗੇ ਘੁੰਮ ਰਹੀ ਸੀ।

ਪਿੰਡ ਦੇ ਬਾਹਰਵਾਰ ਵੱਡੀ ਸਾਰੀ ਹਵੇਲੀ ਦਾ ਚੌੜਾ ਲੱਕੜ ਦੀ ਨੱਕਾਸ਼ੀ ਵਾਲਾ ਬੂਹਾ ਲੰਘ ਕੇ ਦਲਾਨ 'ਚ ਰੰਗੀਨ ਪਾਵਿਆਂ ਵਾਲੇ ਭਾਰੀ ਭਰਕਮ ਮੰਜੇ ਉੱਪਰ ਬਾਪੂ ਟਹਿਲ ਸਿੰਘ ਬੈਠਾ ਮਾਲਾ ਫੇਰਦਾ ਮਿਲਿਆ। ਮੇਰੇ ਖ਼ਤ ਦੀ ਸੋਅ ਹੈ ਸੀ ਉਹਨਾਂ ਨੂੰ, ਇਸ ਲਈ ਆਪਣਾ ਤੁਆਰੁਫ਼ ਕਰਾਉਣ ਦੀ ਲੋੜ ਨਾ ਪਈ। ਖਾਉ-ਪੀਉ ਦਾ ਵੇਲਾ ਸੀ। ਸਾਰਾ ਪਰਿਵਾਰ ਮੋਹ ਭਿੱਜੀਆਂ ਸੁਆਗਤੀ ਨਜ਼ਰਾਂ ਨਾਲ ਮੇਰੇ ਆਸ-ਪਾਸ ਮੰਡਰਾ ਰਿਹਾ ਸੀ। ਰੋਟੀ-ਪਾਣੀਓਂ ਫ਼ਾਰਗ ਹੋ ਕੇ ਸਾਰਾ ਟੱਬਰ ਮੇਰੇ ਦੁਆਲੇ ਇਉਂ ਆ ਜੁੜਿਆ ਜਿਵੇਂ ਬੱਚੇ ਧੂਣੀ ਦੁਆਲੇ ਨਾਨੀ ਦੀਆਂ ਬਾਤਾਂ ਸੁਣਨ ਜੁੜ ਜਾਂਦੇ ਨੇ।

ਸਭ ਤੋਂ ਪਹਿਲਾਂ ਤਾਂ ਟਹਿਲ ਸਿੰਘ ਰੰਧਾਵਾ ਹੁਰਾਂ ਬੜੇ ਵਿਸਥਾਰ ਨਾਲ ਮੈਥੋਂ ਅਫ਼ਜ਼ਲ ਬਾਰੇ ਪੁੱਛਿਆ ਕਿ ਤੂੰ ਉਸ ਨੂੰ ਕਿਵੇਂ ਜਾਣਦੈਂ? ਇਹ ਕਹਾਣੀਆਂ ਤੂੰ ਕਿਥੋਂ ਲਈਆਂ ਨੇ? ਮੇਰਾ ਭਰਾਤਾ ਨਰੈਣ ਸਿੰਘ ਤੈਨੂੰ ਕਿਥੇ ਮਿਲ ਪਿਆ? ਕੀ ਤੂੰ ਅਫ਼ਜ਼ਲ



Academy of the Punjab in North America: http://www.apnaorg.com

ਨੂੰ ਮਿਲਿਐਂ ਕਦੇ ? ਇਹਨਾਂ ਅਨੇਕਾਂ ਸੁਆਲਾਂ ਦੇ ਜੁਆਬ ਦੇਂਦਿਆਂ ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਏ. (ਪੰਜਾਬੀ) ਕਰ ਰਿਹਾਂ। ਡਾ. ਕਰਨੈਲ ਸਿੰਘ ਥਿੰਦ ਮੇਰੇ ਪ੍ਰੋਫ਼ੈਸਰ ਨੇ, ਜਿਹੜੇ ਅਫ਼ਜ਼ਲ ਦੇ ਬੜੇ ਮਿੱਤਰ ਨੇ। ਉਹ ਪਾਕਿਸਤਾਨ ਅਕਸਰ ਜਾਂਦੇ ਰਹਿੰਦੇ ਨੇ। ਉਹੀ ਅਫ਼ਜ਼ਲ ਅਹਿਸਨ ਦੀਆਂ ਕਿਤਾਬਾਂ ਵੀ ਏਧਰ ਲਿਆਏ ਸਨ। ਮੈਂ ਉਹਨਾਂ ਨੂੰ ਗੁਰਮੁਖੀ ਵਿਚ ਕਰ ਕੇ ਇਧਰਲੇ ਪਾਠਕਾਂ ਲਈ ਛਪਵਾ ਦੇਨਾਂ। *ਦੀਵਾ ਤੇ ਦਰਿਆ* ਅਤੇ *ਦੁਆਬਾ* ਨਾਵਲ ਵੀ ਮੈਂ ਨਾਲ ਲੈ ਗਿਆ ਸਾਂ ਤੇ *ਰੰਨ, ਤਲਵਾਰ ਤੇ ਘੋੜਾ* ਵੀ। ਸਾਰੀ ਰਾਤ ਬੈਠੇ ਅਸੀਂ ਖ਼ੂਬ ਗੱਲਾਂ ਕਰਦੇ ਰਹੇ। *ਰੰਨ, ਤਲਵਾਰ ਤੇ ਘੋੜਾ* ਦੀਆਂ ਤਕਰੀਬਨ ਸਾਰੀਆਂ ਹੀ ਕਹਾਣੀਆਂ ਮੈਂ ਉਹਨਾਂ ਨੂੰ ਸੁਣਾ ਦਿੱਤੀਆਂ।

'ਗੁਆਚੀ ਹੋਈ ਖ਼ੁਸ਼ਬੂ' ਦੇ ਪਾਤਰ, ਜਿਥੇ ਉਹ ਆਪ ਹੀ ਸਨ, ਉਥੇ 'ਰੰਡੀ' ਵਿਚਲਾ ਸੁਲੱਖਣ, 'ਬੇੜੀਆਂ' ਵਾਲਾ ਰਘਬੀਰ, 'ਹੱਕਦਾਰ' ਦਾ ਬਹਾਦਰ ਸਿੰਘ, 'ਜੰਨਤੀ' ਵਿਚਲਾ ਮੁਰਾਦੀ ਬਲੋਚ, ਰਹਿਮਤਾ, ਅਹਿਮਦ ਤੇ ਹੋਰ ਅਨੇਕਾਂ ਹੀ ਪਾਤਰ ਉਹਨਾਂ ਦੇ ਜਾਣੇ ਪਛਾਣੇ ਸਨ। ਮੈਂ ਜਿਉਂ ਜਿਉਂ ਕਹਾਣੀਆਂ ਪੜ੍ਹਦਾ ਜਾਂਦਾ, ਉਹ ਤਿਉਂ ਤਿਉਂ ਉਧੜਦੇ ਜਾਂਦੇ। ਕਦੇ ਗੱਲ ਪਿੰਡ ਕਿਆਮਪੁਰ ਤੇ ਜਾ ਪਹੁੰਚਦੀ, ਜਿਥੇ ਉਹ ਦੇਸ਼-ਵੰਡ ਤੋਂ ਪਹਿਲਾਂ ਅਫ਼ਜ਼ਲ ਹੁਰਾਂ ਦੇ ਪਰਿਵਾਰ ਨਾਲ ਇਕੱਠੇ ਵੱਸਦੇ ਸਨ। ਕਦੇ ਪਿੰਡ ਸਦੇਅ-ਮਦੇਅ ਦਾ ਜ਼ਿਕਰ ਆਉਂਦਾ ਤੇ ਕਦੇ ਅਫ਼ਜ਼ਲ ਦੇ ਪਿਤਾ ਚੌਧਰੀ ਮੁਹੰਮਦ ਸਰਫ਼ਰਾਜ਼ ਖ਼ਾਂ ਰੰਧਾਵਾ ਦਾ—ਜਿਸ ਦੀ ਪੂਰੇ ਇਲਾਕੇ ਵਿਚ ਡਾਹਢੀ ਧੁੰਮ ਸੀ। ਟਹਿਲ ਸਿੰਘ ਰੰਧਾਵਾ ਤੇ ਸਰਫ਼ਰਾਜ਼ ਖ਼ਾਂ ਰੰਧਾਵਾ ਪੱਗ-ਵੱਟ ਭਰਾ ਸਨ। ਇਸੇ ਲਈ ਅਫ਼ਜ਼ਲ ਆਪਣੀ ਕਹਾਣੀ 'ਗੁਆਚੀ ਹੋਈ ਖ਼ੁਸ਼ਬੂ' ਵਿਚ ਉਸ ਵਿੱਛੜ ਗਏ ਚਾਚੇ ਨੂੰ ਲੱਭਦਾ ਵਾਵਾ ਹੋ ਰਿਹਾ ਸੀ, ਜਿਸਨੂੰ ਦੇਸ਼-ਵੰਡ ਨੇ ਜਲਾਵਤਨ ਹੋਣ ਤੇ ਮਜਬੂਰ ਕਰ ਦਿੱਤਾ ਸੀ। ਅਫ਼ਜ਼ਲ ਹੁਰਾਂ ਨੂੰ ਕੋਈ ਸੁਰ ਪਤਾ ਨਹੀਂ ਸੀ ਕਿ ਉਹ ਟੱਬਰ—ਜੋ ਉਹਨਾਂ ਦੇ ਸਾਹਵਾਂ ਨਾਲ ਜੀਉਂਦਾ ਸੀ—ਅੱਜ ਕਿਥੇ ਸੀ ? ਕਿਸ ਹਾਲ ਵਿਚ ਸੀ ? ਪਰ 'ਬਾ-ਹਿੰਮਤੇ ਮਰਦ—ਬਾ-ਹਿੰਮਤੇ ਖ਼ੁਦਾ' ਦੇ ਅਖਾਣ ਵਾਂਙ ਟਹਿਲ ਸਿੰਘ ਹੁਰਾਂ ਦੇ ਟੱਬਰ ਨੇ ਉਜਾੜੇ ਦਾ ਸੰਤਾਪ ਹੰਢਾਉਣ ਉਪਰੰਤ ਵੀ ਆਪਣੀ ਹਿੰਮਤ, ਨੇਕੀ, ਇਮਾਨਦਾਰੀ ਅਤੇ ਆਪਸੀ ਸਹਿਯੋਗ ਦੇ ਸਿਰ ਤੇ ਨਾ ਸਿਰਫ਼ ਆਪਣੀ ਗੁਆਚੀ ਆਨ ਤੇ ਸ਼ਾਨ ਨੂੰ ਮੁੜ ਬਹਾਲ ਕੀਤਾ ਸੀ ਸਗੋਂ ਮੁਕੇਰੀਆਂ ਦੇ ਇਲਾਕੇ ਵਿਚ ਪਿੰਡ 'ਲਾਡਪੁਰ' ਵਸਾ ਕੇ ਉਹਦੀ ਚੰਗੀ ਠੁੱਕ ਵੀ ਬੰਨ੍ਹੀ ਸੀ। ਆਸ-ਪਾਸ ਪਿੰਡਾਂ ਦੇ ਲੋਕ ਹਰ ਤਰ੍ਹਾਂ ਦੇ ਮਿਲਵਰਤਣ ਤੇ ਮੁਸ਼ਕਲਾਂ ਦੇ ਹੱਲ ਲਈ ਉਹਨਾਂ ਕੋਲ ਪੁੱਜਦੇ। ਇਸ ਪਿੰਡ ਦਾ ਦਾਅਵਾ ਹੈ ਕਿ ਅੱਜ ਤਕ ਉਹਨਾਂ ਦਾ ਕੋਈ ਝਗੜਾ ਥਾਣੇ ਜਾਂ ਕਚਹਿਰੀ ਨਹੀਂ ਪੁੱਜਾ। ਬਾਪੂ ਟਹਿਲ ਸਿੰਘ ਪਿੰਡ ਦਾ ਇੱਕੋ ਇਕ ਮੁਨਸਿਫ਼, ਜੋ ਕਹਿ ਦੇਵੇ ਉਹ ਫ਼ੈਸਲਾ ਅਟੱਲ ਹੁੰਦਾ ਹੈ। ਉਹਦੀ ਆਪਣੀ ਔਲਾਦ ਬੜੀ ਹੀ ਅਦਬ ਨਿਵਾਜ਼, ਨੇਮੀ-ਪ੍ਰੇਮੀ ਤੇ ਸਾਊ ਕਿ ਮਿਲ ਕੇ ਵਿਅਕਤੀ ਗੱਦ ਗੱਦ ਹੋ ਉੱਠਦਾ ਹੈ। ਅਜਿਹੇ ਪਰਿਵਾਰ ਦਾ ਲੱਭ ਜਾਣਾ ਮੇਰੇ ਲਈ ਅਹਿਮ ਪ੍ਰਾਪਤੀ ਸੀ, ਜਿਨ੍ਹਾਂ ਤੁਰਨ ਵੇਲੇ ਮੈਥੋਂ ਰੰਧਾਵੇ ਦੀਆਂ ਕਿਤਾਬਾਂ ਲੈਂਦਿਆਂ ਆਖਿਆ ਸੀ, "ਇਹ ਕਹਾਣੀਆਂ ਨਹੀਂ ਤੂੰ ਸਾਡਾ ਗੁਆਚਾ ਵਿਰਸਾ ਮੋੜ ਚੱਲਿਆ ਏਂ!"



Academy of the Punjab in North America: http://www.apnaorg.com

ਮੈਂ ਤੁਰੰਤ ਅਫ਼ਜ਼ਲ ਅਹਿਸਨ ਨੂੰ ਪਾਕਿਸਤਾਨ ਖ਼ਤ ਘੱਲਿਆ। ਉਹਨੀਂ ਦਿਨੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਲਹੌਰ ਜਾਣ ਲਈ 'ਸਮਝੌਤਾ ਐਕਸਪ੍ਰੈਸ' ਨਵੀਂ ਨਵੀਂ ਸ਼ੁਰੂ ਹੋਈ ਸੀ। ਰੋਜ਼ਾਨਾ ਸੈਂਕੜੇ ਯਾਤਰੂ ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਉਸ ਗੱਡੀ ਰਾਹੀਂ ਪਾਕਿਸਤਾਨ ਜਾਂਦੇ ਤੇ ਇਵੇਂ ਹੀ ਸ਼ਾਮ ਨੂੰ ਉਹ ਗੱਡੀ ਕਈ ਪਾਕਿਸਤਾਨੀਆਂ ਨੂੰ ਹਿੰਦੁਸਤਾਨ ਪਹੁੰਚਾ ਜਾਂਦੀ। ਇਸ ਗੱਡੀ ਨੇ ਮੇਰਾ ਕੰਮ ਬੜਾ ਸੌਖਾ ਕੀਤਾ ਹੋਇਆ ਸੀ। ਸਟੇਸ਼ਨ ਤੇ ਜਾਣਾ—ਹਰੇ ਰੰਗ ਦੀ ਗੱਡੀ ਦੂਰੋਂ ਹੀ ਲੱਭ ਜਾਣੀ। ਕਿਸੇ ਪੜ੍ਹੇ-ਲਿਖੇ ਸੱਜਣ ਦੇ ਹਵਾਲੇ ਕੁਝ ਖ਼ਤ ਕਰ ਦੇਣੇ, ਜੋ ਉਸ ਲਹੌਰ ਜਾ ਕੇ ਪੋਸਟ ਕਰ ਦੇਣੇ ਤੇ ਅਗਲੇ ਦਿਨ ਉਹ ਮੇਰੇ ਮਿੱਤਰਾਂ ਨੂੰ ਮਿਲ ਜਾਣੇ। ਪਾਕਿਸਤਾਨੀ ਟਿਕਟਾਂ ਹੋਣੀਆਂ ਤੇ ਲਾ ਦੇਣੀਆਂ ਨਹੀਂ ਤੇ ਬੇਰੰਗ ਹੀ ਸਹੀ। ਇਵੇਂ ਹੀ ਉਧਰੋਂ ਤੀਜੇ ਚੌਥੇ ਦਿਨ ਜੁਆਬ ਮੁੜ ਆਉਣਾ। 'ਹਿੰਗ ਲੱਗੇ ਨਾ ਫਟਕੜੀ ਤੇ ਰੰਗ ਵੀ ਚੋਖਾ।' ਉਂਞ ਤਾਂ ਟਿਕਟਾਂ ਵੀ ਬਹੁਤੀਆਂ ਲੱਗਦੀਆਂ ਸੀ ਹਵਾਈ ਡਾਕ ਰਾਹੀਂ। ਫੇਰ ਚਿੱਠੀ ਪਹਿਲਾਂ ਅੰਮ੍ਰਿਤਸਰੋਂ ਦਿੱਲੀ ਜਾਣੀ, ਫਿਰ ਦਿੱਲੀਓਂ ਸੈਂਸਰ ਹੋ ਕੇ ਕਰਾਚੀ ਤੇ ਫਿਰ ਕਰਾਚੀਓਂ ਰੁਲਦੀ ਖੁਲਦੀ ਲਹੌਰ। 60-70 ਕਿਲੋਮੀਟਰ ਦਾ ਸਫ਼ਰ ਤੈਅ ਕਰਦਿਆਂ 16-17 ਦਿਨ ਸਹਿਜੇ ਹੀ ਲੱਗ ਜਾਣੇ। ਸੋ ਇਹ ਸੌਖਾ ਢੰਗ ਸੀ 'ਸਮਝੌਤਾ ਐਕਸਪ੍ਰੈਸ'।

ਰੰਧਾਵਾ ਸਾਹਿਬ ਨੂੰ ਜਦ ਇਹ ਖ਼ਬਰ ਮਿਲੀ ਕਿ ਉਹਨਾਂ ਦੇ ਚਾਚੇ ਦਾ ਗੁਆਚਾ ਹੋਇਆ ਟੱਬਰ ਲੱਭ ਪਿਐ ਤਾਂ ਉਹਨਾਂ ਦੀ ਖ਼ੁਸ਼ੀ ਦਾ ਵੀ ਕੋਈ ਅੰਤ ਨਾ ਰਿਹਾ। ਉਹਨਾਂ ਤੁਰੰਤ ਖ਼ਤ ਦੇ ਜੁਆਬ 'ਚ ਲਿਖਿਆ ਕਿ ਮੈਂ ਉਹਨਾਂ ਦੇ ਚਾਚੇ ਦੀਆਂ ਤਸਵੀਰਾਂ ਘੱਲਾਂ, ਆਵਾਜ਼ ਟੇਪ ਕਰ ਕੇ ਘੱਲਾਂ, ਉਹਨਾਂ ਦੀਆਂ ਯਾਦਾਂ ਨੂੰ ਪੁਨਰ ਸੁਰਜੀਤ ਕਰਾਂ। ਤੇ ਮੈਂ ਇਵੇਂ ਹੀ ਕਰਦਾ ਰਿਹਾ। ਥੋੜ੍ਹੇ ਅਰਸੇ ਵਿਚ ਹੀ ਅਸੀਂ ਕਿੰਨੇ ਸਾਰੇ ਖ਼ਤ ਵਟਾਏ। ਇੱਕ ਦਿਨ ਤੈਅ ਹੋਇਆ ਕਿ ਵਾਘਾ ਬਾਰਡਰ ਉੱਤੇ ਸ਼ਾਮ ਨੂੰ ਝੰਡਾ ਉਤਾਰਨ ਦੀ ਰਸਮ ਹੁੰਦੀ ਹੈ, ਉਸ ਫ਼ੌਜੀ ਰਸਮ ਦੀ ਠਾਠ-ਬਾਠ ਵੇਖਣ ਦੋਹਾਂ ਮੁਲਕਾਂ ਦੇ ਲੋਕ ਵਾਘੇ ਪਹੁੰਚਦੇ ਨੇ, ਸੋ ਉਥੇ ਪੁੱਜ ਕੇ ਆਹਮੋ-ਸਾਹਮਣੇ ਮਿਲਿਆ ਜਾਵੇ। ਮੈਂ ਚਾਚਾ ਟਹਿਲ ਸਿੰਘ ਰੰਧਾਵਾ, ਉਹਨਾਂ ਦੇ ਸਪੁੱਤਰ ਕਿਰਪਾਲ ਸਿੰਘ ਰੰਧਾਵਾ, ਪੋਤਰੇ ਤੀਰਥ ਸਿੰਘ ਤੇ ਸੁਲੱਖਣ ਸਿੰਘ ਐਡਵੋਕੇਟ ਨੂੰ ਨਾਲ ਲੈ ਵਾਘੇ ਜਾ ਪਹੁੰਚਾ। ਉਧਰ ਅਫ਼ਜ਼ਲ ਹੁਰੀਂ ਵੀ ਆਪਣੇ ਵੱਡੇ ਭਰਾ ਅਸਲਮ ਅਤੇ ਅੱਬਾ ਚੌਧਰੀ ਸਰਫ਼ਰਾਜ਼ ਖ਼ਾਂ ਰੰਧਾਵਾ ਸੰਗ ਆ ਪਹੁੰਚੇ।

ਦੂਰ ਪੱਛਮੀ ਪੰਜਾਬ ਦੇ ਖੇਤਾਂ 'ਚ ਸਰਕੰਡਿਆਂ ਓਹਲੇ ਸ਼ਾਮ ਦਾ ਸੂਰਜ ਢਲ ਰਿਹਾ ਸੀ। ਦੂਰੋਂ ਦੂਰੋਂ ਆਏ ਲੋਕ ਫ਼ੌਜੀ ਪਰੇਡ ਵੇਖਣ ਲਈ ਬਾਰਡਰ ਵੱਲ ਵਧ ਰਹੇ ਸਨ। ਉਹਨਾਂ ਵਿਚ ਢਿਲੇ ਕਦਮੀਂ ਤੁਰਦੇ ਬਜ਼ੁਰਗ ਟਹਿਲ ਸਿੰਘ ਤੇ ਉਹਨਾਂ ਦਾ ਪਰਿਵਾਰ ਜਿਵੇਂ ਆਪਣੀਆਂ ਅੱਖਾਂ ਦੀ ਗੁਆਚੀ ਹੋਈ ਰੁਸ਼ਨਾਈ ਭਾਲਣ ਜਾ ਰਿਹਾ ਸੀ। ਨੋ ਮੈਨਜ਼ ਲੈਂਡ ਤੋਂ ਪਹਿਲਾਂ ਤਕਰੀਬਨ ਇਕ ਕਿਲੋਮੀਟਰ ਦਾ ਟੋਟਾ ਪੈਦਲ ਤੁਰ ਕੇ ਜਾਣਾ ਪੈਂਦਾ ਸੀ, ਜਿਸ ਤੇ ਵਾਹੋ ਦਾਹੀ ਅਸੀਂ ਵਧਦੇ ਜਾ ਰਹੇ ਸਾਂ। ਸਾਡੇ ਪਹੁੰਚਦੇ ਪਹੁੰਚਦੇ ਉਸ ਗੇਟ ਤੋਂ ਉਰਾਂਹ ਕਾਫ਼ੀ ਭੀੜ ਜਮ੍ਹਾਂ ਹੋ ਚੁੱਕੀ ਸੀ, ਜਿਸ ਉੱਪਰ 'ਭਾਰਤ' ਹਿੰਦੀ ਵਿਚ ਤੇ ਅੰਗਰੇਜ਼ੀ 'ਚ INDIA ਉੱਕਰਿਆ ਹੋਇਆ ਸੀ। ਸਾਹਮਣੇ ਪਾਸੇ ਕੁਝ ਕਦਮਾਂ ਦੀ

ਵਿੱਥ ਤੇ ਹਰੇ ਰੰਗ ਦਾ ਇਕ ਹੋਰ ਲੋਹੇ ਦਾ ਗੇਟ ਸੀ, ਜਿਸ ਉੱਪਰ ਉਰਦੂ ਤੇ ਅੰਗਰੇਜ਼ੀ ਵਿਚ 'ਪਾਕਿਸਤਾਨ' ਉਕਰਿਆ ਹੋਇਆ ਸੀ। ਉਸ ਤੋਂ ਰਤਾ ਵਿੱਥ ਤੇ ਪਾਕਿਸਤਾਨੀ ਲੋਕ ਚੋਖੀ ਗਿਣਤੀ ਵਿਚ ਖੜੇ ਸਨ।

ਰੋਜ਼ਮਰ੍ਹਾ ਵਾਂਙ ਫ਼ੌਜੀ ਜਵਾਨਾਂ ਨੇ ਆਪਣੇ ਕਮਾਂਡਰ ਦੀ ਆਵਾਜ਼ ਤੇ ਲਾਈਨ 'ਚ ਲੱਗ ਕੇ ਪਹਿਲਾਂ ਆਪਣੀਆਂ ਬੰਦੂਕਾਂ ਸੰਭਾਲੀਆਂ ਤੇ ਫਿਰ ਸਵਾ ਛੇ-ਛੇ ਫੁੱਟੇ ਜਵਾਨ ਆਪਣੀ ਅੱਡੀ ਦੀ ਧਮਕ ਨਾਲ ਭੋਇੰ ਹਿਲਾਉਂਦੇ ਪਰੇਡ ਕਰਨ ਲੱਗੇ। ਨਿਸ਼ਚਿਤ ਸਮੇਂ ਮੁਜਬ ਜਦ ਸੂਰਜ ਅਸਤ ਹੋ ਰਿਹਾ ਸੀ, ਦੋਹਾਂ ਮੁਲਕਾਂ ਦੇ ਝੰਡੇ ਦੋ ਦੋ ਜੁਆਨਾਂ ਰਾਹੀਂ ਬੜੇ ਸਲੀਕੇ ਨਾਲ, ਬਿਗਲ ਦੀ ਮਧੁਰ ਪਰ ਤਿਖੇਰੀ ਧੁਨ ਤੇ ਹੇਠਾਂ ਵੱਲ ਨੂੰ ਸਰਕਾਏ ਜਾ ਰਹੇ ਸਨ। ਭਾਰਤੀ ਝੰਡੇ ਦੀ ਸੂਤਰੀ ਰੱਸੀ ਫੜੀ ਜਵਾਨ, ਪਾਕਿਸਤਾਨ ਦੀ ਹੱਦ ਵਿਚ ਦਾਖ਼ਲ ਹੋ ਗਿਆ ਸੀ ਤੇ ਪਾਕਿਸਤਾਨੀ ਝੰਡੇ ਦੀ ਰੱਸੀ ਫੜੀ ਜੁਆਨ, ਭਾਰਤੀ ਹੱਦ ਵਿਚ। ਦੋਹਾਂ ਦੇ ਹੱਥਾਂ ਵਿਚ ਫੜੀਆਂ ਰੱਸੀਆਂ ਇਕ ਦੂਜੀ ਕੋਲੋਂ ਲੰਘਦੀਆਂ X ਦਾ ਨਿਸ਼ਾਨ ਬਣਾ ਰਹੀਆਂ ਸਨ। ਬਿਗਲ ਦੀ ਨਿਰੰਤਰ ਸੁਰ ਨਾਲ ਸਰਕਦਿਆਂ, ਬੜੇ ਤਾਲ ਵਿਚ ਮਟਕਦੇ ਦੋਵੇਂ ਮੁਲਕਾਂ ਦੇ ਝੰਡੇ ਜਦ ਇਕ ਦੂਜੇ ਕੋਲੋਂ ਖਹਿ ਕੇ ਲੰਘੇ ਤਾਂ ਇਉਂ ਜਾਪਦਾ ਸੀ ਜਿਵੇਂ ਦੋਹਾਂ ਮੁਲਕਾਂ ਦੇ ਲੋਕਾਂ ਵਾਂਙ ਉਹ ਵੀ ਗਲ ਲੱਗਣ ਨੂੰ ਤਰਸ ਰਹੇ ਹੋਣ। ਰਤਾ ਕੁ ਹਵਾ ਦੇ ਬੁੱਲ੍ਹੇ ਨਾਲ ਲਹਿਰਾ ਕੇ ਜਦੋਂ ਚੰਨ ਤਾਰੇ ਵਾਲਾ ਹਰਾ ਚਿੱਟਾ ਝੰਡਾ, ਤਿਰੰਗੇ ਦੇ ਅਗਲੇ ਸਿਰੇ ਤੇ ਛੋਹਿਆ ਤਾਂ ਉਹ ਮਖ਼ਮਲੀ ਛੁਹ ਜਿਵੇਂ ਮੇਰੇ ਰੋਮ ਰੋਮ 'ਚ ਵੱਸ ਗਈ। ਉਸ ਵੇਲੇ ਬਾਰਡਰ ਉਪਰ ਕੈਮਰੇ ਨਾਲ ਫ਼ੋਟੋ ਖਿੱਚਣ ਦੀ ਮਨਾਹੀ ਸੀ ਪਰ ਮੈਂ ਆਪਣੀਆਂ ਅੱਖਾਂ ਰਾਹੀਂ ਜੋ ਤਸਵੀਰ ਆਪਣੇ ਮਨ ਵਿਚ ਉਤਾਰ ਲਈ ਸੀ, ਉਸ ਨੂੰ ਮੈਥੋਂ ਕੌਣ ਖੋਹ ਸਕਦਾ ਸੀ!

ਰਸਮ ਪੂਰਤੀ ਉਪਰੰਤ ਦੋਵਾਂ ਮੁਲਕਾਂ ਦੇ ਗੇਟ ਤਾਂ ਭਾਵੇਂ ਬੰਦ ਕਰ ਦਿੱਤੇ ਜਾਂਦੇ ਨੇ ਪਰ ਗੇਟਾਂ ਤੋਂ ਸੌ ਕੁ ਗਜ਼ ਦੀ ਵਿੱਥ ਤੇ ਖੜੇ ਲੋਕਾਂ ਨੂੰ ਗੇਟ ਦੇ ਕੋਲ ਆਉਣ ਦੀ ਇਜਾਜ਼ਤ ਹੁੰਦੀ ਏ, ਕੁਝ ਪਲਾਂ ਲਈ। ਦੋਹਾਂ ਮੁਲਕਾਂ ਦੇ ਬਾਸ਼ਿੰਦੇ ਧਾਹ ਕੇ ਆਪੋ ਆਪਣੇ ਗੇਟਾਂ ਕੋਲ ਪਹੁੰਚ ਗਏ ਸਨ। ਵਿਚਕਾਰ 'ਨੋ-ਮੈਨਜ਼ ਲੈਂਡ' ਦੀ ਵਿੱਥ ਸੀ, ਮਸਾਂ ਹੀ ਦੋ ਕਦਮਾਂ ਦੀ ਵਿੱਥ। ਤੇ ਦਿਲਾਂ ਵਿਚ ਦੂਰੀ ਏਨੀ ਕਿ ਸਾਹਮਣੇ ਖੜੇ ਬੰਦਿਆਂ ਨੂੰ ਹੱਥ ਹਿਲਾਉਣ ਤੇ ਸ਼ੁਭ ਇਛਾਵਾਂ ਵਟਾਉਣ ਦੀ ਇਜਾਜ਼ਤ ਨਹੀਂ ਸੀ। ਇਕ ਪਾਸੇ ਅਫ਼ਜ਼ਲ ਰੰਧਾਵੇ ਹੁਰਾਂ ਦਾ ਟੱਬਰ ਖੜਾ ਸੀ ਤੇ ਦੂਜੇ ਪਾਸੇ ਟਹਿਲ ਸਿੰਘ ਰੰਧਾਵੇ ਹੁਰਾਂ ਦਾ। ਚੌਧਰੀ ਸ਼ਰਫ਼ਰਾਜ਼ ਤੇ ਟਹਿਲ ਸਿੰਘ ਦੇ ਨੈਣ ਗਡਾ-ਗਡ ਹੋਏ ਪਏ ਸਨ। ਇਕ ਪਾਸੇ ਤੇ ਦੂਜੇ ਪਾਸੇ ਛੇ ਫੁੱਟ ਦੋ ਇੰਚ ਲੰਮਾ ਜੁਆਨ ਅਫ਼ਜ਼ਲ ਆਪਣੇ ਹੀ ਜਿੱਡੇ ਜੁਆਨ ਪਾਲੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਰੋਈ ਜਾ ਰਿਹਾ ਸੀ। ਪਤਾ ਨਹੀਂ ਕਿਸ ਕਿਸ ਨੇ ਉਹਨਾਂ ਦੀਆਂ ਬੱਗੀਆਂ ਦਾਹੜੀਆਂ 'ਚ ਹੰਝੂ ਜੀਰਦੇ ਵੇਖੇ ਹੋਣਗੇ ਤੇ ਕੌਣ ਕੌਣ ਉਹਨਾਂ ਦੇ ਦਿਲਾਂ 'ਚੋਂ ਉਠਦੀ ਮੂਕ ਹੂਕ ਨੂੰ ਸੁਣ ਸਕਿਆ ਹੋਵੇਗਾ ਪਰ ਮੈਨੂੰ ਪ੍ਰੋ. ਪੂਰਨ ਸਿੰਘ ਦੀਆਂ ਉਹ ਸਤਰਾਂ ਉਸ ਵੇਲੇ ਦਾ ਸਭ ਤੋਂ ਵੱਡਾ ਸੱਚ ਜਾਪ ਰਹੀਆਂ ਸਨ ਕਿ :

*ਮੁੜ ਮੁੜ ਜੀ ਮੇਰਾ ਲੋਚੇ ਪਸ਼ੂ ਥੀਣ ਨੂੰ*
*ਮੈਂ ਆਦਮੀ ਬਣ ਬਣ ਥੱਕਿਆ।*



ਸਾਥੋਂ ਕਿਤੇ ਚੰਗੇ ਸਨ ਉਹ ਜਨੌਰ ਜਿਹੜੇ ਹਜ਼ਾਰਾਂ ਰੰਧਾਵਿਆਂ ਦੀਆਂ ਚੀਸਾਂ ਆਪਣੇ ਪਰਾਂ 'ਚ ਸਮੇਟ ਕੇ ਸਰਹੱਦ ਦੇ ਦੋਹੀਂ ਬੰਨੀਂ ਬੇਖ਼ੌਫ਼ ਉਡਾਣਾਂ ਭਰ ਰਹੇ ਸਨ। ਸਮਾਂ ਹੁੰਦਾ ਈ ਕਿੰਨਾ ਕੁ ਏ ਉਥੇ ਖਲੋਣ ਲਈ, ਚਾਰ ਜਾਂ ਪੰਜ ਮਿੰਟ। ਤੇ ਚਾਰ ਦਹਾਕੇ ਪਹਿਲਾਂ ਵਿੱਛੜਿਆਂ ਲਈ ਉਹ ਸਮਾਂ ਕੀ ਮਾਅਨੇ ਰੱਖਦਾ ਸੀ। ਉਹਨਾਂ ਤਾਂ ਮਸਾਂ ਝੁਰੜੀਆਂ ਭਰੇ ਚਿਹਰਿਆਂ, ਧੌਲੇ ਵਾਲਾਂ ਤੇ ਹੰਝੂ ਭਿੱਜੀਆਂ ਅੱਖਾਂ ਨਾਲ ਨਕਸ਼ ਹੀ ਪਛਾਣੇ ਹੋਣਗੇ ਉਨੇ ਚਿਰ ਵਿਚ ਕਿ ਗੇਟ ਤੋਂ ਪਿਛਾਂਹ ਹਟਣ ਦਾ ਹੁਕਮ ਹੋ ਗਿਆ। ਬਾਪੂ ਟਹਿਲ ਸਿੰਘ ਤਾਂ ਖ਼ੌਰੇ ਡਿੱਗ ਹੀ ਪੈਂਦਾ ਜੇ ਅਸੀਂ ਮੌਕੇ ਤੇ ਨਾ ਸੰਭਾਲਦੇ। ਉਧਰ ਚੌਧਰੀ ਸਰਫ਼ਰਾਜ਼ ਦਾ ਸ਼ਮਲਾ ਵੀ ਝੌਂਇਆ ਹੋਇਆ ਨਜ਼ਰੀਂ ਪੈਂਦਾ ਸੀ ਮੁੜਦੇ ਪੈਰੀਂ, ਪਰ ਕਿਸੇ ਦੇ ਵੱਸ ਕੁਝ ਨਹੀਂ ਸੀ।

ਇਸ ਉਪਰੰਤ ਦੋਹਾਂ ਧਿਰਾਂ ਨੇ ਬੜਾ ਯਤਨ ਕੀਤਾ ਕਿ ਕੋਈ ਮਿਲਣ ਦਾ ਸਬੱਬ ਬਣੇ ਪਰ ਵਿਦੇਸ਼ੀਆਂ ਲਈ ਤਾਂ ਉਹਨੀਂ ਦਿਨੀਂ ਪੰਜਾਬ ਵਿਚ ਦਾਖ਼ਲੇ ਦੀ ਵੀ ਮਨਾਹੀ ਸੀ। ਕਿਸੇ ਤਰ੍ਹਾਂ ਬਾਪੂ ਟਹਿਲ ਸਿੰਘ ਤੇ ਕਿਰਪਾਲ ਸਿੰਘ ਵੀਜ਼ਾ ਲੁਆ ਕੇ ਗੁਰਧਾਮਾਂ ਦੀ ਯਾਤਰਾ ਵਾਲੇ ਜਥੇ ਨਾਲ ਪਾਕਿਸਤਾਨ ਜਾ ਪਹੁੰਚੇ। ਅਫ਼ਜ਼ਲ ਹੁਰਾਂ ਲਾਹੌਰ ਵਿਖੇ ਖ਼ੂਬ ਟਹਿਲ ਸੇਵਾ ਕੀਤੀ। ਨਾਲੇ ਇਹ ਵੀ ਦੱਸਿਆ ਕਿ ਅੱਬਾ ਜੀ ਤਾਂ ਉਸ ਦਿਨ ਵਾਘੇ ਤੋਂ ਪਰਤ ਕੇ ਐਸੇ ਢੱਠੇ ਨੇ ਕਿ ਹੁਣ ਮੰਜੇ ਤੋਂ ਉੱਠਣਾ ਵੀ ਮੁਹਾਲ ਹੋਇਆ ਪਿਐ। ਉਹ ਅਸਲਮ (ਅਫ਼ਜ਼ਲ ਦਾ ਵੱਡਾ ਭਰਾ, ਜੋ ਉਦੋਂ ਪਾਕਿਸਤਾਨ ਅਸੈਂਬਲੀ ਦਾ ਮੈਂਬਰ ਸੀ ਤੇ ਇਸ ਤੋਂ ਪਹਿਲਾਂ ਅਫ਼ਜ਼ਲ ਵੀ ਅਸੈਂਬਲੀ ਮੈਂਬਰ ਰਹਿ ਚੁੱਕਾ ਸੀ) ਹੁਰਾਂ ਨੂੰ ਆਖਦੇ ਨੇ—'ਕਾਹਦੀ ਹਕੂਮਤ ਹੈ ਤੁਹਾਡੀ, ਮੈਂ ਆਪਣੇ ਭਰਾ ਨੂੰ ਸੀਨੇ ਨਾਲ ਵੀ ਨਾ ਲਾ ਸਕਿਆ।' ਇਧਰ ਹਾਲਤ ਤਾਂ ਟਹਿਲ ਸਿੰਘ ਦੀ ਵੀ ਇਸ ਤੋਂ ਵੱਖਰੀ ਨਹੀਂ ਸੀ ਪਰ ਹਕੂਮਤ ਦੀਆਂ ਪਾਬੰਦੀਆਂ ਕਿ ਉਹ ਲਹੌਰ ਜਾ ਕੇ ਵੀ ਉਥੋਂ ਕੁਝ ਮੀਲਾਂ ਦੀ ਵਿੱਥ ਤੇ ਵੱਸਦੇ ਆਪਣੇ ਪਿੰਡ ਕਿਆਮਪੁਰ ਤਕ ਨਹੀਂ ਸਨ ਜਾ ਸਕਦੇ। ਸਾਰੀਆਂ ਹਸਰਤਾਂ ਮਨ 'ਚ ਹੀ ਸਮੇਟ ਕੇ ਉਹ ਵਾਪਸ ਪਰਤ ਆਏ। ਯਾਤਰਾ ਤੇ ਜਾ ਕੇ ਵੀ ਉਹਨਾਂ ਦੀ ਯਾਤਰਾ ਅਧੂਰੀ ਰਹੀ।

ਕੁਝ ਦਿਨਾਂ ਬਾਅਦ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਆਯੋਜਿਤ ਕਹਾਣੀ ਦਰਬਾਰ ਵਿਚ ਭਾਗ ਲੈਣ ਲਈ ਅਫ਼ਜ਼ਲ—ਅਜੀਤ ਕੌਰ ਦੇ ਸੱਦੇ ਤੇ ਦਿੱਲੀ ਆ ਪਹੁੰਚਾ। ਕਿਰਪਾਲ ਸਿੰਘ ਰੰਧਾਵਾ ਤਾਂ ਆਪਣੇ ਬਹਿਨੋਈ ਸਮੇਤ ਉਹਨੂੰ ਮਿਲਣ ਦਿੱਲੀ ਪਹੁੰਚ ਗਿਆ ਪਰ ਟਹਿਲ ਸਿੰਘ ਨਾ ਜਾ ਸਕਿਆ। ਲਹੌਰੋਂ ਪਰਤ ਕੇ ਉਹ ਵੀ ਆਪਣੇ ਭਰਾ ਨੂੰ ਨਾ ਮਿਲ ਸਕਣ ਦੇ ਗ਼ਮ ਵਿਚ ਨਿਢਾਲ ਹੋ ਗਿਆ ਸੀ। ਡਾਕਟਰਾਂ ਨੇ ਉਹਨੂੰ ਪੂਰਨ ਆਰਾਮ ਕਰਨ ਲਈ ਹਦਾਇਤ ਦਿੱਤੀ ਹੋਈ ਸੀ ਤੇ ਉਧਰ ਅਫ਼ਜ਼ਲ ਬੜੇ ਯਤਨਾਂ ਦੇ ਬਾਵਜੂਦ ਵੀ ਪੰਜਾਬ ਦਾ ਵੀਜ਼ਾ ਹਾਸਲ ਨਹੀਂ ਸੀ ਕਰ ਸਕਿਆ। ਕਹਾਣੀ ਦਰਬਾਰ 'ਚ ਹਿੱਸਾ ਲੈਣ ਆਇਆ ਅਫ਼ਜ਼ਲ ਆਪਣੇ ਚਾਹੇ ਨਾਲ ਪਾਉਣ ਵਾਲੀਆਂ ਕਿੰਨੀਆਂ ਹੀ ਬਾਤਾਂ ਅਧੂਰੀਆਂ ਲੈ ਕੇ ਵਾਪਸ ਪਰਤ ਗਿਆ ਸੀ।

ਫਿਰ ਅਚਾਨਕ ਸਰਹੱਦ ਚੀਰ ਕੇ ਇਕ ਖ਼ਬਰ ਆਈ—'ਅੱਬਾ ਜੀ ਨਹੀਂ ਰਹੇ!' ਇਹ ਸਤਰ ਅਫ਼ਜ਼ਲ ਦੇ ਹੱਥ ਦੀ ਲਿਖੀ ਹੋਈ ਸੀ ਪਰ ਜਿਵੇਂ ਸੱਚ ਨਾ ਆਵੇ। ਚੌਧਰੀ

Academy of the Punjab in North America: http://www.apnaorg.com

ਮੁਹੰਮਦ ਸਰਫ਼ਰਾਜ਼ ਖ਼ਾਂ ਰੰਧਾਵਾ, ਜਿਹੜਾ ਕਈ ਵਰ੍ਹੇ ਅੰਮ੍ਰਿਤਸਰ ਵਿਚ ਠਾਣੇਦਾਰੀ ਕਰਦਾ ਰਿਹਾ ਸੀ, ਜਿਦ੍ਹਾ ਹੁਕਮ ਗਲੀ-ਗਲੀ, ਬਜ਼ਾਰ-ਬਜ਼ਾਰ ਚੱਲਦਾ ਹੁੰਦਾ ਸੀ, ਉਹ ਉਹਨਾਂ ਗਲੀਆਂ ਤੇ ਬਜ਼ਾਰਾਂ ਵਿਚ ਮੁੜ ਕਦਮ ਰੱਖਣ ਦੀ ਹਸਰਤ ਲੈ ਕੇ ਹੀ ਚੱਲ ਵਸਿਆ। ਉਹਦੀਆਂ ਸਗਲੀਆਂ ਸੱਧਰਾਂ ਉਹਦੇ ਨਾਲ ਹੀ ਦਫ਼ਨਾ ਦਿੱਤੀਆਂ ਗਈਆਂ ਹੋਣਗੀਆਂ। ਖ਼ਾਸ ਕਰ ਇਕ ਵਾਰ ਆਪਣੇ ਭਰਾ ਟਹਿਲ ਸਿੰਘ ਨੂੰ ਹਿੱਕ ਨਾਲ ਲਾਉਣ ਦੀ ਰੀਝ। ਟਹਿਲ ਸਿੰਘ ਰੰਧਾਵਾ ਇਹ ਖ਼ਬਰ ਸੁਣ ਕੇ ਫੁੱਟ ਫੁੱਟ ਰੋਇਆ। ਘੜੀਓਂ ਪਹਿਲਾਂ ਉਹ ਉੱਡ ਕੇ ਕਿਆਮਪੁਰ ਪਹੁੰਚ ਜਾਣਾ ਚਾਹੁੰਦਾ ਸੀ, ਆਪਣੇ ਭਤੀਜਿਆਂ ਦੇ ਸਿਰ ਤੇ ਛਾਂ ਬਣ ਕੇ ਫੈਲਣਾ ਚਾਹੁੰਦਾ ਸੀ, ਆਪਣੇ ਭਰਾ ਦੇ ਜਨਾਜ਼ੇ 'ਚ ਸ਼ਰੀਕ ਹੋਣਾ ਚਾਹੁੰਦਾ ਸੀ ਪਰ ਇਹ ਸਭ ਸੰਭਵ ਕਿਵੇਂ ਹੁੰਦਾ। ਕਿਸੇ ਕਿਹਾ, "ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਹੈ, ਲਹੌਰ ਉਹਦੀ ਸਮਾਧ ਦੀ ਇਆਦਤ ਲਈ ਜਥਾ ਜਾ ਰਿਹੈ—ਨਾਲ ਚਲੇ ਜਾਓ।" "ਪਰ ਉਹਨਾਂ ਮੈਨੂੰ ਮੇਰੇ ਭਰਾ ਦੀ ਸਮਾਧ ਤੇ ਤਾਂ ਨਹੀਂ ਨਾ ਜਾਣ ਦੇਣਾ! ਫਿਰ ਮੈਨੂੰ ਇਸ ਜਥੇ ਦੇ ਕੀ ਭਾਗ!" ਕਹਿ ਕੇ ਟਹਿਲ ਸਿੰਘ ਫਿਰ ਫਿਸ ਪਿਆ ਸੀ। ਉਮਰ ਦੇ ਇਹ ਆਖ਼ਰੀ ਵਰ੍ਹੇ ਪੂਰੀ ਸਦੀ ਨੂੰ ਨਾਪ ਤੋਲ ਚੁੱਕੀਆਂ ਅੱਖਾਂ...ਤੇ ਵਿਚ ਹੰਝੂਆਂ ਦੀ ਝੜੀ...ਮੈਥੋਂ ਇਹ ਸਭ ਦੇਖਿਆ ਨਹੀਂ ਸੀ ਜਾਂਦਾ। ਜੀਅ ਕਰੇ ਸਭ ਮੁਲਕਾਂ ਦੇ ਹੱਦਾਂ-ਬੰਨੇ ਤੋੜ ਦਿਆਂ...ਸਾਰੀ ਧਰਤ ਤੇ ਵੱਸਦੀ ਲੋਕਾਈ ਇਕ ਹੋ ਜਾਵੇ। ਸਭ ਬੰਦਸ਼ਾਂ ਮੁੱਕ ਜਾਣ ਪਰ ਇਹ ਕੁਝ ਵੀ ਨਾ ਵਾਪਰਿਆ। ਚੌਧਰੀ ਸਰਫ਼ਰਾਜ਼ ਖ਼ਾਂ ਦੀ ਹਿੱਕ ਵਿਚਲੇ ਸੁਪਨਿਆਂ ਵਾਂਙ ਅਨੇਕ ਸੁਪਨੇ ਟਹਿਲ ਸਿੰਘ ਦੀਆਂ ਅੱਖਾਂ 'ਚ ਦਮ ਤੋੜ ਗਏ।

ਇਹ ਸਤਰਾਂ ਲਿਖਣ ਤਕ ਬਾਪੂ ਨਰੈਣ ਸਿੰਘ ਵੀ ਜਿਉਂਦਾ ਜਾਗਦਾ ਏ, ਜਿਸਦੀ ਉਮਰ ਹੁਣ 96 ਵਰ੍ਹਿਆਂ ਦੇ ਆਸ ਪਾਸ ਏ ਤੇ ਉਸ ਤੋਂ ਦਸ ਵਰ੍ਹੇ ਵੱਡਾ ਉਹਦਾ ਭਰਾਤਾ ਟਹਿਲ ਸਿੰਘ ਵੀ, ਜੋ ਇਕ ਸਦੀ ਦੀ ਅਉਧ ਹੰਢਾ ਚੁੱਕਾ ਏ, ਜਿਸ ਨੂੰ ਆਪਣੀ ਕਹਾਣੀ 'ਗੁਆਚੀ ਹੋਈ ਖ਼ੁਸ਼ਬੂ' ਵਿਚ ਅਫ਼ਜ਼ਲ ਅਹਿਸਨ ਨੇ ਮੁਖ਼ਾਤਿਬ ਹੋ ਕੇ ਆਖਿਆ ਸੀ— "ਚਾਚਾ! ਤੂੰ ਠੀਕ ਆਖਦਾ ਹੁੰਦਾ ਸੈਂ—'ਅਸੀਂ ਸਾਰੇ ਹੀ ਕਹਾਣੀਆਂ ਹਾਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ!' ਵੇਖ ਲੈ ਮੈਨੂੰ ਤੇਰੀ ਕਹਾਣੀ ਯਾਦ ਏ ਤੇ ਮੈਂ ਇਹਨੂੰ ਕਿਸੇ ਦਿਨ ਲਿਖਾਂਗਾ ਵੀ।" ਦੇਸ਼-ਵੰਡ ਵੇਲੇ ਗੁਆਚੀ ਰਿਸ਼ਤਿਆਂ ਦੀ ਮਹਿਕ ਨੂੰ ਆਪਣੀ ਕਹਾਣੀ ਵਿਚ ਸਮੇਟ ਕੇ ਵੀ ਅਫ਼ਜ਼ਲ ਨੂੰ ਇਹੋ ਜਾਪਿਆ ਕਿ ਉਹ ਖ਼ੁਸ਼ਬੂ ਨੂੰ ਪੂਰੀ ਤਰ੍ਹਾਂ ਲੱਭ ਨਹੀਂ ਸਕਿਆ।

ਚਾਚਾ ਟਹਿਲ ਸਿੰਘ ਨੂੰ ਲੱਭਣ ਉਪਰੰਤ ਮੈਨੂੰ ਜਾਪਿਆ ਸੀ ਕਿ ਮੈਂ ਉਹ ਗੁਆਚੀ ਹੋਈ ਖ਼ੁਸ਼ਬੂ ਲੱਭ ਲਈ ਏ ਪਰ ਇਹ ਵਾਕਿਆ ਲਿਖਣ ਉਪਰੰਤ ਜਾਪਿਐ ਕਿ ਇਹ ਗੁਆਚੀ ਹੋਈ ਖ਼ੁਸ਼ਬੂ ਉਦੋਂ ਤਕ ਨਹੀਂ ਲੱਭ ਸਕਦੀ ਜਦ ਤਕ ਸਾਰੀ ਧਰਤੀ 'ਨੋ-ਮੈਨਜ਼ ਲੈਂਡ' ਨਹੀਂ ਬਣ ਜਾਂਦੀ।

●

Academy of the Punjab in North America: http://www.apnaorg.com